# ਸੰਪਾਦਕੀ

'ਆਤਮ ਮਾਰਗ' ਨਿਰੰਤਰ ਤੌਰ ਤੇ ਗੁਰਬਾਣੀ ਦੇ ਮਹਾਨ ਆਸ਼ਿਆਂ ਨੂੰ ਪ੍ਰਗਟ ਕਰਦਾ ਆ ਰਿਹਾ ਹੈ। ਗੁਰਬਾਣੀ ਧੁਰ ਕੀ ਬਾਣੀ ਹੈ, ਸੱਚ ਨੂੰ ਪ੍ਰਗਟ ਕਰਦੀ ਹੈ, ਸੱਚ ਨੂੰ ਕੂੜ ਨਾਲੋਂ ਨਖੇੜਦੀ ਹੈ ਅਤੇ ਸੱਚ ਦਾ ਮਾਰਗ ਦਰਸ਼ਨ ਕਰਦੀ ਹੈ। ਇਹ ਸੱਚ ਸਰਬ ਵਿਆਪਕ ਹੈ, ਸਾਰੇ ਵਿਸ਼ਵ ਲਈ ਹੈ, ਸਰਬ ਮਨੁੱਖਤਾ ਲਈ ਹੈ। ਇਸ ਦੀਆਂ ਕੋਈ ਸੀਮਾਵਾਂ ਨਹੀਂ। ਸੱਚ ਨੂੰ ਜਾਣਨ ਲਈ ਇਸ ਨੂੰ ਹਿਰਦੇ ਵਿਚ ਧਾਰਨ ਕਰਨਾ ਹੁੰਦਾ ਹੈ, ਟਿਕਾਉਣਾ ਹੁੰਦਾ ਹੈ। ਸੱਚ ਦੇ ਧਾਰਨ ਕਰਨ ਨਾਲ ਮਨ ਤੋਂ ਮਾਇਆ ਦੇ ਕੂੜ ਦੀ ਮੈਲ ਉਤਰ ਜਾਂਦੀ ਹੈ ਅਤੇ ਮਨ ਦੇ ਨਾਲ ਸਰੀਰ ਭੀ ਸੁੰਦਰ ਹੋ ਜਾਂਦਾ ਹੈ –

***ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥***
***ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ॥***
***ਪੰਨਾ – 468***

ਸੱਚ ਨੂੰ ਕੇਵਲ ਜਾਣਨਾ ਹੀ ਕਾਫੀ ਨਹੀਂ, ਸਗੋਂ ਆਪਣੀ ਸ਼ਖਸ਼ੀਅਤ ਨੂੰ ਸੱਚੀ ਟਕਸਾਲ ਵਿਚ ਘੜਨਾ ਹੁੰਦਾ ਹੈ। ਜਪੁਜੀ ਦੀ ਅੰਤਲੀ ਪਉੜੀ ਵਿਚ ਐਸੀ ਸੱਚੀ ਟਕਸਾਲ ਦਾ ਜ਼ਿਕਰ ਹੈ –

***ਜਤੁ ਪਾਹਾਰਾ ਧੀਰਜੁ ਸੁਨਿਆਰੁ।।***
***ਅਹਰਣਿ ਮਤਿ ਵੇਦੁ ਹਥੀਆਰੁ॥***
***ਭਉ ਖਲਾ ਅਗਨਿ ਤਪ ਤਾਉ॥***
***ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ॥***
***ਘੜੀਐ ਸਬਦੁ ਸਚੀ ਟਕਸਾਲ॥***
***ਜਿਨ ਕਉ ਨਦਰਿ ਕਰਮੁ ਤਿਨ ਕਾਰ॥***
***ਨਾਨਕ ਨਦਰੀ ਨਦਰਿ ਨਿਹਾਲ॥ ਪੰਨਾ – 8***

ਅਰਥਾਤ ਜਤ, ਧੀਰਜ, ਮਤ, ਗਿਆਨ, ਭਉ ਅਤੇ ਭਾਉ ਦੀ ਮਿਲਵੀਂ ਸੱਚੀ ਟਕਸਾਲ ਵਿਚ ਗੁਰ-ਸ਼ਬਦ ਦੀ ਮੋਹਰ ਘੜੀ ਜਾਂਦੀ ਹੈ। ਭਾਵ ਇਹ ਹੈ ਕਿ ਜਿਸ ਉਚੀ ਆਤਮ ਅਵਸਥਾ ਵਿਚ ਕੋਈ ਸ਼ਬਦ ਗੁਰੂ ਨੇ ਉਚਾਰਿਆ ਹੈ, ਸਿੱਖ ਨੂੰ ਭੀ ਉਹ ਸ਼ਬਦ ਉਸੇ ਅਵਸਥਾ ਵਿਚ ਲੈ ਅਪੜਦਾ ਹੈ ਅਤੇ ਕੂੜ ਦੀ ਪਾਲਿ ਤੋੜ ਦਿੰਦਾ ਹੈ ਪਰ ਇਹ ਪ੍ਰਾਪਤੀ ਉਨ੍ਹਾਂ ਮਨੁੱਖਾਂ ਨੂੰ ਹੁੰਦੀ ਹੈ ਜਿਨ੍ਹਾਂ ਉਤੇ ਪ੍ਰਭੂ ਮਿਹਰ ਦੀ ਨਜ਼ਰ ਹੋਵੇ, ਬਖਸ਼ਿਸ਼ ਹੋਵੇ।

ਐਸੀ ਬਖਸ਼ਿਸ਼ ਪ੍ਰਾਪਤ ਮਹਾਨ ਸ਼ਖਸੀਅਤ ਵਲੋਂ ਜਦੋਂ ਗੁਰਬਾਣੀ ਦੀ ਵਿਆਖਿਆ ਹੁੰਦੀ ਹੈ ਤਾਂ ਉਸ ਵਿਆਖਿਆ ਵਿਚ ਗੁਰੂ ਦਾ ਆਸ਼ਾ ਸਹੀ ਰੂਪ ਵਿਚ ਪ੍ਰਗਟ ਹੁੰਦਾ ਹੈ। ਚੰਗੇ ਭਾਗਾਂ ਨਾਲ ਆਤਮ ਮਾਰਗ ਨੂੰ ਐਸੇ ਅਨੁਭਵੀ ਮਹਾਂਪੁਰਸ਼ਾਂ ਦੀ ਸਰਪ੍ਰਸਤੀ ਹਾਸਲ ਹੈ ਜਿਨ੍ਹਾਂ ਦਾ ਸਾਰਾ ਜੀਵਨ ਹੀ ਨਾਮ-ਬਾਣੀ ਸਿਮਰਨ-ਸੇਵਾ ਨਾਲ ਰੰਗਿਆ ਹੋਇਆ ਹੈ। ਆਪ ਜੀ ਦੇ ਹਰ ਪ੍ਰਵਚਨ ਵਿਚ, ਹਰ ਲਿਖਤ ਵਿਚ ਗੁਰਬਾਣੀ, ਸਿਮਰਨ, ਸੇਵਾ ਸਿਦਕ ਆਦਿ ਦੀ ਭਰਪੂਰ ਵਿਆਖਿਆ ਹੁੰਦੀ ਹੈ। ਇਸ ਦ੍ਰਿਸ਼ਟੀ ਤੋਂ ਆਤਮ ਮਾਰਗ ਦੇ ਜੁਲਾਈ ਅੰਕ ਵਿਚ ਪ੍ਰਾਪਤ ਕੁਝ ਲੇਖਾਂ ਨੂੰ ਹੀ ਸੰਖੇਪ ਵਿਚ ਵੇਖੀਏ। ਮਹਾਂਪੁਰਸ਼ਾਂ ਦੇ ਲੜੀਵਾਰ ਛਪਦੇ ਲੇਖ 'ਅਬਿਨਾਸ਼ੀ ਜੋਤ' ਵਿਚ ਇਹ ਸੰਕਲਪ ਸਪਸ਼ਟ ਕੀਤਾ ਗਿਆ ਹੈ ਕਿ **'ਗੁਰ ਸੇਵਾ' ਦੇ ਬਰਾਬਰ ਸੰਸਾਰ ਵਿਚ ਹੋਰ ਕੋਈ ਤਪ ਨਹੀਂ ਹੈ। ਗੁਰੂ ਘਰ ਦੇ ਅੰਦਰ ਦੋ ਚੀਜ਼ਾਂ ਪ੍ਰਧਾਨ ਨੇ, ਵਾਹਿਗੁਰੂ ਦਾ ਸਿਮਰਨ, ਗੁਰੂ ਦੀ ਸੇਵਾ, ਸੰਗਤਾਂ ਦੀ ਸੇਵਾ, ਸੰਸਾਰ ਦੀ ਸੇਵਾ। ਦੋ ਖੰਭਾਂ ਨਾਲ ਜਿਵੇਂ ਜਹਾਜ਼ ਉਡਦਾ ਹੈ ਇਸੇ ਤਰ੍ਹਾਂ ਦੋ ਚੀਜ਼ਾਂ ਹੋਣ, ਫੇਰ ਰੂਹਾਨੀਅਤ ਦਾ ਸਫਰ ਮੁਕਦਾ ਹੈ –**

***ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ॥***
***ਹਰਿ ਜੀਉ ਮਨਿ ਵਸੈ ਸਭ ਦੂਖ ਵਿਸਾਰਣਹਾਰੁ॥***
***ਪੰਨਾ – 423***

ਦਰਅਸਲ ਸੇਵਾ ਸਿਮਰਨ ਸਦਕਾ ਹੀ ਅਤੇ ਸੇਵਾ ਸਿਮਰਨ ਵਾਸਤੇ ਹੀ ਮਨੁੱਖਾ ਸਰੀਰ ਪ੍ਰਾਪਤ ਹੁੰਦਾ ਹੈ ਜੋ ਪ੍ਰਮਾਤਮਾ ਦੀ ਸਭ ਤੋਂ ਸ੍ਰੇਸ਼ਠ ਅਦਭੁੱਤ ਕਿਰਤ ਹੈ –

***ਗੁਰ ਸੇਵਾ ਤੇ ਭਗਤਿ ਕਮਾਈ॥***
***ਤਬ ਇਹ ਮਾਨਸ ਦੇਹੀ ਪਾਈ॥ ਪੰਨਾ – 1159***

ਇਹ ਇਕੋ ਲੇਖ ਹੀ ਸਾਨੂੰ ਸੇਵਾ ਸਿਮਰਨ ਦੇ ਗੁਰੂ ਦੱਸੇ ਰੂਹਾਨੀ ਮਾਰਗ ਤੇ ਪਾਉਣ ਦੇ ਸਮਰੱਥ ਹੈ।

ਸਾਰੇ ਲੇਖ ਹੀ ਕਪਾਟ ਖੋਲ੍ਹਦੇ ਹਨ, ਸਿਰਫ ਪੜ੍ਹਨ ਦੀ ਜਗਿਆਸਾ ਹੋਣੀ ਚਾਹੀਦੀ ਹੈ। ***'ਮਾਨਸ ਜਨਮ ਦੁਲੰਭੁ ਹੈ ਛਿਨ ਭੰਗੁਰ ਛਲ ਦੇਹੀ ਛਾਰਾ।' (37/7)*** ਭਾਈ ਗੁਰਦਾਸ ਜੀ ਇਸ ਪੰਕਤੀ ਵਿਚ ਮਨੁੱਖਾ ਜਨਮ ਨੂੰ ਕਿਉਂ ਦੁਰਲੱਭ ਕਿਹਾ ਹੈ ਅਤੇ ਇਹ ਛਿਨ ਭੰਗਰ ਕਿਵੇਂ ਹੈ? ਆਪਣੇ ਲੇਖ 'ਸ਼ਾਹੋਂ ਵਿਛੜਿਆ ਵਣਜਾਰਾ' ਵਿਚ ਮਹਾਂਪੁਰਸ਼ਾਂ ਨੇ ਗੁਰਬਾਣੀ ਰਾਹੀਂ, ਗੁਰ ਇਤਿਹਾਸਕ ਪ੍ਰਸੰਗਾਂ ਰਾਹੀਂ ਇਸ ਦੀ ਐਸੀ ਸੋਝੀ ਬਖਸ਼ੀ ਹੈ ਕਿ ਲੇਖ ਪੜ੍ਹਦੇ ਸਾਨੂੰ ਸੱਚਮੁੱਚ ਇਸ ਅਮੋਲਕ ਵਸਤੂ ਦੀ ਪਛਾਣ ਹੋ ਜਾਂਦੀ ਹੈ।

'ਸਾਧ ਬਚਨ ਅਟਲਾਧਾ' ਵਿਚ ਸੋਹਣਾ ਅਤੇ ਮੋਹਣਾ ਦੀ ਜੀਵਨ ਗਾਥਾ ਇਹ ਸਪਸ਼ਟ ਕਰਦੀ ਹੈ ਕਿ ਗੁਰੂ ਆਪਣੇ ਗੁਰਸਿੱਖਾਂ ਨੂੰ ਕਿੰਨਾ ਪਿਆਰ ਕਰਦੇ ਹਨ ਅਤੇ ਉਨ੍ਹਾਂ ਦੇ ਕੀਤੇ ਬਚਨਾਂ ਦੀ ਹਰ ਤਰ੍ਹਾਂ ਪਾਲਨਾ ਕਰਦੇ ਹਨ। ਸਾਧੂ ਜਨ ਦੇ ਬਚਨ ਅਟੱਲ ਹੁੰਦੇ ਹਨ। ਸੋਹਣਾ ਅਤੇ ਮੋਹਣਾ ਦੀ ਨਿਹਕਾਮ ਭਗਤੀ, ਪਿਆਰ ਅਤੇ ਸਿਦਕ ਦਾ ਪ੍ਰਸੰਗ ਪੜ੍ਹ ਕੇ ਪਾਠਕਾਂ ਦੀਆਂ ਅੱਖਾਂ ਸੇਜਲ ਹੋ ਜਾਂਦੀਆਂ ਹਨ। ਇਹੋ ਇਨ੍ਹਾਂ ਲਿਖਤਾਂ ਦਾ ਕਮਾਲ ਹੈ।

ਇੰਜ ਹੀ ਬਾਕੀ ਦੇ ਲੇਖ ਵੀ ਸਾਡੇ ਜੀਵਨ ਨੂੰ ਸਹੀ ਸੇਧ ਪ੍ਰਦਾਨ ਕਰਦੇ ਹਨ। ਆਤਮ ਮਾਰਗ ਸੱਚੀ ਸੰਗਤ ਹੈ, ਗੁਰੂ ਦੀ ਸੰਗਤ ਹੈ, ਮਹਾਂਪੁਰਸ਼ਾਂ ਦੀ ਸੰਗਤ ਹੈ, ਗੁਰੂ ਦੇ ਸਿੱਖਾਂ, ਪਰਉਪਕਾਰੀ, ਗੁਰਮੁਖ ਜਨਾਂ ਦੀ ਸੰਗਤ ਹੈ। ਆਤਮ ਮਾਰਗ ਪੜ੍ਹ ਕੇ ਅਨੰਦ ਆਉਂਦਾ ਹੈ, ਜੀਵਨ ਵਿਚ ਸ਼ਾਂਤੀ, ਵਿਗਾਸ ਅਤੇ ਖੇੜਾ ਆਉਂਦਾ ਹੈ। 'ਦੁਖੁ ਪਰਹਰਿ ਸੁਖੁ ਘਰਿ ਲੈ ਜਾਇ' ਦਾ ਅਮਲੀ ਗਿਆਨ ਹੁੰਦਾ ਹੈ। ਗੁਰੂ ਕ੍ਰਿਪਾ ਅਤੇ ਮਹਾਂਪੁਰਸ਼ਾਂ ਦੀਆਂ ਅਸੀਸਾਂ ਸਦਕਾ 'ਆਤਮ ਮਾਰਗ' ਦੀ ਸੇਵਾ ਵਿਸ਼ਵ ਦੇ ਹਰ ਜੀਵ ਤਕ ਪੁਜਦੀ ਹੋਵੇ, ਐਸੀ ਸਾਡੀ ਸਭ ਦੀ ਅਰਦਾਸ ਹੈ।

***ਡਾ. ਜਗਜੀਤ ਸਿੰਘ***

★★★★★★★

# ਅਬਿਨਾਸ਼ੀ ਜੋਤ

***ਸੰਤ ਵਰਿਆਮ ਸਿੰਘ ਜੀ***
***ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।***

*(ਲੜੀ ਜੋੜਨ ਲਈ ਦੇਖੋ, ਜੂਨ ਅੰਕ, ਪੰਨਾ - 64)*

ਗੁਰੂ ਛੇਵੇਂ ਪਾਤਸ਼ਾਹ ਸ੍ਰੀ ਨਗਰ, ਕਸ਼ਮੀਰ ਮਾਤਾ ਭਾਗਭਰੀ ਨੂੰ ਦਰਸ਼ਨ ਦੇਣ ਵਾਸਤੇ ਜਾਂਦੇ ਨੇ, ਤੇ ਸੰਗਤ ਨੂੰ ਪਤਾ ਲਗਦਾ ਹੈ ਤਾਂ ਸੰਗਤ ਬਹੁਤ ਵਹੀਰਾਂ ਘੱਤ ਕੇ ਦਰਸ਼ਨ ਨੂੰ ਆ ਰਹੀ ਹੈ ਤੇ ਇਕ ਪਿੰਡ ਦਾ ਜਥਾ ਸੋਹਣੇ ਫਲ ਟੋਕਰੇ ਵਿਚ ਪਾ ਕੇ ਤੇ ਸ਼ਹਿਦ ਲੈ ਕੇ ਗੁਰੂ ਮਹਾਰਾਜ ਜੀ ਦੇ ਦਰਸ਼ਨਾਂ ਨੂੰ ਸ਼ਬਦ ਪੜ੍ਹਦਾ ਜਾ ਰਿਹਾ ਹੈ। ਫਲਾਂ ਦੇ ਉਤੇ ਬਹੁਤ ਸੋਹਣਾ ਕੱਪੜਾ ਦਿੱਤਾ ਹੋਇਐ, ਰੰਗਦਾਰ ਕਾਗਜ਼ ਦੇ ਕੇ ਬੰਨ੍ਹੇ ਹੋਏ ਨੇ ਤੇ ਸ਼ਹਿਦ ਦਾ ਮੂੰਹ ਵੀ ਬਹੁਤ ਸੋਹਣੇ ਬਸਤ੍ਰ ਨਾਲ ਢਕਿਆ ਹੋਇਆ ਹੈ ਤੇ ਕੋਲ ਦੀ ਜਾਂਦੇ ਨੇ ਸ਼ਬਦ ਪੜ੍ਹਦੇ ਤੇ ਰਸਤੇ ਦੇ ਅੰਦਰ ਭਾਈ ਕੱਟੂ ਕਸ਼ਮੀਰੀ ਸੰਗਤ ਨੂੰ ਆ ਕੇ ਨਮਸਕਾਰ ਕਰਦਾ ਹੈ, ਪੁਛਦਾ ਹੈ ਕਿ ਕਿਥੇ ਜਾ ਰਹੇ ਹੋ? ਕਹਿੰਦੇ, ਅਸੀਂ ਮਹਾਰਾਜ ਜੀ ਦੇ ਦਰਸ਼ਨ ਕਰਨ ਜਾ ਰਹੇ ਹਾਂ। ਉਸ ਦੀ ਨਿਗ੍ਹਾ ਟੋਕਰੇ ਤੇ ਪਈ, ਉਸ ਬਰਤਨ ਤੇ ਪਈ। ਕਹਿੰਦਾ, ਇਸ ਬਰਤਨ 'ਚ ਕੀ ਹੈ? ਕਹਿੰਦੇ, "ਗੁਰੂ ਮਹਾਰਾਜ ਵਾਸਤੇ ਅਸੀਂ ਫਲ ਲੈ ਕੇ ਜਾ ਰਹੇ ਹਾਂ ਤੇ ਕਸ਼ਮੀਰ ਦੇ ਮੇਵੇ ਨੇ, ਵੰਨ-ਸੁਵੰਨੇ ਤਾਜੇ ਤੋੜ ਕੇ ਲਿਆਂਦੇ ਨੇ। ਭਾਈ ਕੱਟੂ! ਇਹਦੇ 'ਚ ਸ਼ੁਧ ਸ਼ਹਿਦ ਹੈ ਫੁੱਲਾਂ ਦੀ ਸੁਗੰਧੀ ਵਾਲਾ ਸ਼ਹਿਦ ਹੈ। ਹੱਥ ਕਰ ਦਿੱਤਾ ਭਾਈ ਕੱਟੂ ਨੇ ਅੱਗੇ ਕਿ ਥੋੜ੍ਹਾ ਜਿਹਾ ਮੈਨੂੰ ਵੀ ਪਾ ਦੇ, ਜੀਅ ਕਰਦਾ ਹੈ ਮੇਰਾ ਤੇ ਇਕ ਦੋ ਫਲ ਦੇ ਦਿਓ, ਉਥੇ ਵੀ ਤੁਸੀਂ ਸੰਗਤ ਨੂੰ ਹੀ ਵੰਡਣੇ ਨੇ ਜਾ ਕੇ। ਜਥੇਦਾਰ ਕਹਿਣ ਲੱਗਿਆ, ਭਾਈ ਕੱਟੂ! ਸੁੱਚੀ ਚੀਜ਼ ਗੁਰੂ ਮਹਾਰਾਜ ਦੇ ਪੇਸ਼ ਕਰਨੀ ਹੈ, ਰਾਹ 'ਚ ਹੀ ਵੰਡ ਕੇ ਲੈ ਜਾਈਏ? ਕਹਿੰਦਾ, "ਚੰਗਾ ਤੁਹਾਡੀ ਮਰਜ਼ੀ।" ਗੁਰੂ ਛੇਵੇਂ ਪਾਤਿਸ਼ਾਹ ਮਹਾਰਾਜ ਜੀ ਦੇ ਹਜ਼ੂਰ ਜਾ ਕੇ ਫਲਾਂ ਦਾ ਟੋਕਰਾ ਵੀ ਰੱਖ ਦਿਤਾ ਤੇ ਸ਼ਹਿਦ ਵਾਲਾ ਬਰਤਨ ਵੀ ਰੱਖ ਦਿੱਤਾ। ਮਹਾਰਾਜ ਜੀ ਨੇ ਦੋ ਵਾਰ ਦੇਖਿਆ, ਕਹਿੰਦੇ, "ਭਾਈ ਗੁਰਮੁਖੋ! ਦੁਰਗੰਧ ਜਿਹੀ ਕਿਥੋਂ ਆਉਣ ਲੱਗ ਪਈ।"

ਕਹਿੰਦੇ, "ਮਹਾਰਾਜ! ਕੋਈ ਚੀਜ਼ ਤਾਂ ਹੈ ਨਹੀਂ, ਦੁਰਗੰਧ ਵਾਲੀ।"

ਕਹਿੰਦੇ, "ਇਨ੍ਹਾਂ ਦੇ ਥੱਲੇ ਕੀ ਹੈ? ਖੋਲ੍ਹੋ! ਖੋਲ੍ਹ ਕੇ ਦੇਖਿਆ, ਕੀ ਦੇਖਦੇ ਨੇ ਕਿ ਸਾਰੇ ਹੀ ਫਲ ਗਲੇ ਪਏ ਨੇ।

ਕਹਿੰਦੇ, "ਆਹ ਬਰਤਨ 'ਚ ਕੀ ਚੀਜ਼ ਹੈ, ਮੂੰਹ ਖੋਲ੍ਹਿਆ ਤੇ ਬਰਤਨ ਮਹਾਰਾਜ ਜੀ ਦੇ ਹੱਥ ਵਿਚ ਫੜਾਇਆ। ਮਹਾਰਾਜ ਜੀ ਕਹਿੰਦੇ ਕਿ ਦੇਖੋ ਭਾਈ ਕੀ ਚੀਜ਼ ਹੈ?

ਕਹਿੰਦੇ, ਸ਼ੁਧ ਸ਼ਹਿਦ ਹੁਣੇ ਚੋ ਕੇ ਲਿਆਏ ਹਾਂ। ਕਹਿੰਦੇ, "ਇਹ ਸ਼ਹਿਦ ਹੈ ਕਿ ਕੁਝ ਹੋਰ ਚੀਜ਼ ਹੈ। ਜਦੋਂ ਵਾਪਸ ਸੰਗਤ ਨੇ ਦੇਖਿਆ ਤਾਂ ਕੁਰਬੁਲ-ਕੁਰਬੁਲ ਕਰਦੇ ਕੀੜੇ ਵਿਚ ਫਿਰਦੇ ਨੇ।"

ਕਹਿੰਦੇ, "ਸਾਧ ਸੰਗਤ ਜੀ! ਇਹੋ ਜਿਹੀਆਂ ਚੀਜ਼ਾਂ ਗੁਰੂ ਦੀ ਭੇਟ 'ਚ ਲਿਆਈ ਦੀਆਂ ਨੇ?" ਰੋਣ ਲੱਗ ਗਏ, ਪਾਤਿਸ਼ਾਹ ਪਤਾ ਨਹੀਂ ਕੀ ਭਾਣਾ ਵਰਤਿਆ? ਸ਼ੁਧ ਲਿਆਏ ਸੀ ਸਾਰੀਆਂ ਚੀਜ਼ਾਂ। ਕਹਿਣ ਲੱਗੇ, ਓਏ ਪ੍ਰੇਮੀਓ! ਹੁਣ ਕਾਹਨੂੰ ਅਫਸੋਸ ਕਰਦੇ ਹੋ, ਜਦੋਂ ਅਸੀਂ ਮੰਗਿਆ ਸੀ ਹੱਥ ਕੱਢ ਕੇ ਉਦੋਂ ਤੁਸੀਂ ਸਾਨੂੰ ਦਿੱਤਾ ਨਾ ਤੇ ਹੁਣ ਤੁਸੀਂ ਅਫਸੋਸ ਕਰਦੇ ਹੋ। ਕੌਣ ਮਿਲਿਆ ਸੀ ਰਾਹ 'ਚ? ਕਹਿੰਦੇ, "ਭਾਈ ਕੱਟੂ" ਕਹਿੰਦੇ ਫੇਰ ਭਾਈ ਕੱਟੂ ਦੇ ਵਿਚ ਤਾਂ ਅਸੀਂ ਹਰ ਵਕਤ ਰਹਿੰਦੇ ਹਾਂ, ਹਰ ਵਕਤ ਸਾਡਾ ਨਿਵਾਸ ਹੈ, ਅਭੇਦ ਅਵਸਥਾ ਦੇ ਗੁਰਸਿਖਾਂ 'ਚ, ਉਨ੍ਹਾਂ ਤੇ ਸਾਡੇ ਵਿਚ ਕੋਈ ਫਰਕ ਨਹੀਂ ਹੋਇਆ ਕਰਦਾ। ਉਹ ਗੁਰੂ ਵਰਗੇ, ਪ੍ਰਮੇਸ਼ਰ ਵਰਗੇ ਹੀ ਹੁੰਦੇ ਨੇ -

***ਧਾਰਨਾ - ਸਾਂਈ ਹੀ ਵਰਗੇ ਨੇ,***
***ਵਿਸਰੇ ਨਾ ਨਾਮ ਜਿਨ੍ਹਾਂ ਨੂੰ -2, 2.***
***ਵਿਸਰੇ ਨਾ ਨਾਮ ਜਿਨ੍ਹਾਂ ਨੂੰ -2, 2.***
***ਸਾਂਈ ਹੀ ਵਰਗੇ ਨੇ, .............. -2.***

***ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ॥***
***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥ ਪੰਨਾ - 397***

***ਖਾਲਸਾ ਮੇਰੋ ਰੂਪ ਹੈ ਖਾਸ॥***
***ਖਾਲਸੇ ਮਹਿ ਹੌ ਕਰੌ ਨਿਵਾਸ॥ ਸਰਬ ਲੋਹ ਗ੍ਰੰਥ 'ਚੋਂ***

***ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ॥***
***ਪ੍ਰਭ ਮਹਿ ਮੋ ਮਹਿ ਤਾਸ ਮਹਿ ਰੰਚਕ ਨਾਹਨ ਭੇਵ॥***
***ਸਰਬ ਲੋਹ ਗ੍ਰੰਥ 'ਚੋਂ***

ਪਿਆਰਿਆ! ਗੁਰਸਿਖ ਨੇ ਗੱਲ ਕਹਿ ਦਿੱਤੀ, ਕਹਿੰਦੇ ਜਦੋਂ ਮੰਗਦਾ ਸੀ, ਉਸ ਵੇਲੇ ਤੁਸੀਂ ਦਿੱਤਾ ਨਹੀਂ ਸੋ ਗੁਰਸਿਖ ਦੀ ਜ਼ੁਬਾਨ ਤੇ ਪ੍ਰਭੂ ਵਸਦੈ। ਜਿਹੜਾ ਹਰ ਵਕਤ ਪ੍ਰਭੂ ਦੀ ਯਾਦ ਵਿਚ ਗੁਰਸਿੱਖ ਰਹਿੰਦਾ ਹੈ। ਸੋ ਭਾਈ ਬੁੱਧੂ ਮਹਾਰਾਜ ਜੀ ਦੇ ਪਾਸ ਚਲਿਆ ਗਿਆ। ਕਹਿਣ ਲੱਗਿਆ "ਪਾਤਿਸ਼ਾਹ! ਵਿਘਨ ਪੈ ਗਿਆ, ਸੰਗਤ ਨੇ ਤਾਂ ਅਰਦਾਸ ਕਰ ਦਿੱਤੀ, ਆਪ ਨੇ ਮਨਜ਼ੂਰ ਕਰ ਲਈ ਪਰ ਇਕ ਮਸਤਾਨਾ ਜਿਹਾ ਸਿੱਖ ਬਾਹਰ ਖੜ੍ਹਾ ਸੀ ਉਸ ਨੇ ਤਿੰਨ ਵਾਰੀ ਕਿਹਾ ਕੱਚੇ, ਕੱਚੇ, ਕੱਚੇ। ਕਹਿੰਦੇ, ਕੌਣ ਗੁਰਸਿੱਖ ਉਹ ਪਿਆਰਿਆ!"

ਕਹਿਣ ਲੱਗਿਆ, "ਮਹਾਰਾਜ! ਉਹ ਧਾੜਵੀ ਡਾਕੂ, ਲੁਟੇਰਾ।"

ਕਹਿੰਦੇ, "ਕਿਹੜਾ? ਗੁਰਸਿੱਖ ਵੀ ਲੁਟੇਰਾ ਹੁੰਦਾ ਹੈ? ਹਾਂ ਲੁਟੇਰਾ ਹੁੰਦਾ ਹੈ ਪ੍ਰਮੇਸ਼ਰ ਦੇ ਨਾਮ ਦਾ, ਜਦੋਂ ਦੁਨੀਆਂ ਸੁੱਤੀ ਪਈ ਹੁੰਦੀ ਹੈ ਉਹ ਉਸ ਵੇਲੇ ਲੁੱਟਣ ਲੱਗਿਆ ਹੁੰਦਾ ਹੈ। ਉਸ ਵੇਲੇ ਨਾਮ ਦਾ ਭੰਡਾਰਾ ਕਾਇਮ ਕਰ ਲੈਂਦਾ ਹੈ। ਕਿਸੇ ਨੂੰ ਪਤਾ ਨਾ ਲੱਗ ਜਾਵੇ ਅਮੀਰ ਆਦਮੀ ਦੌਲਤ ਨੂੰ ਛੁਪਾ ਕੇ ਰੱਖਦਾ ਹੈ। ਇਸੇ ਤਰ੍ਹਾਂ ਜਿਹੜਾ ਗੁਰਸਿੱਖ ਹੈ ਆਪਣੀ ਕਮਾਈ ਨੂੰ ਛੁਪਾ ਕੇ ਰੱਖਦਾ ਹੈ ਕਿ ਮੱਖੀਆਂ ਆ ਜਾਣਗੀਆਂ, ਮੰਗਤੇ ਆ ਜਾਣਗੇ, ਐਸਾ ਕਿਹੜਾ ਗੁਰਸਿੱਖ ਹੈ ਭਾਈ? ਗੁਰਸਿੱਖ ਤਾਂ ਲੁਟੇਰਾ ਹੋ ਹੀ ਨਹੀਂ ਸਕਦਾ।

"ਪਾਤਿਸ਼ਾਹ! ਪਹਿਲਾਂ ਸੀ।"

"ਨਾਉਂ ਲੈ ਭਾਈ ਗੁਰਮੁਖਾ!"

"ਮਹਾਰਾਜ! ਭਾਈ ਲੱਖੂ।"

"ਭਾਈ ਲੱਖੂ ਨੇ ਕਹਿ ਦਿਤਾ?"

"ਹਾਂ! ਮਹਾਰਾਜ!"

ਖਾਮੋਸ਼ ਹੋ ਗਏ ਮਹਾਰਾਜ।

ਕਹਿਣ ਲੱਗਿਆ, "ਮਹਾਰਾਜ! ਆਪ ਨੇ ਕੁਝ ਫੁਰਮਾਇਆ ਨਹੀਂ।

ਕਹਿੰਦੇ, ਫੁਰਮਾਉਣਾ ਕੀ ਹੈ ਬੁੱਧੂ। ਹੁਣ ਤਾਂ ਗੁਰਸਿੱਖ ਦਾ ਬਚਨ ਹੀ ਸਫਲਾ ਹੋਏਗਾ, ਕਿਉਂਕਿ ਉਹ ਅਭੇਦ ਅਵਸਥਾ ਦਾ ਗੁਰਸਿੱਖ ਹੈ। ਉਹ ਹਰ ਵਕਤ ਮੇਰੇ 'ਚ ਰਹਿੰਦਾ ਹੈ ਮੈਂ ਉਹਦੇ 'ਚ ਰਹਿੰਦਾ ਹਾਂ ਤੇ ਜੋ ਕੁਝ ਉਸ ਨੇ ਬੋਲ ਦਿੱਤਾ ਹੁਣ ਉਹ ਟਾਲਿਆ ਨਹੀਂ ਜਾ ਸਕਦਾ -

***ਧਾਰਨਾ - ਭਾਵੇ ਚੰਦਰਮਾ ਨਾਸ ਹੋ ਜਾਵੇ,***
***ਸੰਤਾਂ ਦਾ ਬੋਲ ਨਾ ਟਲੇ -2, 2.***
***ਪਿਆਰੇ ਜੀ! ਸੰਤਾਂ ਦਾ ਬੋਲ ਨਾ ਟਲੇ -2, 2.***
***ਭਾਵੇਂ ਚੰਦਰਮਾ ਨਾਸ ਹੋ ਜਾਵੇ, ....... -2.***

***ਨਿਸਿ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ॥***
***ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ॥***
***ਪੰਨਾ - 1204***

ਕਹਿਣ ਲੱਗੇ, "ਭਾਈ ਬੁੱਧੂ! ਇਹ ਤਾਂ ਅਭੇਦ ਅਵਸਥਾ ਵਾਲੇ ਗੁਰਮੁਖ ਦੇ ਮੁੱਖ 'ਚੋਂ ਬਚਨ ਨਿਕਲ ਗਿਆ। ਇਹ ਤਾਂ ਹੁਣ ਟਲ ਨਹੀਂ ਸਕਦਾ।" ਪਾਤਿਸ਼ਾਹ! ਤੁਸੀਂ ਸਰਬ ਕਲਾ ਸਮਰੱਥ ਹੋ। ਉਹ ਕਹਿੰਦੇ, "ਉਹ ਠੀਕ ਹੈ ਗੁਰੂ ਸਿੱਖ ਦਾ ਬਚਨ ਟਾਲਣ 'ਚ ਸਮੱਰਥ ਹੈ ਪਰ ਇਹ ਆਦਿ-ਜੁਗਾਦਿ ਤੋਂ ਰੀਤ ਚਲੀ ਆਈ ਹੈ।"

ਗੁਰੂ ਨਾਨਕ ਪਾਤਸ਼ਾਹ ਜੀ ਜਮਨਾ ਕੰਢੇ ਠਹਿਰੇ ਹੋਏ ਹਨ, ਬੇਅੰਤ ਸੰਗਤ ਦਰਸ਼ਨ ਲਈ ਆਉਂਦੀ ਹੈ ਇਕ ਦਿਨ ਸਵੇਰੇ ਅੰਮ੍ਰਿਤ ਵੇਲੇ ਰੋਣ ਦੀ ਆਵਾਜ਼ ਆਉਂਦੀ ਹੈ।

ਉਥੇ ਹਾਥੀਆਂ ਵਾਲੇ, ਜੋ ਮਹਾਵਤ ਲੋਕ ਨੇ ਪਰਿਵਾਰਾਂ ਸਮੇਤ ਰਹਿ ਰਹੇ ਨੇ, ਇਕ ਇਕ ਹਾਥੀ ਇਕ ਇਕ ਮਹਾਵਤ ਨੂੰ ਦਿੱਤਾ ਹੋਇਆ ਹੈ। ਉਸ ਦੇ ਉੱਤੇ ਉਨ੍ਹਾਂ ਦੇ ਪਰਿਵਾਰ ਦਾ ਗੁਜ਼ਾਰਾ ਚਲਦਾ ਹੈ। ਅੱਧੀ ਰਾਤ ਹੋਈ ਤਾਂ ਉਸ ਵੇਲੇ ਇਕ ਹਾਥੀ ਮਰ ਗਿਆ। ਗੁਰੂ ਮਹਾਰਾਜ ਜੀ ਇਸ਼ਨਾਨ ਕਰਕੇ ਡੇਢ ਪਹਿਰ ਰਾਤ ਰਹਿੰਦੇ ਅੰਤਰ ਧਿਆਨ ਹੋ ਕੇ ਬੈਠ ਰਹੇ ਨੇ ਤੇ ਇਧਰੋਂ ਉੱਚੀ-ਉੱਚੀ ਰੋਣ ਦੀ ਆਵਾਜ਼ ਆ ਰਹੀ ਹੈ। ਸੰਤਾਂ ਦਾ ਦਿਲ ਪੱਥਰ ਦਾ ਦਿਲ ਨਹੀਂ ਹੋਇਆ ਕਰਦਾ, ਗੁਰੂਆਂ ਦਾ, ਸੰਤਾਂ ਦਾ, ਮਹਾਂਪੁਰਸ਼ਾਂ ਦਾ, ਗੁਰਸਿਖਾਂ ਦਾ, ਉਸ ਦਿਲ ਦੇ ਅੰਦਰ ਦਰਦ ਹੋਇਆ ਕਰਦਾ ਹੈ। ਹੂਕ ਸੁਣੀ, ਮਜ਼ਬੂਰੀ ਦੇਖੀ, ਆਵਾਜ਼ ਸੁਣੀ ਕਿ ਬਹੁਤ ਮਜ਼ਬੂਰ ਬੰਦਿਆਂ ਦੀ ਆਵਾਜ਼ ਆ ਰਹੀ ਹੈ। ਭਾਈ ਮਰਦਾਨਾ ਪਤਾ ਕਰ ਕੀ ਗੱਲ ਹੈ? ਪਤਾ ਕਰਕੇ ਆ ਗਿਆ, ਪਾਤਿਸ਼ਾਹ! ਮਹਾਵਤ ਦਾ ਰਿਜ਼ਕ ਜਿਹੜਾ ਸੀ ਉਹ ਹਾਥੀ ਦੇ ਉਤੇ ਸੀ ਉਸਦਾ ਹਾਥੀ ਮਰ ਗਿਆ ਹੈ ਤੇ ਹੁਣ ਉਹ ਰੋਂਦਾ ਹੈ ਕਿ ਮੈਨੂੰ ਬਾਦਸ਼ਾਹ ਕੱਢ ਦੇਏਗਾ ਤੇ ਮੇਰੀ ਰੋਜ਼ੀ ਦਾ ਹੁਣ ਕੀ ਪ੍ਰਬੰਧ ਹੋਏਗਾ।

ਗੁਰੂ ਮਹਾਰਾਜ ਨੇ ਕਿਹਾ, "ਜਾਹ! ਉਸ ਨੂੰ ਕਹਿ ਦੇ ਕਿ ਹਾਥੀ ਮਰਿਆ ਨਹੀਂ ਹੈ, ਉਂਞ ਹੀ ਪਿਆ ਹੈ, ਉਠਾ ਲੈ ਇਸ ਨੂੰ, ਮਰਿਆ ਨਹੀਂ ਹੈ।" ਸੋ ਇਸੇ ਤਰ੍ਹਾਂ ਕੀਤਾ, ਜਾ ਕੇ ਉਸਨੇ ਹਾਥੀ ਵੱਲ ਦੇਖਿਆ, ਹਾਥੀ ਉਠ ਕੇ ਬੈਠ ਗਿਆ ਤੇ ਦਿਨ ਚੜ੍ਹ ਗਿਆ ਤਾਂ ਉਸਨੇ ਜ਼ਿਕਰ ਕਰਿਆ ਕਿ ਬਹੁਤ ਵੱਡੇ ਮਹਾਂਪੁਰਸ਼ ਇਥੇ ਆਏ ਹੋਏ ਨੇ। ਹਾਥੀ ਮਰ ਚੁੱਕਿਆ ਸੀ, ਠੰਡਾ-ਠਾਰ ਹੋ ਗਿਆ ਸੀ ਤੇ ਉਹਨਾਂ ਨੇ ਕਹਿ ਦਿਤਾ, ਮਰਿਆ ਨਹੀਂ ਹੈ। ਕਹਿੰਦੇ, "ਜਿਉਂਦਾ ਹੋ ਗਿਆ। ਬਾਦਸ਼ਾਹ ਦੀ ਤੱਕ ਗੱਲ ਪਹੁੰਚ ਗਈ। ਬਾਦਸ਼ਾਹ ਵੀ ਦਿਲਚਸਪੀ ਹੋਈ ਤੇ ਗੁਰੂ ਨਾਨਕ ਪਾਤਿਸ਼ਾਹ ਨੂੰ ਬੁਲਾਇਆ, ਮਹਾਵਤ ਖਾਨੇ ਵਿਚ।

ਕਹਿਣ ਲੱਗੇ, "ਫਕੀਰ ਸਾਂਈ! ਮੈਨੂੰ ਪਤਾ ਲਗਿਆ ਹੈ ਕਿ ਤੂੰ ਮਰਿਆਂ ਹੋਇਆਂ ਨੂੰ ਜਿਉਂਦੇ ਕਰ ਦਿੰਦਾ ਹੈਂ।"

ਮਹਾਰਾਜ ਕਹਿਣ ਲੱਗੇ, "ਨਾ ਬਾਦਸ਼ਾਹ! ਮਰਿਆ ਹੋਇਆਂ ਨੂੰ ਜਿਊਂਦਾ ਕਰਨ ਵਾਲਾ ਅਕਾਲ ਪੁਰਖ ਹੈ? ਜਿਊਂਦਿਆਂ ਨੂੰ ਮਾਰਨ ਵਾਲਾ ਅਕਾਲ ਪੁਰਖ ਹੈ।"

ਕਹਿੰਦਾ, "ਪਰ ਤੂੰ ਤਾਂ ਇਹ ਜਿਊਂਦਾ ਕਰ ਦਿੱਤਾ ਹੈ ਹੁਣ ਮਾਰ ਕੇ ਦਿਖਾ।"

ਮਹਾਰਾਜ ਕਹਿਣ ਲੱਗੇ, "ਇਹ ਮਰਿਆ ਹੋਇਆ ਤਾਂ ਪਹਿਲਾਂ ਹੀ ਹੈ। ਉਹ ਹਾਥੀ ਧੜੰਮ ਕਰਕੇ ਗਿਰ ਗਿਆ।"

ਕਹਿੰਦਾ, "ਹੁਣ ਜਿਊਂਦਾ ਕਰਕੇ ਦਿਖਾ।"

ਮਹਾਰਾਜ ਕਹਿੰਦੇ, "ਬਾਦਸ਼ਾਹ!! ਰੱਬ ਦੀ ਸੁੱਟੀ ਹੋਈ ਨੂੰ ਚੁੱਕ ਲਿਆ ਕਰਦੇ ਨੇ ਉਸਦੇ ਦਰਵੇਸ਼, ਉਸਦੇ ਪਿਆਰੇ, ਦਰਵੇਸ਼ਾਂ ਦੀ ਸੁੱਟੀ ਹੋਈ ਨੂੰ ਕੋਈ ਵੀ ਨਹੀਂ ਚੁੱਕ ਸਕਦਾ। ਕਹਿੰਦੇ ਦੇਖ ਅੱਗ ਜਲਦੀ ਹੈ ਵਿਚ ਕੋਲੇ ਬਣ ਜਾਂਦੇ ਨੇ, ਕੋਲੇ ਨੂੰ ਹੱਥ ਨਾਲ ਚੁੱਕ ਲੈ, ਪਲ ਦੋ ਪਲ ਅਸੀਂ ਘੁਮਾ ਕੇ ਹੱਥ ਤੇ ਰੱਖ ਸਕਦੇ ਹਾਂ। ਜਿਹੜੇ ਫਕੀਰ ਹੁੰਦੇ ਨੇ, ਸੰਤ ਹੁੰਦੇ ਨੇ, ਰੱਬ ਦੇ ਪਿਆਰ ਵਿਚ ਲਾਲ ਹੋਏ ਹੁੰਦੇ ਨੇ ਜਿਵੇਂ ਲੋਹਾ ਅੱਗ ਦੇ ਵਿਚ ਸੁੱਟ ਦੇ ਉਸ ਲੋਹੇ ਨੂੰ ਤਾਂ ਹੱਥ ਸਪਰਸ਼ ਕਰਦੀ ਸਾਰ ਹੀ ਹੱਥ ਜਲ ਜਾਏਗਾ। ਲੋਹੇ ਨੂੰ ਚੁੱਕਣਾ ਹਰੇਕ ਦਾ ਕੰਮ ਨਹੀਂ ਹੈ। ਸੋ ਸੰਤਾਂ ਦੀ ਮਾਰੀ ਹੋਈ ਕੋਈ ਨਹੀਂ ਉਠਾ ਸਕਿਆ ਕਰਦਾ, ਰੱਬ ਦੀ ਮਾਰੀ ਹੋਈ ਨੂੰ ਸੰਤ ਉਠਾ ਲੈਂਦੇ ਨੇ। ਸੋ ਇਸ ਤਰ੍ਹਾਂ ਦੇ ਨਾਲ ਬਾਣੀ ਵਿਚ ਆਉਂਦਾ ਹੈ।

***ਧਾਰਨਾ - ਮੇਰੀ ਬੰਨ੍ਹੀ ਹੋਈ ਭਗਤ ਛੁਡਾਉਂਦੇ ਨੇ,***
***ਭਗਤਾਂ ਦੀ ਬੰਨ੍ਹੀ ਨਾ ਛੁਟਦੀ -2, 2.***
***ਮੇਰੇ ਪਿਆਰੇ ਭਗਤਾਂ ਦੀ ਬੰਨ੍ਹੀ ਨਾ ਛੁੱਟਦੀ -2, 2.***
***ਮੇਰੀ ਬੰਨ੍ਹੀ ਹੋਈ ਭਗਤ ਛੁਡਾਉਂਦੇ ਨੇ, ......-2.***

***ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ॥***
***ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ॥***
***ਪੰਨਾ - 1252***

ਕਹਿਣ ਲੱਗੇ, "ਭਾਈ ਗੁਰਸਿਖਾ! ਇਹ ਆਦਿ ਜੁਗਾਦਿ

ਤੋਂ ਹੀ ਹੈ ਕਿ ਜੋ ਅਭੇਦ ਅਵਸਥਾ ਦਾ ਗੁਰਸਿਖ ਹੈ, ਉਹ ਜੋ ਬਚਨ ਕਰ ਦਿੰਦਾ ਹੈ ਉਸ ਨੂੰ ਗੁਰੂ ਬਦਲਿਆ ਨਹੀਂ ਕਰਦਾ, ਕਿਉਂਕਿ ਮਰਿਆਦਾ ਪ੍ਰਸ਼ੋਤਮਾਂ ਨੇ, ਮਰਿਆਦਾ ਬੰਨ੍ਹੀ ਹੋਈ ਹੈ। ਕ੍ਰਿਸ਼ਨ ਮਹਾਰਾਜ ਦੇ ਆਪਣੇ ਬਹੁਤ ਪੁੱਤਰ ਪੋਤਰੇ ਸਨ। ਕਲਜੁਗ ਦਾ ਸਮਾਂ ਆ ਗਿਆ, ਗੁਸਤਾਖੀ ਆ ਗਈ ਬੱਚਿਆਂ 'ਚ, ਇਕ ਬੱਚਾ ਲਿਆ, ਉਸਦੇ ਪੇਟ ਦੇ ਉਤੇ ਇਕ ਬਾਟੀ ਬੰਨ੍ਹ ਕੇ ਉਤੋਂ ਦੀ ਕੱਪੜੇ ਵਲੇਟ ਦਿੱਤੇ। ਬੀਬੀਆਂ ਵਾਲੇ ਕੱਪੜੇ ਪੁਆ ਲਏ। ਪੰਜ ਸੱਤ ਨੇ ਹੋਰ ਪਾ ਲਏ। ਕੁੜੀਆਂ ਤੇ ਮੁੰਡਿਆਂ ਦੇ ਰੂਪ ਵਿਚ ਇਕੱਠੇ ਹੋ ਕੇ, ਇਕੱਲੇ ਇਕੱਲੇ ਸੰਤ ਕੋਲ ਜਾਂਦੇ ਨੇ, ਸਾਧੂਆਂ ਕੋਲ। ਬਾਬਾ ਜੀ ਪ੍ਰਣਾਮ, ਨਮਸ਼ਕਾਰ, ਅਸੀਸ ਲੈਂਦੇ ਨੇ। ਕਹਿੰਦੇ ਨੇ ਬਾਬਾ ਜੀ ਆਹ! ਲੜਕੀ ਸੰਗਦੀ ਹੈ। ਆਪ ਪੁੱਛ ਨਹੀਂ ਸਕਦੀ, ਕ੍ਰਿਪਾ ਕਰਕੇ ਦੱਸੋ, ਇਸ ਦੇ ਕੌਣ ਪੈਦਾ ਹੋਏਗਾ, ਲੜਕਾ ਜਾਂ ਲੜਕੀ? ਸੰਤ ਚੁੱਪ ਕਰ ਰਹਿੰਦੇ ਨੇ, ਜਾਣਦੇ ਸਾਰੇ ਹੀ ਨੇ। ਇਸ ਤਰ੍ਹਾਂ ਮਸ਼ਕਰੀ ਕਰਦੇ-ਕਰਦੇ ਦੁਰਬਾਸ਼ਾ ਰਿਸ਼ੀ ਦੇ ਕੋਲ ਪਹੁੰਚ ਗਏ, ਜੋ ਉਨ੍ਹਾਂ ਦੇ ਕੁਲ ਗੁਰੂ ਸੀ। ਜਦੋਂ ਉਹਨਾਂ ਕੋਲ ਜਾ ਕੇ ਸਵਾਲ ਕਰਿਆ। ਕਿਉਂਕਿ ਤੱਤ ਹੁੰਦੇ ਨੇ, ਪ੍ਰਕਿਰਤੀ ਹੁੰਦੀ ਹੈ ਸਾਧ ਸੰਗਤ ਜੀ! ਸਾਧੂਆਂ ਦੀ ਵੀ। ਕਈ ਸਾਧੂ ਤਮੋ ਗੁਣੀ ਬਿਰਤੀ ਵਿਚ ਰਹਿੰਦੇ ਨੇ, ਗਾਲ੍ਹਾਂ ਹੀ ਕੱਢੀ ਜਾਂਦੇ ਨੇ, ਨੇੜੇ ਨਹੀਂ ਕਿਸੇ ਨੂੰ ਆਉਣ ਦਿੰਦੇ। ਕਈ ਸਤੋ-ਗੁਣੀ ਬਿਰਤੀ ਵਿਚ ਹੁੰਦੇ ਨੇ, ਸਾਰਿਆਂ ਨੂੰ ਨੇੜੇ ਆਉਣ ਦਿੰਦੇ ਨੇ, ਸਾਰਿਆਂ ਦੀ ਗੱਲ ਮੰਨ ਲੈਂਦੇ ਨੇ। ਕੋਈ ਰਜੋ-ਗੁਣੀ ਬਿਰਤੀ 'ਚ ਹੁੰਦੇ ਨੇ ਪਰਉਪਕਾਰ ਕਰਦੇ ਨੇ, ਸਕੂਲ ਬਣਾਉਂਦੇ ਨੇ, ਕੁਝ ਹੋਰ ਬਣਾਉਂਦੇ ਨੇ ਆਪੋ ਆਪਣੀਆਂ ਬਿਰਤੀਆਂ ਦਾ ਹਿਸਾਬ ਹੈ। ਅੰਦਰਲੇ ਗਿਆਨ ਦਾ ਕੋਈ ਫਰਕ ਨਹੀਂ ਹੋਇਆ ਕਰਦਾ, ਅੰਦਰਲਾ ਗਿਆਨ ਸਭ ਦਾ ਇਕ ਹੋਇਆ ਕਰਦਾ ਹੈ। ਗ੍ਰਹਿਸਥੀ ਦਾ ਵੀ ਇਕ ਹੁੰਦੈ, ਸਾਧੂ ਦਾ ਵੀ ਇਕ ਹੁੰਦਾ ਹੈ, ਗਿਆਨ 'ਚ ਕੋਈ ਫਰਕ ਨਹੀਂ ਹੁੰਦਾ। ਕੇਵਲ ਪ੍ਰਾਕਿਰਤੀ ਦੇ ਗੁਣਾਂ ਕਰਕੇ, ਉਸ ਦੇ ਸੁਭਾਅ 'ਚ ਫਰਕ ਹੋਇਆ ਕਰਦਾ ਹੈ ਤੇ ਸਾਧੂ ਅਸੰਗ ਹੁੰਦੇ ਨੇ ਜੋ ਪ੍ਰਕਿਰਤੀ ਦੇ ਸੁਭਾਅ ਦੇ ਮੁਤਾਬਿਕ ਉਨ੍ਹਾਂ ਦੇ ਇੰਦ੍ਰੇ ਕੰਮ ਕਰਦੇ ਨੇ। ਉਹ ਇੰਦਰਿਆਂ ਤੋਂ ਉਤੇ ਰਹਿੰਦਾ ਹੈ ਉਹ ਆਪਣੇ ਆਪ ਗੁਣਾਂ ਦੇ ਸੁਭਾਵ ਤੋਂ ਅਸੰਗ ਰਖਦਾ ਹੈ। ਆਪ ਬਿਲਕੁਲ ਅਸੰਗ ਤੇ ਅਲੇਪ ਰਹਿੰਦੇ ਨੇ।

ਸੋ ਉਨ੍ਹਾਂ ਦੇ ਪਾਸ ਗਏ, ਉਨ੍ਹਾਂ ਦੀ ਪ੍ਰਕਿਰਤੀ ਵਿਚ ਤਮੋ ਗੁਣ ਵੱਧ ਸੀ। ਗੁੱਸਾ ਆ ਗਿਆ ਕਿ ਆਹ ਬੱਚੇ ਐਨੀ ਗੁਸਤਾਖੀ ਕਰਦੇ ਨੇ ਕਿ ਸਾਧੂ ਸੰਤਾਂ ਨੂੰ ਆ ਕੇ ਇੱਜ਼ਤ ਤਾਂ ਕੀ ਕਰਨੀ ਹੈ, ਮਖੌਲਾਂ ਕਰਦੇ ਨੇ, ਟਿਚਰਾਂ ਕਰਦੇ ਨੇ।

***ਸੰਤਨ ਸੇਤੀ ਮਸਕਰੀ ਕੁਲ ਡੋਬਣ ਕੀ ਰੀਤ।***

ਜਿਸਨੇ ਡੁੱਬਣਾ ਹੋਵੇ ਉਹ ਸੰਤਾਂ ਨੂੰ ਮਸ਼ਕਰੀਆਂ ਕਰਨ ਲੱਗ ਜਾਵੇ -

***ਦੁਰਬਾਸਾ ਸਿਉ ਕਰਤ ਠਗਉਰੀ ਜਾਦਵ ਏ ਫਲ ਪਾਏ॥***
***ਪੰਨਾ - 693***

ਮਸ਼ਕਰੀ ਕਰੀ ਜਾ ਕੇ। ਪਹਿਲੀ ਵਾਰੀ ਹਟਾਇਆ, ਨਾ ਬੱਚਿਓ ਨਾ, ਇਹੋ ਜਿਹੀ ਗੱਲ ਨਹੀਂ ਕਰੀਦੀ। ਨਾ ਬਾਬਾ ਜੀ! ਅਸੀਂ ਤਾਂ ਜ਼ਰੂਰ ਪੁੱਛਣਾ ਹੈ। ਕਹਿੰਦੇ, ਫੇਰ ਦੱਸਾਂ? ਕਰੋਧ 'ਚ ਆ ਗਏ। ਨੇਤਰ ਲਾਲ ਕਰ ਲਏ। ਦੂਸਰੀ ਵਾਰੀ ਫੇਰ ਤੇਜ 'ਚ ਆ ਕੇ ਕਿਹਾ ਕਿ ਦੱਸਾਂ ਫੇਰ? ਕਹਿੰਦੇ ਦੱਸੋ। ਝੁਕੇ ਨਹੀਂ, ਕਹਿੰਦੇ, "ਦੱਸੋ?"

ਕ੍ਰਿਸ਼ਨ ਜੀ ਦੇ ਬੱਚੇ ਸਨ, ਥੋੜ੍ਹੇ ਗੁਸਤਾਖ ਸਨ ਕਿ ਸਾਡੇ ਤਾਂ ਪਿਤਾਮਾ ਸੋਲ੍ਹਾਂ ਕਲਾਂ ਸੰਪੂਰਨ ਅਵਤਾਰ ਨੇ, ਨੀਵੇਂ ਨਹੀਂ ਹੋਏ ਸਗੋਂ ਉਨਾਂ ਹੀ ਉੱਚਾ ਬੋਲਿਆ।

ਤੀਸਰੀ ਵਾਰੀ ਫੇਰ ਦੁਰਬਾਸਾ ਜੀ ਨੇ ਗਰਜ ਕੇ ਕਿਹਾ, ਕਹਿੰਦੇ ਫੇਰ ਦੱਸ ਹੀ ਦੇਵਾਂ?" ਉਤਨਾ ਹੀ ਉਚਾ ਗਰਜ ਕੇ ਕਹਿੰਦੇ, "ਦੱਸ ਦਿਉ ਫੇਰ ਦੇਰ ਕਿਉਂ ਲਾਈ ਐ?"

ਕਹਿੰਦੇ, "ਜਾਓ ਇਹਦੇ ਪੇਟ 'ਚੋਂ ਉਹ ਪੈਦਾ ਹੋਏਗਾ, ਜਿਹੜਾ ਤੁਹਾਡੀ ਕੁਲ ਦਾ ਖਾਤਮਾ ਕਰੇਗਾ।" ਸਰਾਪ ਲੈ ਲਿਆ, ਵਾਪਸ ਆ ਗਏ, ਰੋਣ ਲੱਗ ਗਏ ਕ੍ਰਿਸ਼ਨ ਮਹਾਰਾਜ ਜੀ ਕੋਲ ਆ ਕੇ ਤੇ ਉਧਰ ਪੇਟ ਦੇ ਉਤੋਂ ਕੱਪੜੇ ਲਾਹੇ, ਬਾਟੀ ਤਾਂ ਗਾਇਬ ਹੋ ਗਈ ਤੇ ਉਸ ਦੀ ਜਗ੍ਹਾ ਇਕ ਮੁਸਲ ਨਿਕਲ ਆਇਆ। ਕ੍ਰਿਸ਼ਨ ਮਹਾਰਾਜ ਕੋਲ ਚਲੇ ਗਏ। ਕਹਿਣ ਲੱਗੇ, "ਮਹਾਰਾਜ ਸਾਨੂੰ ਦੁਰਬਾਸਾ ਰਿਸ਼ੀ ਨੇ ਸਰਾਪ ਦੇ ਦਿੱਤਾ।"

ਕ੍ਰਿਸ਼ਨ ਮਹਾਰਾਜ ਕਹਿਣ ਲੱਗੇ, "ਬੱਚਿਓ! ਸਾਧੂ ਬਗੈਰ ਕਿਸੇ ਮਤਲਬ ਤੋਂ ਨਾ ਵਰ ਦਿੰਦੇ ਨੇ, ਨਾ ਸਰਾਪ ਦਿੰਦੇ ਨੇ, ਸੇਵਾ ਕਰ ਲਓ, ਪ੍ਰਸੰਨ ਕਰ ਲਓ, ਪ੍ਰਸੰਨ ਹੋ ਕੇ ਉਹਨਾਂ ਦੇ ਮੁਖ 'ਚੋਂ ਵਰ ਨਿਕਲ ਜਾਂਦਾ ਹੈ, ਬਚਨ ਨਿਕਲ ਜਾਂਦਾ ਹੈ। ਉਹ ਵਰ ਦੇ ਰੂਪ 'ਚ ਹੁੰਦੇ ਨੇ। ਨਾਰਾਜ਼ ਕਰ ਲਓ, ਦੁਖੀ ਕਰ ਲਓ ਤਾਂ ਫੇਰ ਸਰਾਪ ਵੀ ਹੋ ਜਾਇਆ ਕਰਦਾ ਹੈ। ਕੀ ਸਰਾਫ ਦਿੱਤਾ ਹੈ? ਕਹਿੰਦੇ, "ਮਹਾਰਾਜ! ਇਕ ਬੱਚੇ ਦੇ ਪੇਟ ਤੇ ਲੋਹੇ ਦੀ ਬਾਟੀ ਕਪੜਿਆਂ ਵਿਚ ਵਲੇਟ ਕੇ ਐਉਂ ਕਰ ਲਿਆ ਜਿਵੇਂ ਗਰਭ ਵਾਲਾ ਪੇਟ ਹੁੰਦਾ ਹੈ। ਸੋ ਘਰੋਂ ਤਾਂ ਬਾਟੀ ਬੰਨੀ ਸੀ, ਇਹ ਲੋਹੇ ਦਾ ਭਾਰੀ ਮੁਸਲ ਬਣ ਗਿਆ ਤੇ ਨਾਲ ਉਨ੍ਹਾਂ ਨੇ ਇਹ ਕਿਹਾ ਕਿ ਜੋ ਤੁਹਾਡੀ ਕੁਲ ਦਾ ਖਾਤਮਾ ਕਰੇਗਾ, ਉਹ ਜੰਮੇਗਾ ਇਹਦੇ 'ਚੋਂ। ਤੁਸੀਂ 16 ਕਲਾਂ ਸੰਪੂਰਨ ਅਵਤਾਰ ਹੋ, ਬਦਲ ਸਕਦੇ ਹੋ, ਬਚਨ ਟਾਲ ਸਕਦੇ ਹੋ। ਕਹਿੰਦੇ, "ਨਾ! ਮੈਂ ਨਹੀਂ ਬਚਨ ਟਾਲ ਸਕਦਾ, ਇਹ ਨਿਰੰਕਾਰ ਦਾ ਆਦਿ ਤੋਂ ਹੁਕਮ ਹੈ।

***ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ॥***
***ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ॥***
***ਪੰਨਾ - 1252***

ਮੈਨੂੰ ਬੰਨ੍ਹ ਲਏ ਫੇਰ ਮੈਂ ਜਵਾਬ ਨਹੀਂ ਦੇ ਸਕਦਾ। ਨਾਮਦੇਵ ਦਾ ਦੇਹੁਰਾ ਫੇਰਦਾ ਫਿਰਦਾ ਹੈ, ਧੰਨੇ ਦੀਆਂ ਗਊਆਂ ਚਾਰਦਾ ਫਿਰਦਾ ਹੈ। ਉਹ ਜਿਹੜਾ ਕਰੋੜਾਂ ਬ੍ਰਹਿਮੰਡਾਂ ਦਾ ਮਾਲਕ ਹੈ, ਜਿਸਦਾ ਨਾ ਕੋਈ ਆਦਿ ਨਾ ਕੋਈ ਅੰਤ। ਪਿਆਰ ਦੇ ਵਸੀਭੂਤ ਹੋ ਕੇ ਛੋਲਿਆਂ ਦੀਆਂ ਰੋਟੀਆਂ ਖਾ ਰਿਹਾ ਹੈ, ਲੱਸੀ ਦੇ ਗਲਾਸ ਭਰ-ਭਰ ਪੀ ਰਿਹਾ ਹੈ ਕਿਉਂਕਿ ਪਿਆਰ ਵਿਚ ਬੰਨ੍ਹਿਆ ਜਾਂਦਾ ਹੈ। ਹੋਰ ਕੋਈ ਤਰੀਕਾ ਨਹੀਂ ਪ੍ਰਮੇਸ਼ਰ ਨੂੰ ਕਾਬੂ ਕਰਨ ਦਾ। ਸਾਰਿਆਂ ਦਾ ਮਾਲਕ ਹੈ ਉਹ ਪਰ ਸੰਤਾਂ ਤੇ ਭਗਤਾਂ ਦੇ ਅੰਤਸ਼ਕਰਣ ਵਿਚ ਕੈਦ ਹੋ ਜਾਇਆ ਕਰਦਾ ਹੈ।

ਸੋ ਕ੍ਰਿਸ਼ਨ ਮਹਾਰਾਜ ਕਹਿਣ ਲੱਗੇ, "ਮੈਂ ਨਹੀਂ ਛੁਡਾ ਸਕਦਾ, ਮੈਂ ਆਪਣੇ ਪਿਆਰੇ ਦਾ ਬਚਨ ਨਹੀਂ ਬਦਲ

ਸਕਦਾ। ਜਾਓ! ਪਰਾਸ਼ਚਿਤ ਕਰ ਲਓ। ਪ੍ਰਭਾਸਸ਼ੇਤਰ 'ਚ ਜਾਓ ਉਥੇ ਜਾ ਇਸ ਨੂੰ ਰਗੜ ਦਿਓ ਸਮੁੰਦਰ 'ਚ ਸੁੱਟ ਦਿਓ। ਰਗੜ ਰਗੜ ਕੇ ਸਮੁੰਦਰ 'ਚ ਸੁੱਟ ਦਿੱਤਾ ਇਕ ਛੋਟਾ ਜਿਹਾ ਹਿੱਸਾ, ਨਿੱਕਾ ਜਿਹਾ ਬਚ ਗਿਆ ਉਹ ਹੱਥ 'ਚੋਂ ਨਿਕਲ ਗਿਆ, ਹੇਠਾਂ ਮੱਛੀ ਸੀ, ਮੱਛੀ ਨੇ ਨਿਗਲ ਲਿਆ ਤੇ ਨਾਲ ਬਚਨ ਕਰ ਦਿੱਤਾ, ਸ਼ਰਾਬ ਨਾ ਪੀਓ। ਗੁਸਤਾਖੀ 'ਚ ਆ ਗਏ, ਸ਼ਰਾਬ ਪੀ ਲਈ ਉਥੇ ਹੀ ਆਪਸ ਵਿਚ ਲੜ ਕੇ, ਕੱਟ ਵੱਢ ਕੇ ਸਾਰੇ ਹੀ ਮਰ ਗਏ, ਇਕ ਨਾ ਬਚਿਆ।

***ਦੁਰਬਾਸਾ ਸਿਉ ਕਰਤ ਠਗਉਰੀ ਜਾਦਵ ਏ ਫਲ ਪਾਏ॥***
***ਪੰਨਾ - 693***

ਕ੍ਰਿਸ਼ਨ ਮਹਾਰਾਜ ਇਕੱਲੇ ਰਹਿ ਗਏ ਤੇ ਆਪ ਨੇ ਬਸਤੀ ਛੱਡ ਕੇ ਜੰਗਲ 'ਚ ਜਾ ਕੇ ਇਕ ਦਰਖਤ ਨਾਲ ਢਾਸਣਾ ਲਾ ਲਿਆ ਤੇ ਪੈਰ ਗੋਡੇ ਉਤੇ ਰੱਖ ਲਿਆ। ਇਧਰਲੇ ਪਾਸਿਓ ਇਕ ਬੱਧਕ, ਜਿਸ ਨੇ ਮੱਛੀ ਫੜ ਲਈ, ਮੱਛੀ ਦੇ ਵਿਚੋਂ ਉਹ ਅਣੀ ਨਿਕਲੀ, ਉਸ ਨੇ ਆਪਣੇ ਤੀਰ ਦੇ ਉਤੇ ਲਾ ਲਈ। ਉਹੀ ਤੀਰ ਮਣੀ ਵਾਲਾ ਉਸ ਨੇ ਸਿੰਨ੍ਹ ਕੇ ਮਾਰਿਆ ਕਿ ਹਿਰਨ ਹੈ ਤੇ ਉਹ ਜਾ ਕੇ ਕ੍ਰਿਸ਼ਨ ਮਹਾਰਾਜ ਜੀ ਦੀ ਵੱਖੀ 'ਚ ਲਗਿਆ। ਭਾਈ ਗੁਰਦਾਸ ਜੀ ਲਿਖਦੇ ਨੇ ਕਿ -

***ਜਾਇ ਸੁਤਾ ਪਰਭਾਸ ਵਿਚਿ ਗੋਡੇ ਉਤੇ ਪੈਰ ਪਸਾਰੇ॥***
***ਚਰਣ ਕਮਲ ਵਿਚਿ ਪਦਮੁ ਹੈ, ਝਿਲਮਿਲ ਝਲਕੈ ਵਾਂਗੀ ਤਾਰੇ॥***
***ਭਾਈ ਗੁਰਦਾਸ ਜੀ ਦੀ ਵਾਰ 10/23***

ਤਾਰੇ ਵਾਂਗ ਝਿਲਮਿਲ-ਝਿਲਮਿਲ ਕਰ ਰਿਹਾ ਹੈ।

***ਬਧਿਕੁ ਆਇਆ ਭਾਲਦਾ ਮਿਰਗੈ ਜਾਣਿ ਬਾਣੁ ਲੈ ਮਾਰੇ।***
***ਭਾਈ ਗੁਰਦਾਸ ਜੀ ਦੀ ਵਾਰ 10/23***

ਉਸ ਨੇ ਮਿਰਗ ਸਮਝ ਲਿਆ, ਮਿਰਗ ਸਮਝ ਕੇ ਵੱਖੀ 'ਚ ਬਾਨ ਮਾਰਿਆ।

***ਦਰਸਣ ਡਿਠੋਸ ਜਾਇਕੈ ਕਰਣ ਪਲਾਵ ਕਰੇ ਪੂਕਾਰੇ।***
***ਭਾਈ ਗੁਰਦਾਸ ਜੀ ਦੀ ਵਾਰ 10/23***

ਜਦੋਂ ਕੋਲ ਗਿਆ, ਉਸ ਵੇਲੇ ਉਹਨੇ ਬੜਾ ਰੋਣਾ ਸ਼ੁਰੂ ਕਰਿਆ ਕਿ ਮੈਂ ਤਾਂ ਬੜਾ ਭਾਰਾ ਪਾਪ ਕਰਿਆ ਹੈ ਤੇ ਕ੍ਰਿਸ਼ਨ ਮਹਾਰਾਜ ਜੀ ਦੇ ਬਾਣ ਮਾਰ ਦਿੱਤਾ ਤੇ ਇਸ ਤਰ੍ਹਾਂ ਬੇਨਤੀਆਂ ਕਰਦਾ ਹੈ -

***ਧਾਰਨਾ - ਮਿਰਗ ਜਾਣ ਕੇ ਬਾਣ ਮੈਂ ਮਾਰਿਆ,***
***ਭੁੱਲ ਮੇਰੀ ਬਖਸ਼ੀਂ ਮਾਲਕਾ -2, 2.***
***ਭੁੱਲ ਮੇਰੀ ਓ, ਬਖਸ਼ੀਂ ਮਾਲਕਾ -2, 2.***
***ਮਿਰਗ ਜਾਣ ਕੇ ਬਾਣ ਮੈਂ ਮਾਰਿਆ, .. -2.***

***ਜਾਇ ਸੁਤਾ ਪਰਭਾਸ ਵਿਚਿ ਗੋਡੇ ਉਤੇ ਪੈਰ ਪਸਾਰੇ।***
***ਚਰਣ ਕਮਲ ਵਿਚਿ ਪਦਮੁ ਹੈ, ਝਿਲਮਿਲ ਝਲਕੈ ਵਾਂਗੀ ਤਾਰੇ।***
***ਬਧਿਕੁ ਆਇਆ ਭਾਲਦਾ, ਮਿਰਗੈ ਜਾਣਿ ਬਾਣੁ ਲੈ ਮਾਰੇ।***
***ਦਰਸਨ ਡਿਠੋਸ ਜਾਇਕੈ ਕਰਣ ਪਲਾਵ ਕਰੇ ਪੂਕਾਰੇ।***
***ਗਲਿ ਵਿਚਿ ਲੀਤਾ ਕ੍ਰਿਸ਼ਨ ਜੀ ਅਵਗੁਣੁ ਕੀਤਾ ਹਰਿ ਨ ਚਿਤਾਰੇ।***
***ਕਰਿ ਕਿਰਪਾ ਸੰਤੋਖਿਆ, ਪਤਿਤ ਉਧਾਰਣੁ ਬਿਰਦੁ ਬੀਚਾਰੇ।***
***ਭਲੇ ਭਲੇ ਕਰਿ ਮੰਨੀਅਨਿ ਬੁਰਿਆਂ ਦੇ ਹਰਿ ਕਾਜ ਸਵਾਰੇ।***
***ਪਾਪ ਕਰੇਂਦੇ ਪਤਿਤ ਉਧਾਰੇ॥***
***ਭਾਈ ਗੁਰਦਾਸ ਜੀ ਦੀ ਵਾਰ 10/23***

ਐਨੇ ਬਚਨ ਸਮਝਾ ਕੇ ਗੁਰੂ ਪੰਜਵੇਂ ਪਾਤਸ਼ਾਹ ਕਹਿਣ ਲੱਗੇ, "ਦੇਖ, ਭਾਈ ਬੁੱਧੂ! ਦੁਆਪਰ ਯੁੱਗ ਦੇ ਅੰਦਰ 16 ਕਲਾ ਸੰਪੂਰਨ ਅਵਤਾਰ ਨੇ ਆਪਣੀ ਕੁਲ ਦਾ ਨਾਸ਼ ਕਰਾ ਲਿਆ, ਪਰ ਸਾਧੂ ਦਾ ਬਚਨ ਨਹੀਂ ਬਦਲਿਆ। ਸੋ ਇਸ ਕਰਕੇ ਬਚਨ ਤਾਂ ਨਹੀਂ ਅਸੀਂ ਬਦਲ ਸਕਦੇ।" ਬੁੱਧੂਸ਼ਾਹ ਕਹਿਣ ਲੱਗਿਆ, ਪਾਤਸ਼ਾਹ! ਮੈਂ ਤਾਂ ਬਰਬਾਦ ਹੋ ਜਾਵਾਂਗਾ, ਬੜਾ ਕਰਜਾ ਲੈ ਕੇ ਮੈਂ ਆਵਿਆਂ ਤੇ ਲਾਇਐ। ਕਹਿੰਦੇ, ਸੰਗਤ ਦੀ ਸੇਵਾ ਕੀਤੀ ਨਿਹਫਲ ਨਹੀਂ ਜਾਂਦੀ। ਜੇ ਸੰਗਤ ਦੀ ਸੇਵਾ ਕਰੀ ਬੇ-ਫਲ ਚਲੀ ਗਈ ਤਾਂ ਸਾਰੇ ਹੀ ਜੋ ਵੀ ਬਚਨ ਨੇ ਇਸ ਦੇ ਵਿਚ ਉਹ ਸਾਰੇ ਰੱਦ ਹੋ ਜਾਣਗੇ। ਹਾਂ ਇਹ ਹੈ ਕਿ ਰਹਿਣਗੇ ਤਾਂ ਤੇਰੇ ਆਵੇ ਪਿੱਲੇ ਹੀ ਪਰ ਪੱਕਿਆਂ ਤੋਂ ਵੀ ਮਹਿੰਗੇ ਵਿਕਣਗੇ। ਆਵੇ ਖੋਲ੍ਹੇ ਗਏ, ਪਿੱਲੇ ਪਏ ਨੇ ਕੋਈ ਨਹੀਂ ਖਰੀਦਦਾ, ਬਾਰਿਸ਼ ਐਨੀ ਜ਼ਿਆਦਾ ਹੋਈ ਕਿ ਕਿਲੇ ਦੀ ਦੀਵਾਰ ਗਿਰ ਗਈ, ਬੇਅੰਤ ਘਰ ਢਹਿ ਗਏ। ਕਿਸੇ ਆਵੇ 'ਚ ਇੱਟ ਨਾ ਰਹੀ, ਸਾਰੀਆਂ ਖਰੀਦੀਆਂ ਗਈਆਂ, ਇੱਟਾਂ ਮਹਿੰਗੀਆਂ ਹੋ ਗਈਆਂ ਤੇ ਉਧਰ ਕਿਲੇ ਦੀ ਕੰਧ ਵਾਸਤੇ ਕਿਤੋਂ ਵੀ ਇੱਟ ਨਹੀਂ ਮਿਲਦੀ। ਭਾਈ ਬੁੱਧੂ ਦੇ ਆਵੇ, ਇੱਟਾਂ ਖਰੀਦਣ ਵਾਲੇ ਆਏ ਤਾਂ ਭਾਈ ਬੁੱਧੂ ਕਹਿਣ ਲੱਗਿਆ ਕਿ ਮੇਰੇ ਆਵੇ ਤਾਂ ਕੱਚੇ ਨੇ ਪਰ ਮੈਂ ਏਸ ਭਾਅ ਦੇਣੇ ਨੇ। ਪੱਕਿਆਂ ਤੋਂ ਮਹਿੰਗੇ ਵਿਕ ਗਏ। ਸੋ ਇਸ ਤਰ੍ਹਾਂ ਦੇ ਨਾਲ -

***ਚਾਰਿ ਪਦਾਰਥ ਜੇ ਕੋ ਮਾਗੈ॥***
***ਸਾਧ ਜਨਾ ਕੀ ਸੇਵਾ ਲਾਗੈ॥ ਪੰਨਾ - 266***

ਫਲ ਵੀ ਪ੍ਰਾਪਤ ਹੁੰਦੇ ਨੇ ਤੇ ਦਰਗਾਹ ਦੇ ਵਿਚ ਜਾ ਕੇ ਵੀ ਸੁਰਖਰੂ ਹੁੰਦਾ ਹੈ।

***ਵਿਚਿ ਦੁਨੀਆ ਸੇਵ ਕਮਾਈਐ॥***
***ਤਾ ਦਰਗਹ ਬੈਸਣੁ ਪਾਈਐ॥***
***ਕਹੁ ਨਾਨਕ ਬਾਹ ਲੁਡਾਈਐ॥ ਪੰਨਾ - 26***

***ਧਾਰਨਾ - ਦਰਗਹ ਮੋਖ ਦੁਆਰ,***
***ਇਥੇ ਮਿਲਦੀਆਂ ਨੇ ਵਡਿਆਈਆਂ -2, 2.***
***ਇਥੇ ਮਿਲਦੀਆਂ ਨੇ ਵਡਿਆਈਆਂ -4, 2.***
***ਦਰਗਹ ਮੋਖ ਦੁਆਰ, ............... -2.***

***ਸਤਿਗੁਰ ਕੀ ਸੇਵਾ ਚਾਕਰੀ..........॥ ਪੰਨਾ - 586***

ਕਿਹੋ ਜਿਹੀ ਹੈ? ਮਹਾਰਾਜ ਜੀ ਕਹਿੰਦੇ -

***............. ਸੁਖੀ ਹੂੰ ਸੁਖ ਸਾਰੁ॥ ਪੰਨਾ - 586***

ਸੁਖ ਦੇਣ ਵਾਲੀ ਤੇ ਸੁੱਖਾਂ ਦਾ ਖਜ਼ਾਨਾ ਹੈ।

***ਐਥੈ ਮਿਲਨਿ ਵਡਿਆਈਆ ਦਰਗਹ ਮੋਖ ਦੁਆਰੁ॥***
***ਪੰਨਾ - 586***

ਇਥੇ ਵਡਿਆਈਆਂ ਮਿਲਦੀਆਂ ਨੇ ਜੋ ਇੱਛਦਾ ਹੈ ਉਹ ਪ੍ਰਾਪਤੀ ਹੋ ਜਾਂਦੀ ਹੈ ਤੇ ਦਰਗਾਹ 'ਚ ਜਾ ਕੇ ਮੋਖ ਦੁਆਰਾ ਮਿਲਦਾ ਹੈ। ਮਹਾਰਾਜ ਜੀ (ਸੰਤ ਰਾੜੇ ਵਾਲੇ) ਜਦੋਂ ਢੱਕੀ ਸਾਹਿਬ ਛੱਡ ਕੇ ਜਿਥੇ ਹੁਣ ਮੌਜੂਦਾ ਗੁਰਦੁਆਰਾ ਰਾੜਾ ਸਾਹਿਬ ਹੈ ਇਹਦੇ ਪਿਛਲੇ ਪਾਸੇ ਪਹਿਲਾਂ ਪਹਿਲਾਂ ਛੱਪਰੀਆਂ ਪਾਈਆਂ ਹੁੰਦੀਆਂ ਸੀ ਤੇ ਉਹਨਾਂ ਛੱਪਰੀਆਂ 'ਚ ਮਹਾਰਾਜ ਜੀ ਵੀ ਰਿਹਾ ਕਰਦੇ ਸੀ। ਚੌਥੀ ਛੱਪਰੀ ਸੀ ਜਿਸ ਦੇ ਵਿਚ

ਮੇਰਾ ਵੀ ਆਸਨ ਲੱਗਿਆ ਹੁੰਦਾ ਸੀ। ਬਹੁਤ ਅਨੰਦ ਆਉਂਦਾ ਸੀ ਭਜਨ-ਬੰਦਗੀ ਦਾ, ਅੰਮ੍ਰਿਤ ਵੇਲੇ ਜਾਗਣਾ ਕੋਈ ਕਿਸੇ ਨੂੰ ਬੁਲਾਉਂਦਾ ਨਹੀਂ ਸੀ, ਮੋਨ ਵਰਤ ਰਖਾਇਆ ਕਰਦੇ ਸੀ ਤੇ ਉਹਨਾਂ ਦਿਨਾਂ ਦੇ ਅੰਦਰ, ਕੋਲ ਪਿੰਡ ਹਾਂਸਾ ਹੈ ਉਥੇ ਦੇ ਰਹਿਣ ਵਾਲੇ ਸ. ਮੋਹਨ ਸਿੰਘ ਜਿਨ੍ਹਾਂ ਦਾ ਕਾਰੋਬਾਰ ਦਿੱਲੀ ਚਲਦਾ ਸੀ। ਉਸ ਵੇਲੇ ਤੇਲ ਮਿੱਲ ਦੇ ਅੰਦਰ ਫਰਨੀਸ਼ਿੰਗ ਕੰਪਨੀ ਸੀ ਉਹਨਾਂ ਦੀ। ਉਹ ਵੀ ਆਏ ਤੇ ਆ ਕੇ ਮਹਾਰਾਜ ਕੋਲ ਬੇਨਤੀ ਕਰੀ, ਕਹਿੰਦੇ ਜੀ, ਜੇ ਹੁਕਮ ਹੋਵੇ ਮਹਾਰਾਜ! ਇਕ ਛੋਟਾ ਜਿਹਾ ਮਕਾਨ ਆਪ ਦੇ ਰਹਿਣ ਵਾਸਤੇ ਮੈਂ ਇਥੇ ਬਣਾ ਦੇਵਾਂ, ਆਪ ਦੀ ਆਗਿਆ ਦੀ ਜ਼ਰੂਰਤ ਹੈ ਤੇ ਆਪ ਦੱਸੋ ਕਿੱਡਾ ਕੁ ਹੋਣਾ ਚਾਹੀਦਾ ਹੈ। ਮਹਾਰਾਜ ਕਹਿੰਦੇ, "ਹੋਣਾ ਕਿੰਨਾ ਚਾਹੀਦੈ? ਇਕਲਿਆਂ ਵਾਸਤੇ ਹੀ ਚਾਹੀਦਾ ਹੈ। ਹੇਠਾਂ ਭੋਰਾ ਹੋਵੇ ਉਪਰ ਕੋਈ ਬਰਸਾਤੀ ਹੋ ਜਾਵੇ ਜਾਂ ਕਮਰਾ ਹੋ ਜਾਵੇ। ਇਸ ਤਰ੍ਹਾਂ ਦਾ ਬਣਾ ਦਿਓ ਜੇ ਤੁਹਾਡੀ ਇੱਛਾ ਹੈ, ਮਰਜੀ ਹੈ, ਨਹੀਂ ਤਾਂ ਸਾਡੇ ਇਸ ਛੱਪਰੀ 'ਚ ਬਹੁਤ ਸੋਹਣੇ ਦਿਨ ਕੱਟ ਹੁੰਦੇ ਨੇ –

***ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ॥***

***ਪੰਨਾ – 745***

ਕਹਿੰਦੇ ਕੋਈ ਸਾਨੂੰ ਫਰਕ ਨਹੀਂ, ਨਾ ਛਪਰੀ ਦਾ ਫਰਕ ਹੈ ਨਾ ਮਹਿਲਾਂ ਦਾ ਫਰਕ ਹੈ, ਉਹਦੇ ਨਾਲੋ ਸਗੋਂ ਸਤੋ ਗੁਣੀ ਜਿਆਦਾ ਇਹੀ ਹੁੰਦੀ ਹੈ। ਸੋ ਆਪ ਨੇ ਦਿੱਲੀ ਤੋਂ ਓਵਰਸੀਅਰ ਭੇਜ ਦਿੱਤਾ, ਨਕਸ਼ਾ ਭੇਜ ਦਿਤਾ ਬਣਾ ਕੇ ਤੇ ਭੋਰਾ ਸਾਹਿਬ ਬਣਨਾ ਸ਼ੁਰੂ ਹੋ ਗਿਆ। ਪਹਿਲੀ ਮੰਜਲ ਬਣੀ, ਦੂਸਰੀ ਬਣੀ, ਤੀਸਰੀ ਬਣੀ, ਚੌਥੀ ਉਪਰ ਜਾ ਕੇ ਛੋਟੀ ਜਿਹੀ ਮੰਮਟੀ ਬਣ ਗਈ। ਇਕ ਮੰਜੇ ਦੇ ਡਹਿਣ ਦਾ ਥਾਂ ਸੀ ਉਸਦੇ ਵਿੱਚ ਥੋੜ੍ਹਾ ਜਿਹਾ ਸਮਾਨ ਰੱਖਣ ਨੂੰ ਪਿਛਲੇ ਪਾਸੇ ਸੀ ਤੇ ਵਰਾਂਡਾ ਸੀ ਆਲੇ-ਦੁਆਲੇ। ਹੁਣ ਤਾਂ ਛਤਿਆ ਹੋਇਐ, ਪਹਿਲਾਂ ਤਾਂ ਨੰਗਾ ਹੀ ਬਰਾਂਡਾ ਸੀ। ਜਿਸ ਵਕਤ ਬਣ ਗਿਆ ਤਾਂ ਉਸਦੇ ਵਿਚ ਅਜੇ ਇੱਟਾਂ ਉਸੇ ਤਰ੍ਹਾਂ ਪਈਐਂ ਸਨ ਸ. ਮੋਹਨ ਸਿੰਘ ਦਿੱਲੀ ਤੋਂ ਆਏ। ਛੱਤਾਂ ਪੈ ਚੁੱਕੀਆਂ ਸਨ, ਤਿਆਰੀ ਹੋਣ ਵਾਲੀ ਸੀ ਤੇ ਉਸ ਵੇਲੇ ਮੈਂ ਵੀ ਬੈਠਾ ਸੀ ਤੇ ਉਹ ਵੀ ਆ ਗਏ, ਆ ਕੇ ਕਹਿਣ ਲੱਗੇ, "ਮਹਾਰਾਜ! ਬੜੀ ਦੇਰ ਤੋਂ ਮੈਥੋਂ ਆ ਨਹੀਂ ਹੋਇਆ ਇਹ ਉਵਰਸੀਅਰ ਭੇਜਿਆ ਸੀ ਸੇਵਾਦਾਰ ਵਗੈਰਾ। ਪਤਾ ਨਹੀਂ ਤੁਹਾਡੀ ਰੁਚੀ ਅਨੁਸਾਰ ਬਣ ਗਿਆ ਹੈ ਜਾਂ ਨਹੀਂ। ਕਹਿੰਦੇ, "ਨਹੀਂ ਬਹੁਤ ਸੋਹਣਾ ਬਣ ਗਿਆ, ਮੋਹਨ ਸਿੰਘ! ਬਹੁਤ ਖੁਸ਼ੀਆਂ ਨੇ।" ਮਹਾਂਪੁਰਸ਼ਾਂ ਦੇ ਮੁੱਖ ਤੋਂ ਨਿਕਲ ਗਿਆ। ਮੋਮਬੱਤੀ ਜਲ ਰਹੀ ਸੀ ਤੇ ਇੱਟਾਂ ਦੇ ਵਿਚ ਕੁਰਸੀ ਡਾਈ ਹੋਈ ਸੀ ਤੇ ਅਸੀਂ ਇੱਟਾਂ ਪਰੇ ਕਰਕੇ ਦੋਏ ਜਣੇ ਬੈਠੇ ਸੀ। ਮਹਾਰਾਜ ਜੀ ਕਹਿਣ ਲੱਗੇ, "ਮੋਹਨ ਸਿੰਘ! ਇਕ ਸ਼ੇਰ ਨੇ ਸਾਧੂਆਂ ਵਾਸਤੇ, ਇਕ ਰਾਤ ਕੱਟਣ ਵਾਸਤੇ ਆਪਣਾ ਘੁਰਨਾ ਦੇ ਦਿੱਤਾ ਸੀ ਤੇ ਉਹਦਾ ਬੇਅੰਤ ਫਲ ਇਸ ਸੇਵਾ ਦਾ ਪ੍ਰਾਪਤ ਹੋਇਆ ਸੀ।" ਸੱਚੇ ਪਾਤਸ਼ਾਹ ਉਹ ਕਿਵੇਂ ਦੇ ਦਿੱਤਾ ਸੀ, ਕ੍ਰਿਪਾ ਕਰਕੇ ਦੱਸੋ ਮੈਂ ਜਾਣਦਾ ਨਹੀਂ।" ਮਹਾਰਾਜ ਜੀ ਕਹਿਣ ਲੱਗੇ, "ਜਿਸ ਵਕਤ ਗੁਰੂ ਨੌਵੇਂ ਪਾਤਸ਼ਾਹ ਜੀ ਅਨੰਦਪੁਰ ਸਾਹਿਬ ਦੀ ਤਿਆਰੀ ਕਰਾ ਰਹੇ ਨੇ ਇਮਾਰਤਾਂ ਬਣ ਰਹੀਆਂ ਨੇ ਤਾਂ ਉਥੇ ਇਕ ਪੀਰ ਮੌਲੇ ਸ਼ਾਹ, ਰੋਪੜ ਦਾ ਆ ਗਿਆ। ਉਹਨੇ ਤਰਕ ਕੀਤੀ ਗੁਰਸਿੱਖਾਂ ਨੂੰ ਕਿਹਾ –

***ਜਿਨੀ ਚਲਣੁ ਜਾਣਿਆ ਸੇ ਕਿਉ ਕਰਹਿ ਵਿਥਾਰ॥***

***ਪੰਨਾ – 787***

ਕਹਿੰਦੇ, "ਬਾਣੀ ਤਾਂ ਤੁਹਾਡੀ ਐਂ ਕਹਿੰਦੀ ਹੈ ਤੇ ਗੁਰੂ ਵੱਡੇ ਵੱਡੇ ਮਹੱਲ ਬਣਾਉਣ ਲੱਗੇ ਹੋਏ ਨੇ, ਬੜੇ ਕਮਰੇ ਬਣਾ ਰਹੇ ਨੇ, ਬਉਲੀਆਂ ਬਣਾ ਰਹੇ ਨੇ, ਇਹਨਾਂ ਨੇ ਨਹੀਂ ਚਲੇ ਜਾਣਾ ਇਥੋਂ? ਗੁਰਸਿੱਖ ਚੁੱਪ ਕਰ ਗਏ। ਮਹਾਰਾਜ ਜੀ ਦੇ ਪਾਸ ਜਾ ਕੇ ਬੇਨਤੀ ਕਰੀ, "ਪਾਤਿਸ਼ਾਹ! ਪੀਰ ਰੋਪੜ ਵਾਲਾ ਐਉਂ ਕਹਿੰਦਾ ਹੈ।" ਮਹਾਰਾਜ ਕਹਿੰਦੇ, "ਕੋਈ ਨਾ, ਆਸਣ ਕਰਾ ਦਿਉ, ਪ੍ਰਸ਼ਾਦ ਪਾਣੀ ਦਿਉ ਤੇ ਉਹਦੇ ਬਾਅਦ ਉਹਨਾਂ ਨਾਲ ਬਚਨ ਕਰ ਲਵਾਂਗੇ।" ਸੋ ਪ੍ਰਸ਼ਾਦਾ ਛਕਾਇਆ ਤੇ ਉਸ ਤੋਂ ਬਾਅਦ ਰਿਹਾਇਸ਼ ਨੂੰ ਥਾਂ ਦਿੱਤਾ ਤੇ ਅਰਾਮ ਦੇ ਬਾਅਦ ਬੇਨਤੀ ਕੀਤੀ ਤੇ ਆਪ ਬਿਰਾਜ ਗਏ। ਜਦੋਂ ਬਿਰਾਜੇ ਉਸ ਵੇਲੇ ਗੁਰੂ ਮਹਾਰਾਜ ਆਏ ਸੁਪਨੇ 'ਚ ਕਹਿਣ ਲੱਗੇ, ਆਉ ਪੀਰ ਜੀ ਸੈਰ ਕਰਾਈਏ। ਬਹਿਸ਼ਤਾਂ 'ਚ ਲੈ ਗਏ, ਬਹਿਸ਼ਤ ਇਕ ਨਹੀਂ ਹੈ ਸ਼ਾਸਤਰਾਂ ਦੇ ਮੁਤਾਬਿਕ ਗਿਆਰਾਂ ਬਹਿਸ਼ਤਾਂ ਨੇ ਜਿਨ੍ਹਾਂ ਨੂੰ ਸਵਰਗ ਕਹਿੰਦੇ ਨੇ, ਇਕ ਤੋਂ ਇਕ ਚੜ੍ਹਦਾ ਹੈ ਤੇ ਉਹਨਾਂ ਦੀ ਸੈਰ ਕਰਾਉਣ ਲੱਗੇ ਤੇ ਬਹੁਤ ਵਧੀਆ ਸਵਰਗ ਦੇ ਵਿਚ। ਪੀਰ ਜੀ ਨੇ ਕਿਹਾ ਕਿ ਆਹ ਬੜਾ ਸੁਖੀ ਰਹਿੰਦੈ ਦੇਵਤਾ। ਪਤਾ ਨਹੀਂ ਇਹਨੇ ਕਿਹੜਾ ਪੁੰਨ ਕਰਿਐ, ਜਿਸ ਦੇ ਕਰਕੇ ਇਸ ਨੂੰ ਐਨਾ ਸੁਖ ਪ੍ਰਾਪਤ ਹੋਇਆ ਹੈ। ਮਹਾਰਾਜ ਜੀ ਕਹਿੰਦੇ ਪੁੱਛ ਲੈ। ਕਹਿੰਦਾ, "ਐ ਫਰਿਸ਼ਤੇ! ਤੂੰ ਸੰਸਾਰ ਦੇ ਅੰਦਰ ਕਿਹੜਾ ਦਾਨ ਕਰਿਆ ਜਿਸ ਕਰਕੇ ਤੂੰ ਐਨਾ ਸੁਖੀ ਰਹਿੰਦਾ ਹੈ।" ਕਹਿਣ ਲੱਗਿਆ, "ਪੀਰ ਜੀ! ਮੈਂ ਤਾਂ ਕੋਈ ਦਾਨ ਨਹੀਂ ਕੀਤਾ, ਮੈਂ ਮਨੁੱਖ ਨਹੀਂ ਸੀ, ਮੈਂ ਪਿਛਲੇ ਜਨਮ ਦੇ ਅੰਦਰ ਸ਼ੇਰ ਜੂਨੀ 'ਚ ਸੀ, ਤਾਮਸੀ ਜੂਨੀ 'ਚ ਮਾਸ ਖਾਂਦਾ ਸੀ। ਜੋ ਚੀਜ਼ ਮਿਲ ਜਾਏ ਉਸ ਦਾ ਮਾਸ ਖਾਂਦਾ ਸੀ, ਬੁੱਧੀ ਮੇਰੀ ਬਿਲਕੁਲ ਮੰਦ ਸੀ। ਕਿਸੇ ਤੇ ਮੈਂ ਰਹਿਮ ਨਹੀਂ ਸੀ ਕਰਦਾ ਤੇ ਇਕ ਦਿਨ ਦੇਵ ਨੇਤ ਨਾਲ ਬਾਰਿਸ਼ ਹੋ ਰਹੀ ਸੀ, ਠੰਢ ਦਾ ਮੌਕਾ ਸੀ, ਗੜ੍ਹੇ ਪੈ ਰਹੇ ਨੇ, ਬਿਜਲੀ ਲਿਸ਼ਕ ਰਹੀ ਸੀ ਤੇ ਮੈਂ ਵੀ ਠੰਡ ਦਾ ਮਾਰਿਆ ਹੋਇਆ ਘੁਰਨੇ ਨੂੰ ਨੱਠਿਆ, ਅੱਗੇ ਆ ਕੇ ਦੇਖਿਆ ਤਾਂ ਤਿੰਨ ਚਾਰ ਸੰਤ ਬੈਠੇ ਨੇ। ਉਹ ਸੰਤਾਂ ਦੇ ਦਰਸ਼ਨ ਕਰਕੇ ਮੇਰੇ ਉਤੇ ਕੋਈ ਐਸਾ ਅਸਰ ਹੋਇਆ ਕਿ ਮੇਰੇ ਅੰਦਰ ਵਿਚਾਰ ਆ ਗਈ ਮੈਂ ਤਾਂ ਹੈਗਾ ਤਾਮਸੀ ਜੂਨੀ 'ਚ ਤਕੜਾ, ਮੈਨੂੰ ਸਰਦੀ ਕੁਝ ਨਹੀਂ ਕਹਿ ਸਕਦੀ ਤੇ ਜੇ ਮੈਂ ਅੰਦਰ ਗਿਆ ਤਾਂ ਇਹ ਡਰ ਜਾਣਗੇ ਤੇ ਜੇ ਮੈਂ ਕੋਈ ਮਾਰ ਕੇ ਖਾ ਲਿਆ ਪਤਾ ਨਹੀਂ ਮੈਨੂੰ ਕਿਹੜਾ ਪਾਪ ਲਗੇਗਾ। ਸੋ ਮੈਂ ਉਥੋਂ ਹੀ ਮੁੜ ਗਿਆ ਤੇ ਮੇਰੀ ਠੰਡ ਦੇ ਨਾਲ ਮੌਤ ਹੋ ਗਈ, ਮੇਰਾ ਸਰੀਰ ਠੰਡ ਕਰਕੇ ਜਕੜ ਗਿਆ, ਮੈਂ ਜਕੜਨ ਦੇ ਨਾਲ ਮਰ ਗਿਆ ਤੇ ਮਰੇ ਹੋਏ ਨੂੰ ਮੈਨੂੰ ਇਕ ਰਾਤ ਭਰ ਸੰਤਾਂ ਨੂੰ ਆਪਣਾ ਘੁਰਨਾ ਦੇਣ ਦੇ ਬਦਲੇ ਆਹ ਸਵਰਗ ਦੀ ਪ੍ਰਾਪਤੀ ਹੋਈ ਹੈ। ਐਨੀ ਗੱਲ ਸੁਣੀ ਤੇ ਉਦੋਂ ਹੀ ਉਸ ਦੀ ਅੱਖ ਖੁੱਲ੍ਹ ਗਈ। ਮਹਾਰਾਜ ਜੀ ਨੇ ਬੁਲਾ ਲਿਆ। ਕਹਿੰਦੇ, "ਆਓ ਪੀਰ ਜੀ! ਦੱਸੋ ਕੀ ਸ਼ੰਕਾ ਹੈ।" ਕਹਿੰਦੇ, "ਪਾਤਿਸ਼ਾਹ! ਸ਼ੰਕਾ ਸੀ ਜਬਰਦਸਤ ਪਰ ਹੁਣ ਨਹੀਂ ਰਿਹਾ। ਕਹਿੰਦੇ, "ਪੀਰ ਜੀ! ਅਸੀਂ ਆਪਣੇ ਵਾਸਤੇ ਕੁਛ ਨਹੀਂ ਬਣਾ ਰਹੇ ਜੋ ਕੁਝ ਬਣ ਰਿਹਾ

ਹੈ ਸੰਗਤਾਂ ਵਾਸਤੇ ਬਣ ਰਿਹਾ ਹੈ, ਦੂਰ ਦਰਾਜ਼ ਤੋਂ ਸੰਗਤਾਂ ਨੇ ਆਉਣਾ ਹੈ, ਥੱਕੇ ਹੋਣੇ ਨੇ, ਉਹਨਾਂ ਨੂੰ ਕੁੱਲੀ-ਗੁੱਲੀ-ਜੁੱਲੀ ਤਿੰਨ ਚੀਜ਼ਾਂ ਦੀ ਲੋੜ ਪੈਣੀ ਹੈ। ਕੁੱਲੀਆਂ ਪਾ ਰਹੇ ਹਾਂ ਸਿਰ ਢੱਕਣ ਵਾਸਤੇ ਮੌਸਮ ਤੋਂ ਬਚਣ ਵਾਸਤੇ, ਬਾਰਸ਼ਾਂ ਤੋਂ, ਪਾਲੇ ਤੋਂ, ਬਉਲੀਆਂ ਬਣਾ ਰਹੇ ਹਾਂ ਉਹਨਾਂ ਨੂੰ ਠੰਡਾ ਪਾਣੀ ਮਿਲੇਗਾ। ਹੋਰ ਤਾਂ ਅਸੀਂ ਕੁਝ ਨਹੀਂ ਬਣਾ ਰਹੇ, ਅਸੀਂ ਤਾਂ ਆਪਣੇ ਵਾਸਤੇ ਤਾਂ ਆਹ ਦੇਖ ਲੈ ਕੱਚਾ ਜਿਹਾ ਕੋਠਾ ਬਣਾਇਆ ਹੋਇਆ ਹੈ। ਕਹਿੰਦਾ ਮਹਾਰਾਜ ਮੇਰਾ ਤਾਂ ਸ਼ੰਕਾਂ ਨਵਿਰਤ ਹੋ ਗਿਆ। ਹੁਣ ਕੋਈ ਸ਼ੰਕਾ ਨਹੀਂ ਰਿਹਾ ਕਿਉਂਕਿ ਬਹੁਤ ਭਾਰੀ ਪੁੰਨ ਹੈ।

ਸੋ ਮਹਾਰਾਜ ਜੀ ਕਹਿੰਦੇ, "ਮੋਹਨ ਸਿੰਘ ਜੀ! ਇਕ ਰਾਤ ਦਾ ਫਲ ਕਿੰਨਾ ਪ੍ਰਾਪਤ ਹੋਇਆ। ਹੁਣ ਤੂੰ ਦੱਸ, ਤੈਨੂੰ ਗੁਰੂ ਨਾਨਕ ਪਾਤਸ਼ਾਹ ਤੋਂ ਕੀ ਦਵਾਈਏ? ਕਿਉਂਕਿ ਇਥੇ ਅਸੀਂ ਬੈਠ ਕੇ ਅਕਾਲ ਪੁਰਖ ਨਾਲ ਇਕ ਚਿਤ ਹੋ ਕੇ ਬੰਦਗੀ ਕਰਨੀ ਹੈ ਤੇ ਉਸਦੀ ਤੈਨੂੰ ਵੀ ਵਡਿਆਈ ਮਿਲਣੀ ਚਾਹੀਦੀ ਹੈ। ਚੁੱਪ ਕਰ ਰਹੇ, ਦੂਸਰਾ ਬਚਨ ਫੇਰ ਕਰਿਆ, ਆਪ ਨੇ ਫੇਰ ਨੀਵੀਂ ਪਾ ਲਈ। ਤੀਸਰਾ ਬਚਨ ਮਹਾਂਪੁਰਸ਼ਾਂ ਨੇ ਫੇਰ ਕਰਿਆ ਕਹਿੰਦੇ, "ਬੋਲਦੇ ਨਹੀਂ ਹੋ।" ਚੁਪ ਕਰ ਗਏ ਤੇ ਉਸ ਵੇਲੇ ਆਪੇ ਹੀ ਮਹਾਂਪੁਰਸ਼ਾਂ ਦੇ ਮੁੱਖ ਤੋਂ ਉਚਾਰਣ ਹੋਇਆ ਕਹਿੰਦੇ, "ਜਾਹ! ਤੇਰੇ ਘਰ ਗੁਰੂ ਨਾਨਕ ਦੀਨ ਵੀ ਰਖੇਗਾ ਤੇ ਦੁਨੀਆਂ ਵੀ ਰੱਖੇਗਾ। ਦੁਨੀਆਂ ਵਿਚ ਵੀ ਤੁਸੀਂ ਪੂਰੇ ਰਹੋਗੇ, ਦੀਨ ਵੀ ਤੁਹਾਡੇ ਘਰ ਰਹੇਗਾ, ਪ੍ਰਭਤਾ ਪਾ ਕੇ ਤੁਸੀਂ ਭੁਲੋਂਗੇ ਨਹੀਂ ਤੇ ਗੁਰੂ ਨੂੰ ਯਾਦ ਰਖੋਂਗੇ।" ਸੋ ਇਥੇ ਵਡਿਆਈ ਮਿਲਦੀ ਹੈ, ਦਰਗਾਹ ਦੇ ਵਿਚ ਵੀ ਵਡਿਆਈ ਮਿਲਦੀ ਹੈ।

ਕਰਨਲ ਲਾਲ ਸਿੰਘ ਪਟਿਆਲੇ ਫੌਜ ਦੇ ਵਿਚ ਸੀ। ਆਪ ਨੇ ਯੂ.ਪੀ. 'ਚ ਫਾਰਮ ਲੈ ਲਿਆ ਤੇ ਉਹਨਾਂ ਨੇ ਨਾਨਕ ਮਤੇ ਦੀ ਸੇਵਾ ਲੈ ਲਈ, ਰੀਠਾ ਸਾਹਿਬ ਵਾਸਤੇ, 31 ਵਿਘੇ ਜ਼ਮੀਨ ਲੈ ਕੇ ਦਿੱਤੀ। ਬਾਗੇਸ਼ੂਰ ਦਾ ਗੁਰਦਵਾਰਾ ਕਢਾਇਆ। ਜੋ ਸਰਕਾਰ ਦੇ ਕਾਗਜ਼ਾਂ 'ਚ ਸੀ ਪਰ ਲੋਕਾਂ ਨੇ ਦੱਬ ਲਿਆ ਸੀ। ਅਲਮੋੜੇ ਦਾ ਗੁਰਦੁਆਰਾ ਬਿਲਕੁਲ ਖਤਮ ਹੋਣ ਲਗਿਆ ਸੀ। ਉਹ ਸਾਰਾ ਉਨ੍ਹਾਂ ਨੇ ਕਢਾਇਐ, ਹੋਰ ਵੀ ਜਿਥੇ ਜਿਥੇ ਸੁਣਦਾ ਸੀ, ਵਿਚਾਰਾ ਤੁਰਿਆ ਰਹਿੰਦਾ ਸੀ। ਜਦੋਂ ਅੰਤ ਦਾ ਸਮਾਂ ਆਇਆ ਉਹ ਦਿੱਲੀ ਚੜ੍ਹਾਈ ਕਰੇ। ਉਹਨਾਂ ਦੇ ਲੜਕਿਆਂ ਨੂੰ ਮੈਂ ਪੁਛਿਆ, ਸ. ਰਾਜਿੰਦਰ ਸਿੰਘ ਬਰਗੇਡੀਅਰ (ਪਿਛੋਂ ਮੇਜਰ ਜਨਰਲ) ਸੀ, ਹਰਮਿੰਦਰ ਸਿੰਘ ਏਅਰ ਕਮਾਂਡਰ, ਬਈ ਕਿਸ ਤਰ੍ਹਾਂ ਦੇ ਨਾਲ ਚੜ੍ਹਾਈ ਕਰੀ, ਉਹ ਮੈਨੂੰ ਦੱਸੋ ਉਹ ਆਖਰੀ ਬਾਤ ਚੀਤ। ਉਹ ਕਹਿੰਦੇ, ਜੀ ਆਖਰੀ ਸਮਾਂ ਐਸ ਤਰ੍ਹਾਂ ਆਇਆ, ਹਸਪਤਾਲ 'ਚ ਅਸੀਂ ਇਨ੍ਹਾਂ ਦੇ ਪਲੰਘ ਦੁਆਲੇ ਖੜ੍ਹੇ ਸੀ। ਵਲਿੰਗਟਨ ਹੋਸਪੀਟਲ 'ਚ ਇਹ ਪਏ ਨੇ, ਅਚਾਨਕ ਬੋਲਦੇ ਬੋਲਦੇ ਚੁਪ ਕਰ ਗਏ, ਤੇ ਸਾਡੇ ਚਾਚਾ ਜੀ ਡਾ. ਮੁਨਸ਼ੀ ਸਿੰਘ ਨੇ ਕਿਹਾ, ਲਾਲ ਸਿੰਘ ਚੁਪ ਕਰ ਗਿਆ, ਪਛਾਣਦਾ ਹੈਂ ਸਾਨੂੰ, ਦਸ ਤਾਂ ਸਹੀ? ਸਾਡੇ ਸਾਰਿਆਂ ਦੇ ਨਾਉ ਲੈ ਦਿੱਤੇ, ਅਸੀਂ 7-8 ਖੜ੍ਹੇ ਸੀ। ਇਹ ਦੱਸ ਕੇ ਚੁਪ ਕਰ ਗਏ, ਕਹਿੰਦੇ ਮੈਨੂੰ ਬੁਲਾਓ ਨਾ ਮੈਨੂੰ ਅਜਿਹਾ ਅਨੰਦ ਆਉਂਦੈ ਜਿਹੜਾ ਮੈਂ ਸਾਰੀ ਜ਼ਿੰਦਗੀ ਨਹੀਂ ਦੇਖਿਆ, ਬਹੁਤ ਹੀ ਕੋਈ ਮਨ ਦੀ ਸ਼ਾਂਤੀ (piece of mind) ਹੈ। ਕਹਿੰਦਾ ਅਸੀਂ ਖੜ੍ਹੇ ਰਹੇ, ਨਬਜ਼ ਦੇਖੀ, ਨਬਜ਼ ਠੀਕ ਚਲਦੀ ਹੈ ਤੇ ਉਸ ਤੋਂ ਬਾਅਦ 10-15 ਮਿੰਟ ਲੰਘੇ, ਅੱਖਾਂ ਖੋਲ੍ਹੀਆਂ, ਦੇਖ ਲੱਗਣ ਗਏ ਤੇ ਫੇਰ ਖੁਸ਼ੀ ਦੇ ਨਾਲ ਉਚੀ ਦੇ ਕੇ ਬੋਲੇ, ਕਹਿੰਦੇ, ਲੈ ਬਈ ਗੁਰੂ ਨਾਨਕ ਸਾਹਿਬ ਆ ਗਏ ਉਹ ਸਾਹਮਣੇ, ਬੋਲ ਗੁਰੂ ਨਾਨਕ ਦੇਵ ਦੀ ਜੈ, ਬੋਲ ਗੁਰੂ ਅੰਗਦ ਸਾਹਿਬ ਦੀ ਜੈ, ਦਸਾਂ ਪਾਤਿਸ਼ਾਹੀਆਂ ਦੀ ਜੈ ਬੁਲਾ ਕੇ ਕਹਿੰਦੇ ਪਾਤਿਸ਼ਾਹ ਆ ਗਏ, ਦੋਵੇਂ ਹੱਥ ਜੋੜ ਕੇ ਇਸ ਤਰ੍ਹਾਂ ਕਰਿਆ ਜਿਸ ਤਰ੍ਹਾਂ ਨਮਸ਼ਕਾਰ ਕਰਦੇ ਹਾਂ। ਕਹਿੰਦੇ ਲਓ ਬਈ ਮੈਂ ਤਾਂ ਹੁਣ ਚਲਿਆ, ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥ ਇਕ ਹੱਥ ਇਧਰ ਰੱਖ ਲਿਆ, ਇਕ ਇਧਰ ਰੱਖ ਲਿਆ, ਜਦ ਅਸੀਂ ਨਬਜ਼ ਦੇਖੀ ਉਥੇ ਕੁਝ ਵੀ ਨਾ। ਸੇਵਾ ਦਾ ਫਲ ਕੀ ਹੋਇਆ ਕਿ ਗੁਰੂ ਨਾਨਕ ਪਾਤਿਸ਼ਾਹ ਆਪ ਲੈਣ ਵਾਸਤੇ ਆਏ, ਸੋ ਇਸ ਕਰਕੇ ਮਹਾਰਾਜ ਫੁਰਮਾਨ ਕਰਦੇ ਨੇ ਕਿ -

***ਸਤਿਗੁਰ ਕੀ ਸੇਵਾ ਚਾਕਰੀ ਸੁਖੀ ਹੂੰ ਸੁਖ ਸਾਰੁ॥***
***ਐਥੈ ਮਿਲਨਿ ਵਡਿਆਈਆ ਦਰਗਹ ਮੋਖ ਦੁਆਰੁ॥***
***ਪੰਨਾ - 586***

***ਧਾਰਨਾ - ਦਰਗਹ ਮੋਖ ਦੁਆਰ,***
***ਇਥੇ ਮਿਲਦੀਆਂ ਨੇ ਵਡਿਆਈਆਂ -2, 2.***
***ਮਿਲਦੀਆਂ ਨੇ ਵਡਿਆਈਆਂ,***
***ਇਥੇ ਮਿਲਦੀਆਂ ਨੇ ਵਡਿਆਈਆਂ -2, 2.***
***ਦਰਗਹ ਮੋਖ ਦੁਆਰ ਇਥੇ, ....... -2.***

***ਸਤਿਗੁਰ ਕੀ ਸੇਵਾ ਚਾਕਰੀ ਸੁਖੀ ਹੂੰ ਸੁਖ ਸਾਰੁ॥***
***ਐਥੈ ਮਿਲਨਿ ਵਡਿਆਈਆ ਦਰਗਹ ਮੋਖ ਦੁਆਰੁ॥***
***ਪੰਨਾ - 586***

ਜਨਮ ਤੇ ਮਰਨ ਦਾ ਦੁਖ ਖਤਮ ਹੋ ਜਾਂਦੈ ਜੇ ਗੁਰੂ ਦੀ ਸੇਵਾ ਕਰੇ-

***ਚਿੰਤਾ ਮੂਲਿ ਨ ਹੋਵਈ ਅਚਿੰਤੁ ਵਸੈ ਮਨਿ ਆਇ॥***
***ਪੰਨਾ - 587***

ਵਾਹਿਗੁਰੂ ਮਨ 'ਚ ਆ ਕੇ ਵਸ ਜਾਂਦਾ ਹੈ, ਅਚਿੰਤ ਦੀ ਅਵਸਥਾ ਜਿਸ ਦੇ ਵਿੱਚ ਕੋਈ ਫਿਕਰ ਨਾ ਰਹੇ, ਬੇ-ਗਮ ਅਵਸਥਾ। ਉਹ ਆ ਕੇ ਵੱਸ ਜਾਂਦੀ ਹੈ ਸੇਵਾਦਾਰ ਦੇ।

***ਇਕਿ ਸਤਿਗੁਰ ਕੀ ਸੇਵਾ ਕਰਹਿ ਚਾਕਰੀ***
***ਹਰਿ ਨਾਮੇ ਲਗੈ ਪਿਆਰੁ॥***
***ਨਾਨਕ ਜਨਮੁ ਸਵਾਰਨਿ ਆਪਣਾ***
***ਕੁਲ ਕਾ ਕਰਨਿ ਉਧਾਰੁ॥ ਪੰਨਾ - 552***

ਨਾਲੇ ਤਾਂ ਆਪਣਾ ਜਨਮ ਸਵਾਰ ਲਿਆ ਤੇ ਦੂਜਿਆਂ ਦਾ ਵੀ ਕੁਝ ਭਲਾ ਹੋਇਆ। ਮਹਾਰਾਜ ਕਹਿੰਦੇ 21 ਕੁਲਾਂ ਦਾ ਉਧਾਰ ਕਰ ਦਿੰਦਾ ਹੈ -

***ਹਰਿ ਕਾ ਸੇਵਕੁ ਸੋ ਹਰ ਜੇਹਾ॥***
***ਭੇਦੁ ਨ ਜਾਣਹੁ ਮਾਣਸ ਦੇਹਾ॥***
***ਜਿਉ ਜਲ ਤਰੰਗ ਉਠਹਿ ਬਹੁ ਭਾਤੀ***
***ਫਿਰਿ ਸਲਲੈ ਸਲਲ ਸਮਾਇਦਾ॥ ਪੰਨਾ - 1076***

ਕਹਿੰਦੇ ਉਹ ਤਾਂ ਪ੍ਰਮੇਸ਼ਰ ਦਾ ਹੀ ਰੂਪ ਹੋ ਜਾਇਆ ਕਰਦਾ ਹੈ। ਸੋ ਜੇ ਸੇਵਾ ਨਹੀਂ ਕਰਦਾ ਹੁਕਮ ਦੇਈ ਜਾਂਦਾ ਹੈ ਕਿ ਆਹ ਕਰ ਲਓ, ਆਹ ਕਰ ਲਓ ਦੂਰ ਹੀ ਖੜ੍ਹਾ ਹੈ, ਭੋਰਾ

ਜਿੰਨੀ ਵੀ ਗਰਦ ਨਹੀਂ ਪੈਣ ਦਿੰਦਾ, ਸਾਧ ਸੰਗਤ ਜੀ, ਇਹ ਗਰਦ ਜਿਹੜੀ ਹੈ ਇਹ ਚਰਨ ਧੂੜ ਕਹਾਂਉਦੀ ਹੈ, ਇਹਦੇ 'ਚ ਅਕਸੀਰ ਹੈ। ਦੁਖੀਆਂ ਦੇ ਦੁਖ ਦੂਰ ਕਰਨ ਦੀ ਸਮਰਥਾ ਇਸ ਦੇ ਵਿਚ ਹੈ। ਵਿਘਨਾਂ ਦੇ ਨਾਸ਼ ਕਰਨ ਦੀ ਸਮਰੱਥਾ ਇਸਦੇ ਵਿਚ ਹੈ ਕਿਉਂਕਿ ਇਥੇ ਪ੍ਰਮੇਸ਼ਰ ਦੇ ਪਿਆਰਿਆਂ ਨੇ ਹਰੀ ਦਾ ਜਸ ਕਰਿਆ ਹੈ। ਦਰੀਆਂ ਨਹੀਂ ਝਾੜਦਾ, ਕਪੜਿਆਂ ਤੇ ਧੂੜ ਪੈ ਜਾਵੇਗੀ। ਬਹੁਤ ਬੜੀ ਨਿਆਮਤ ਤੋਂ ਵਾਂਝਾ ਰਹਿ ਜਾਇਆ ਕਰਦਾ ਹੈ ਤੇ ਇਥੇ ਤੱਕ ਮਹਾਰਾਜ ਨੇ ਕਿਹਾ ਕਿ ਨਾ ਸੇਵਾ ਕਰਨ ਵਾਲਾ ਜਿਹੜਾ ਬੰਦਾ ਹੈ ਉਸ ਨੂੰ ਬੰਦਾ ਨਾ ਆਖੋ, ਉਹ ਮਰਿਆ ਹੋਇਆ ਬੰਦਾ ਹੈ, ਮੁਰਦਾ ਹੈ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ, ਸੰਗਤ ਬੈਠੀ ਹੈ, ਹਰੀ ਦਾ ਜਸ ਹੋ ਰਿਹਾ ਹੈ। ਉਸ ਵੇਲੇ ਆਪ ਦੇ ਮੁਖ ਤੋਂ ਪਾਨੀ ਨਿਕਲਿਆ, ਇਕ ਬੱਚਾ ਬਹੁਤ ਸੁੰਦਰ ਪਾਨੀ ਲੈ ਕੇ ਆਉਂਦਾ ਹੈ, ਮਹਾਰਾਜ ਜੀ ਨੇ ਕਟੋਰਾ ਫੜ ਲਿਆ ਤੇ ਨਾਲ ਦੀ ਨਾਲ ਹੱਥ ਦੇਖੇ, ਬੜੇ ਹੀ ਨਰਮ ਹੱਥ ਨੇ।

ਗੁਰੂ ਮਹਾਰਾਜ ਨੇ ਕਿਹਾ, "ਬੇਟਾ! ਤੇਰੇ ਹੱਥ ਬੜੇ ਨਰਮ ਨੇ।"

"ਪਾਤਸ਼ਾਹ! ਤੇਰੀ ਦਿੱਤੀ ਅਮੀਰੀ ਸਾਡੇ ਘਰ ਵਿਚ ਬਹੁਤ ਹੈ, ਕਦੇ ਕੋਈ ਕੰਮ ਨਹੀਂ ਕਰਿਆ। ਇਸ ਕਰਕੇ, ਕੰਮ ਨਾ ਕਰਨ ਕਰਕੇ ਹੱਥਾਂ ਤੇ ਅੱਟਣ ਨਹੀਂ ਪੈਂਦੇ, ਹੱਥਾਂ ਦੀ ਸ਼ਕਲ ਨਹੀਂ ਵਿਗੜਦੀ।

ਮਹਾਰਾਜ ਕਹਿੰਦੇ, "ਪ੍ਰੇਮੀਆ! ਕਦੇ ਸੰਗਤਾਂ ਦੇ ਜੋੜੇ ਸਾਫ ਕਰੇ ਨੇ?"

"ਨਾ ਮਹਾਰਾਜ!"

"ਦਰੀਆਂ ਝਾੜ ਕੇ ਵਿਛਾਈਐਂ ਕਦੇ?"

"ਨਾ ਪਾਤਿਸ਼ਾਹ! ਸਾਡੇ ਕੋਲ ਨੌਕਰ ਬੜੇ ਨੇ, ਨੌਕਰ ਲਾ ਦਿੰਦੇ ਹਾਂ ਅਸੀਂ।"

"ਕਦੇ ਪੱਖਾ ਝੱਲਿਆ ਹੈ ਸੰਗਤਾਂ ਨੂੰ?"

"ਨਾ ਪਾਤਿਸ਼ਾਹ।"

ਕਦੇ ਬਰਤਨ ਮਾਂਜੇ ਨੇ ਜੂਠੇ?"

"ਨਹੀਂ ਪਾਤਿਸ਼ਾਹ!"

"ਕਦੇ ਝੋਕਾ ਲਾਇਆ ਹੈ?"

ਕਹਿੰਦਾ, "ਨਾ ਮਹਾਰਾਜ! ਮੇਰਾ ਤਾਂ ਅੱਜ ਪਹਿਲਾ ਦਿਨ ਹੈ ਕਿ ਮੈਂ ਆਪ ਨੂੰ ਜਲ ਦਾ ਕਟੋਰਾ ਦਿੱਤਾ ਹੈ। ਅੱਜ ਤਾਂਈ ਮੈਂ ਆਪ ਹੀ ਮੰਗਦਾ ਰਿਹਾ ਹਾਂ, ਮੈਂ ਕਿਸੇ ਨੂੰ ਲਿਆ ਕੇ ਨਹੀਂ ਦਿੱਤਾ।" ਮਹਾਰਾਜ ਜੀ ਨੇ ਜਲ ਡੋਲ ਦਿੱਤਾ। ਸਾਰੀ ਸੰਗਤ ਦੇ ਮਨ 'ਚ ਖਿਆਲ ਹੋ ਗਿਆ ਕਿ ਪੁਛੀਏ ਕੀ ਗੱਲ ਹੈ। ਮਹਾਰਾਜ ਜੀ ਕਹਿੰਦੇ, "ਕੀ ਸ਼ੰਕਾ ਹੈ?" ਇਕ ਸਿੰਘ ਖੜ੍ਹਾ ਹੋ ਗਿਆ, ਕਹਿਣ ਲਗਿਆ, "ਪਾਤਿਸ਼ਾਹ! ਆਹ ਬੱਚਾ ਪਾਨੀ ਲਿਆਇਆ ਹੈ, ਤੁਸੀਂ ਕੋਈ ਬਚਨ ਕੀਤੇ ਨੇ ਜੋ ਅਸੀਂ ਸੁਣੇ ਨਹੀਂ ਤੇ ਤੁਸੀਂ ਪਾਨੀ ਕਿਉਂ ਨਹੀਂ ਪੀਤਾ, ਡੋਲ੍ਹ ਦਿੱਤਾ। ਇਹਦੇ ਵਿਚ ਕੋਈ ਭੇਦ ਹੈ।

ਮਹਾਰਾਜ ਜੀ ਕਹਿੰਦੇ, "ਤੁਹਾਡੇ 'ਚੋਂ ਕੋਈ ਐਸਾ ਹੈ ਜਿਹੜਾ ਮੁਰਦੇ ਦਾ ਛੋਹਿਆ ਹੋਇਆ ਜਲ ਪੀ ਲਵੇਗਾ?"

ਕਹਿੰਦੇ, "ਮਹਾਰਾਜ! ਮੁਰਦੇ ਦੇ ਨਾਲ ਤਾਂ ਇਕ ਪਾਸੇ ਰਿਹਾ, ਜੇ ਮੁਰਦੇ ਦੇ ਪਿਛੇ ਚਲੇ ਜਾਈਏ ਸ਼ਮਸ਼ਾਨ ਭੂਮੀ ਤੱਕ, ਜਦ ਤੱਕ ਆ ਕੇ ਪੰਜ ਇਸ਼ਨਾਨਾ ਜਾਂ ਕੱਪੜੇ ਨਹੀਂ ਧੋਂਦੇ ਜਾਂ ਕੱਪੜੇ ਬਦਲਦੇ ਨਹੀਂ, ਇਸ਼ਨਾਨ ਨਹੀਂ ਕਰਦੇ, ਮਹਾਰਾਜ ਮੁੱਖ ਵਿਚ ਕੁਝ ਨਹੀਂ ਪਾਇਆ ਜਾਂਦਾ। ਕਹਿੰਦੇ, "ਫੇਰ ਅਸੀਂ ਕਿਵੇਂ ਪੀ ਲੈਂਦੇ?" "ਸਮਝ 'ਚ ਨਹੀਂ ਆਈ ਪਾਤਿਸ਼ਾਹ! ਗੱਲ ਸਮਝ 'ਚ ਨਹੀਂ ਆਈ।" ਕਹਿੰਦੇ, "ਗੁਰੂ ਨਾਨਕ ਦੇਵ ਜੀ ਦੀ ਬਾਨੀ ਭੁੱਲ ਗਈ ਤੁਹਾਨੂੰ? ਉਹਨਾਂ ਨੇ ਮੁਰਦਾ ਕਿਸ ਨੂੰ ਕਿਹਾ ਹੈ?" ਚੁੱਪ ਨੇ ਸਾਰੇ, ਕਿਸੇ ਦੇ ਦਿਮਾਗ 'ਚ ਨਹੀਂ ਆ ਰਹੀ। ਮਹਾਰਾਜ! ਆਪ ਹੀ ਕ੍ਰਿਪਾ ਕਰਕੇ ਫੁਰਮਾਓ। ਇਸ ਤਰ੍ਹਾਂ ਫੁਰਮਾਉਂਦੇ ਨੇ –

***ਧਾਰਨਾ – ਮ੍ਰਿਤਕ ਕਹੀਏ ਨਾਨਕਾ,***
***ਮ੍ਰਿਤਕ ਕਹੀਏ ਨਾਨਕਾ –2, 2.***
***ਜੇ ਪ੍ਰੀਤ ਨਹੀਂ ਭਗਵੰਤ,***
***ਜੇ ਪ੍ਰੀਤ ਨਹੀਂ ਭਗਵੰਤ –2, 2.***
***ਮ੍ਰਿਤਕ ਕਹੀਅਹਿ ਨਾਨਕਾ,............ –2.***

ਫੁਰਮਾਣ ਲੱਗੇ ਕਿ ਪ੍ਰੇਮੀਆਂ ਦੋ ਤਰ੍ਹਾਂ ਦੇ ਮੁਰਦੇ ਹੁੰਦੇ ਨੇ– ਇਕ ਤਾਂ ਮੁਰਦਾ ਉਹ ਹੁੰਦਾ ਹੈ ਜਿਸ ਦੇ ਸਰੀਰ ਵਿਚੋਂ ਚੇਤਨ ਕਲਾ ਨਿਕਲ ਜਾਵੇ, ਇਕ ਮੁਰਦਾ ਉਹ ਹੁੰਦਾ ਹੈ ਜਿਸ ਦੇ ਹਿਰਦੇ ਵਿਚ ਪਿਆਰ ਨਾ ਹੋਵੇ ਭਾਵੇਂ ਉਸ ਵਿਚ ਕਿੰਨੇ ਹੀ ਉਤਮ ਗੁਣ ਕਿਉਂ ਨਾ ਹੋਣ –

***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥***
***ਪੰਨਾ – 253***

ਪੰਜ ਸਿਫਤਾਂ ਇਕ ਬੰਦੇ 'ਚ ਅਤਿ, ਆਖਰੀ ਦਰਜੇ ਤੱਕ ਹੋਣ, ਸੁੰਦਰਤਾ ਦਾ ਉਹਦਾ ਕੋਈ ਅੰਤ ਨਾ ਹੋਵੇ, ਵੱਡੀ ਕੁਲ ਨਾਲ ਸੰਬੰਧ ਰੱਖਣ ਵਾਲਾ ਹੋਵੇ, ਗੱਲਾਂ ਬਾਤਾਂ 'ਚ ਐਨਾ ਚਤੁਰ ਹੋਵੇ ਕਿਸੇ ਨੂੰ ਬਾਤ ਨਾ ਆਉਣ ਦੇਵੇ, ਘੰਟਿਆਂ ਬੱਧੀ ਬੋਲ ਸਕਦਾ ਹੋਵੇ। ਮੂੰਹ ਦਾ ਙਿਆਨੀ ਹੋਵੇ, ਗਿਆਨ ਦਿੰਦਾ ਹੋਵੇ, ਕਰਨੀ ਦਾ ਗਿਆਨ ਨਹੀਂ, ਮੂੰਹ ਦਾ ਗਿਆਨੀ (ਮਿਥਿਆ ਗਿਆਨੀ)। ਬੇਅੰਤ ਧਨੀ ਹੋਵੇ। ਜੇ ਉਹਦੇ ਵਿਚ ਪ੍ਰਮੇਸ਼ਰ ਦਾ ਪਿਆਰ ਨਹੀਂ ਹੈ –

***ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥***
***ਪੰਨਾ – 253***

ਪਿਆਰ ਜ਼ਿੰਦਗੀ ਹੁੰਦੀ ਹੈ, ਜੇ ਪਿਆਰ ਤੋਂ ਹੀਣਾ ਹੈ ਤਾਂ ਮੁਰਦਾ ਹੈ –

***ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥***
***ਨਾਨਕ ਅਵਰੁ ਨ ਜੀਵੈ ਕੋਇ॥***
***ਜੇ ਜੀਵੈ ਪਤਿ ਲਥੀ ਜਾਇ॥***
***ਸਭੁ ਹਰਾਮੁ ਜੇਤਾ ਕਿਛੁ ਖਾਇ॥ ਪੰਨਾ – 142***

ਤੇ ਵਾਹਿਗੁਰੂ ਦੇ ਪਿਆਰ ਤੋਂ ਬਗੈਰ ਜਿਹੜਾ ਜਿਉਂਦਾ ਹੈ ਕਹਿੰਦੇ ਉਹ ਹਰਾਮ ਖਾਂਦਾ ਹੈ, ਉਹਦੀ ਪੱਤ ਦਿਨ-ਰਾਤ ਲਹਿ ਰਹੀ ਹੈ। ਸੋ ਪ੍ਰੇਮੀਓ! ਅਸੀਂ ਇਸ ਮੁਰਦੇ ਦੇ ਹੱਥ ਦਾ ਪਾਣੀ ਕਿਵੇਂ ਪੀ ਲੈਂਦੇ? ਤੇ ਦੂਸਰੇ ਭਾਈ ਗੁਰਦਾਸ ਜੀ ਜਿਨ੍ਹਾਂ ਦੀ ਬਾਨੀ ਨੂੰ ਗੁਰੂ ਗ੍ਰੰਥ

ਸਾਹਿਬ ਦੀ ਕੁੰਜੀ ਦਾ ਮਾਣ ਪ੍ਰਾਪਤ ਹੋਇਆ ਹੈ, ਉਹ ਵੀ ਬਹੁਤ ਖੋਲ੍ਹ ਕੇ ਇਸ ਤਰ੍ਹਾਂ ਫੁਰਮਾਉਂਦੇ ਨੇ–

***ਧਾਰਨਾ – ਧਿਰਕਾਰ ਹੱਥਾਂ ਪੈਰਾਂ ਨੂੰ,***
***ਧਿਰਕਾਰ ਹੱਥਾਂ ਪੈਰਾਂ ਨੂੰ –2, 2.***
***ਬਾਝ ਗੁਰਾਂ ਦੀ ਸੇਵਾ,***
***ਧਿਰਕਾਰ ਹੱਥਾਂ ਪੈਰਾਂ ਨੂੰ, ............ –2.***

ਮਾਨਸ ਸਰੀਰ ਦੇ ਸਾਰੇ ਅੰਗਾਂ ਨੂੰ ਗਿਣਦੇ ਹੋਏ ਆਪ ਦੱਸਦੇ ਨੇ ਕਿ –

***ਧ੍ਰਿਗ ਸਿਰੁ ਜੋ ਗੁਰ ਨਾ ਨਿਵੈ ਗੁਰ ਲਗੈ ਨ ਚਰਣੀ।***
***ਭਾਈ ਗੁਰਦਾਸ ਜੀ ਦੀ ਵਾਰ 27/10***

ਧਿਰਕਾਰ ਹੈ ਉਸ ਸਿਰ ਨੂੰ ਜਿਹੜਾ ਗੁਰੂ ਦੇ ਚਰਨਾਂ 'ਚ ਆ ਕੇ ਨਮਸ਼ਕਾਰ ਨਹੀਂ ਕਰਦਾ, ਕਿਉਂਕਿ ਨਮਸ਼ਕਾਰ ਕਰਨ ਦੇ ਨਾਲ ਪਿਛਲੇ ਜਿਹੜੇ ਸਾਡੇ ਕਰਮ ਹੁੰਦੇ ਨੇ, ਉਹ ਦਗੱਧ ਹੋ ਜਾਇਆ ਕਰਦੇ ਨੇ, ਜਿਹੜੇ ਚੰਗੇ ਕਰਮ ਅਜੇ ਫਲ ਦੇਣ ਨਹੀਂ ਲੱਗੇ ਉਹ ਉਘੜ ਜਾਇਆ ਕਰਦੇ ਨੇ। ਬਹੁਤੇ ਪ੍ਰੇਮੀ ਹੁੰਦੇ ਨੇ, ਪਰ੍ਹੇ ਖੜ੍ਹੇ ਹੀ, ਨਮਸਕਾਰ ਕਰਨ ਦੀ ਥਾਂ ਥੋੜ੍ਹਾ ਜਿਹਾ ਸਿਰ ਝੁਕਾ ਕੇ ਬਹਿ ਜਾਂਦੇ ਨੇ। ਨਮਸ਼ਕਾਰ ਨਹੀਂ ਕਰਦੇ। ਕਹਿੰਦੇ ਧਿਰਕਾਰ ਹੈ; ਬਹੁਤੇ ਕਰਦੇ ਹੀ ਨਹੀਂ, ਜਾਂਦੇ ਹੀ ਨਹੀਂ ਇਸ਼ਟ ਦੇਵ ਕੋਲ –

***ਧ੍ਰਿਗੁ ਲੋਇਣ ਗੁਰ ਦਰਸ ਵਿਣੁ ਵੇਖੈ ਪਰ ਤਰਣੀ॥***
***ਭਾਈ ਗੁਰਦਾਸ ਜੀ ਦੀ ਵਾਰ 27/10***

ਗੁਰੂ ਦਰਸ਼ਨ ਤਾਂ ਕਰਦੇ ਨਹੀਂ ਤੇ ਹੋਰ ਹੀ ਚੀਜ਼ਾਂ ਅੱਖਾਂ ਨਾਲ ਦੇਖਦੇ ਨੇ।

***ਧ੍ਰਿਗ ਸਰਵਣਿ ਉਪਦੇਸ ਵਿਣੁ ਸੁਣਿ ਸੁਰਤਿ ਨ ਧਰਣੀ।***
***ਭਾਈ ਗੁਰਦਾਸ ਜੀ ਦੀ ਵਾਰ 27/10***

ਉਪਦੇਸ਼ ਤੋਂ ਬਗੈਰ ਜਿਹੜੇ ਕੰਨ ਨੇ, ਜਿੰਨਾ ਚਿਰ ਪੰਜ ਪਿਆਰਿਆਂ ਦਾ ਉਪਦੇਸ਼ ਜਿਸ ਨੂੰ ਨਹੀਂ ਪ੍ਰਾਪਤ ਹੋਇਆ, ਗੁਰਮੰਤ੍ਰ ਦੀ ਪ੍ਰਾਪਤੀ ਨਹੀਂ ਹੋਈ, ਕਹਿੰਦੇ ਧਿਰਕਾਰ ਹੈ ਉਹਦੇ ਕੰਨਾਂ ਨੂੰ। ਉਸਤੋਂ ਵੀ ਜ਼ਿਆਦਾ ਧ੍ਰਿਕਾਰ ਹੈ ਜਿਸਨੇ ਸੁਣ ਲਿਆ, ਫੇਰ ਸੁਰਤੀ 'ਚ ਨਹੀਂ ਵਸਾਉਂਦਾ।

***ਧ੍ਰਿਗੁ ਜਿਹਬਾ ਗੁਰ ਸਬਦ ਵਿਣੁ ਹੋਰ ਮੰਤ੍ਰ ਸਿਮਰਣੀ।***
***ਭਾਈ ਗੁਰਦਾਸ ਜੀ ਦੀ ਵਾਰ 27/10***

ਹੋਰ ਵੀ ਊਟ-ਪਟਾਂਗ ਮੰਤਰਾਂ ਦਾ ਜਾਪ ਕਰੀ ਜਾਂਦੀ ਹੈ ਤੇ ਗੁਰੂ ਦੇ ਸ਼ਬਦ ਦਾ ਜਾਪ ਨਹੀਂ ਕਰਦੀ। ਕਹਿੰਦੇ ਉਸ ਜਿਹਬਾ ਨੂੰ ਧਿਰਕਾਰ ਹੈ।

***ਵਿਣੁ ਸੇਵਾ ਧ੍ਰਿਗੁ ਹਥ ਪੈਰ ਹੋਰ ਨਿਹਫਲ ਕਰਣੀ।***
***ਪੀਰ ਮੁਰੀਦਾਂ ਪਿਰਹੜੀ ਸੁਖ ਸਤਿਗੁਰ ਸਰਣੀ।***
***ਭਾਈ ਗੁਰਦਾਸ ਜੀ ਦੀ ਵਾਰ 27/10***

ਸੋ ਇਸ ਤਰ੍ਹਾਂ ਦੇ ਨਾਲ ਮਾਨਸ ਦੇਹੀ ਦਾ ਜੋ ਪਰਮ ਫਰਜ਼ ਹੈ – ਨਾਮ ਜਪਣਾ ਤੇ ਸੇਵਾ ਕਰਨੀ –

***ਧਾਰਨਾ – ਤੈਨੂੰ ਮਾਨਸ ਦੇਹੀ ਮਿਲ ਗਈ,***
***ਕਰ ਲੈ ਸੇਵਾ ਪੂਰੇ ਸਤਿਗੁਰ ਦੀ –2, 2.***
***ਕਰ ਲੈ ਸੇਵਾ ਜੀ ਪੂਰੇ ਸਤਿਗੁਰ ਦੀ –2, 2.***
***ਤੈਨੂੰ ਮਾਨਸ ਦੇਹੀ ਮਿਲ ਗਈ, ........2***

***ਗੁਰ ਸੇਵਾ ਤੇ ਭਗਤਿ ਕਮਾਈ॥***
***ਤਬ ਇਹ ਮਾਨਸ ਦੇਹੀ ਪਾਈ॥ ਪੰਨਾ – 1159***

ਭਗਤੀ ਕਰਨ ਵਾਸਤੇ ਤੇ ਗੁਰੂ ਦੀ ਸੇਵਾ ਕਰਨ ਵਾਸਤੇ ਆਹ ਸਾਢੇ ਤਿੰਨ ਹੱਥ ਦਾ ਕਾਰਖਾਨਾ ਜਿਹਾ ਮਿਲਿਆ ਹੋਇਆ ਹੈ ਇਹਦੇ ਵਿਚ ਜਿਹੜੀ ਰੂਹ ਹੈ ਉਸ ਦੀ ਪਛਾਣ ਨਹੀਂ ਸਰੀਰ ਨੂੰ ਹੀ 'ਮੈਂ' ਕਹਿੰਦਾ ਹੈ। ਸਰੀਰ ਨੂੰ ਗਲਤੀ ਨਾਲ 'ਮੈਂ' ਨਾ ਕਿਹਾ ਕਰੋ। ਮੈਂ ਕਹਿ ਕੇ ਅਣਜਾਣ-ਪੁਣਾ ਅਸੀਂ ਪ੍ਰਗਟ ਕਰਦੇ ਹਾਂ। ਇਹ ਤਾਂ ਸਾਡਾ ਮਕਾਨ ਹੈ, ਇੰਜਨ ਹੈ ਜਾਂ ਮਸ਼ੀਨ ਕਹਿ ਲਓ। ਇਹ ਮਸ਼ੀਨ ਦੇ ਨਾਲ ਕੰਮ ਲੈਣਾ, ਇਕ ਭਗਤੀ ਦਾ ਤੇ ਇਕ ਸੇਵਾ ਦਾ –

***ਗੁਰ ਸੇਵਾ ਤੇ ਭਗਤਿ ਕਮਾਈ॥***
***ਤਬ ਇਹ ਮਾਨਸ ਦੇਹੀ ਪਾਈ॥***
***ਇਸ ਦੇਹੀ ਕਉ ਸਿਮਰਹਿ ਦੇਵ॥***
***ਸੋ ਦੇਹੀ ਭਜੁ ਹਰਿ ਕੀ ਸੇਵ॥***
***ਭਜਹੁ ਗੋੁਬਿੰਦ ਭੂਲਿ ਮਤ ਜਾਹੁ॥***
***ਮਾਨਸ ਜਨਮ ਕਾ ਏਹੀ ਲਾਹੁ॥***
***ਜਬ ਲਗੁ ਜਰਾ ਰੋਗੁ ਨਹੀ ਆਇਆ॥***
***ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ॥***
***ਜਬ ਲਗੁ ਬਿਕਲ ਭਈ ਨਹੀ ਬਾਨੀ॥***
***ਭਜਿ ਲੇਹਿ ਰੇ ਮਨ ਸਾਰਿਗਪਾਨੀ॥ ਪੰਨਾ – 1159***

ਜਿਵੇਂ ਪਪੀਹਾ ਪਿਰਹੁ-ਪਿਰਹੁ ਕਰਦਾ ਹੈ, ਐਸ ਤਰ੍ਹਾਂ ਕਰ ਲੈ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ, ਦਿਨ ਰਾਤ ਕਰੀ ਜਾ ਤੇ ਨਾਲ ਸੇਵਾ ਕਰ, ਦੁੱਗਣੀ ਤਰੱਕੀ ਹੋਏਗੀ ਤੇ ਸੇਵਾ ਦਾ ਜੋ ਮਹਾਤਮ ਹੈ ਫੁਰਮਾਨ ਕਰਦੇ ਨੇ ਕਿ –

***ਇੰਦ੍ਰ ਪੁਰੀ ਲਖ ਰਾਜ ਨੀਰ ਭਰਾਵਣੀ।***
***ਭਾਈ ਗੁਰਦਾਸ ਜੀ ਦੀ ਵਾਰ 14/18***

ਇੰਦਰਪੁਰੀ ਤੇ ਲਖ ਰਾਜਾਂ ਨਾਲੋਂ ਵੱਧ ਹੈ ਜਿਹੜਾ ਸੰਗਤਾਂ ਦੀ ਸੇਵਾ ਵਾਸਤੇ ਪਾਣੀ ਭਰ ਕੇ ਪਿਲਾਉਂਦਾ ਹੈ –

***ਲਖ ਸੁਰਗ ਸਿਰਤਾਜ ਗਲਾ ਪੀਹਾਵਣੀ।***
***ਭਾਈ ਗੁਰਦਾਸ ਜੀ ਦੀ ਵਾਰ 14/18***

ਜਿਹੜਾ ਆਟਾ ਪੀਹ ਕੇ ਲਿਆਉਂਦਾ ਹੈ, ਸੁਰਗਾਂ ਦਾ ਸਿਰਤਾਜ ਜਿਹੜਾ ਵੱਡਾ ਸਵਰਗ ਹੈ ਉਸ ਤੋਂ ਵੱਡਾ ਲੱਖਾਂ ਦਾ ਹੈ।

***ਰਿਧਿ ਸਿਧਿ ਨਿਧਿ ਲਖ ਸਾਜ ਚੁਲਿ ਝੁਕਾਵਣੀ।***
***ਭਾਈ ਗੁਰਦਾਸ ਜੀ ਦੀ ਵਾਰ 14/18***

ਜਿਹੜਾ ਚੁਲ੍ਹੇ 'ਚ ਬਾਲਣ ਪਾਉਂਦਾ ਹੈ ਉਹ ਰਿਧੀਆਂ-ਸਿਧੀਆਂ ਤੋਂ ਵੀ ਉਪਰਲੀ ਅਵਸਥਾ ਨੂੰ ਪ੍ਰਾਪਤ ਹੋ ਜਾਂਦਾ ਹੈ।

***ਸਾਧ ਗਰੀਬ ਨਿਵਾਜ ਗਰੀਬੀ ਆਵਣੀ।***
***ਭਾਈ ਗੁਰਦਾਸ ਜੀ ਦੀ ਵਾਰ 14/18***

ਨਿਮਰਤਾ ਜਿਸ ਦੇ ਹਿਰਦੇ 'ਚ ਆ ਜਾਂਦੀ ਹੈ।

***ਅਨਹਦ ਸਬਦ ਅਗਾਜ ਬਾਣੀ ਗਾਵਣੀ।***
***ਭਾਈ ਗੁਰਦਾਸ ਜੀ ਦੀ ਵਾਰ 14/18***

ਜਦੋਂ ਬਾਣੀ ਪੜ੍ਹਦਾ ਹੈ ਤਾਂ ਅਨਹਦ ਸ਼ਬਦਾਂ ਦੀ ਸੁਗੰਧੀ ਉਸ ਨੂੰ ਪ੍ਰਤੀਤ ਦਿੰਦੀ ਹੈ। ਸੋ ਇਸ ਤਰ੍ਹਾਂ ਦੇ ਨਾਲ ਸੇਵਾ

ਤੇ ਸਿਮਰਨ ਦੋਹਾਂ ਦਾ ਗੁਰੂ ਮਹਾਰਾਜ ਜੀ ਨੇ ਬਹੁਤ ਵੱਡਾ ਗੁਰਸਿਖੀ ਦੇ ਅੰਦਰ ਮਹਾਤਮ ਦੱਸਿਆ ਹੈ। ਗੁਰੂ ਆਪ ਸੇਵਾ ਕਰਦੇ ਨੇ। ਗੁਰੂ ਪੰਜਵੇਂ ਪਾਤਸ਼ਾਹ ਨੇ ਕਿੰਨੀ ਸੇਵਾ ਕਰੀ, ਆਪ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਕਿੰਨੀ ਦੇਰ ਤੱਕ ਲਿਖਾਂਉਦੇ ਰਹੇ। ਹਰਿ ਮੰਦਰ ਬਣਾਏ, ਸਾਰੇ ਮਹਾਤਮਾ ਹੀ ਸੇਵਾ ਕਰਦੇ ਨੇ। ਮਹਾਰਾਜ ਜੀ ਨੇ ਕਿੰਨਾ ਕਰਿਆ ਆਸ਼ਰਮ ਬਣਾਏ, ਕਿਸ ਵਾਸਤੇ - ਬੰਦਗੀ ਕਰਨ ਵਾਲਿਆਂ ਵਾਸਤੇ, ਸਕੂਲ ਬਣਾਏ ਪੜ੍ਹਨ ਵਾਲਿਆਂ ਵਾਸਤੇ, ਕਾਲਜ ਬਣਾਏ, ਹਸਪਤਾਲ ਬਣਾਏ, ਲੰਗਰ ਚੱਲ ਰਹੇ ਨੇ ਆਪ ਤਾਂ ਉਹਨਾਂ ਨੇ ਨਹੀਂ ਕੁਝ ਕਰਨਾ, ਉਹ ਦਿਨ ਰਾਤ ਤੁਰੇ ਫਿਰਦੇ ਨੇ, ਇਹ ਸਾਰੀ ਗੁਰੂ ਦੀ ਸੇਵਾ ਹੈ ਸਾਧ-ਸੰਗਤ ਜੀ! ਵਿਦਿਆ ਪੜ੍ਹਾਉਣੀ, ਸਾਜ ਸਿਖਾਉਣੇ, ਸਾਜ ਵਜਾਉਣੇ, ਪੋਥੀਆਂ ਗੁਰਮਤਿ ਦੀਆਂ ਲਿਖਣੀਆਂ, ਸਭ ਸੇਵਾ ਹੈ।

ਸੋ ਇਸ ਤਰ੍ਹਾਂ ਸਾਰਿਆਂ ਨੂੰ ਸੇਵਾ ਪ੍ਰਾਪਤ ਨਹੀਂ ਹੋਇਆ ਕਰਦੀ, ਮਾਤਾ ਗੰਗਾ ਜੀ ਦੀ ਕਿੰਨੀ ਸੇਵਾ ਹੈ, ਸੰਗਤ ਦੂਰ ਦੇਸ਼ ਤੋਂ ਦਰਸ਼ਨਾਂ ਲਈ ਆ ਰਹੀ ਹੈ। ਮਾਤਾ ਜੀ ਉਨ੍ਹਾਂ ਨੂੰ ਰਸਤੇ ਵਿਚ ਹੀ ਲੰਗਰ ਛਕਾਉਣ ਲਈ ਦਾਲ ਦਾ ਦੇਗਾ ਸਿਰ ਤੇ ਚੁੱਕੀ ਲਿਜਾਂਦੇ ਨੇ। ਗੁਰੂ ਪੰਜਵੇਂ ਪਾਤਿਸ਼ਾਹ ਪ੍ਰਸ਼ਾਦਿਆਂ ਦਾ ਟੋਕਰਾ ਚੁੱਕੀ ਲਈ ਜਾਂਦੇ ਨੇ, ਕਿਸੇ ਨੂੰ ਨਾਲ ਨਹੀਂ ਲਿਆ, ਪਿੱਪਲੀ ਸਾਹਿਬ ਜਾ ਕੇ ਸਭ ਨੂੰ ਪ੍ਰਸ਼ਾਦੇ ਛਕਾਉਂਦੇ ਨੇ, ਪੱਖੇ ਝੱਲਦੇ ਨੇ, ਤੇ ਜਦੋਂ ਪੁਛਦੇ ਨੇ ਗੁਰਸਿਖ ਕਿ ਮਹਾਰਾਜ ਅਸੀਂ ਸੇਵਾ ਕਰਦੇ ਹਾਂ। ਮਹਾਰਾਜ ਕਹਿੰਦੇ, "ਸਾਨੂੰ ਬੜੀ ਪ੍ਰਸੰਨਤਾ ਹੈ, ਸੇਵਾ ਕਰਕੇ ਅਸੀਂ ਪ੍ਰਸੰਨ ਹੁੰਦੇ ਹਾਂ -

***ਪਾਣੀ ਪਖਾ ਪੀਸੁ ਦਾਸ ਕੈ ਤਬ ਹੋਹਿ ਨਿਹਾਲੁ॥***
***ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ॥***

***ਪੰਨਾ - 811***

ਕਹਿੰਦੇ ਅੱਗ 'ਚ ਜਾਲ ਦੇ ਸਰਦਾਰੀਆਂ ਜਿਹੜੀਆਂ ਸੇਵਾ ਨਹੀਂ ਕਰਨ ਦਿੰਦੀਆਂ। ਸੰਗ ਲਗਦੀ ਹੈ ਸੇਵਾ ਕਰਦੇ ਨੂੰ, ਕਹਿੰਦਾ ਹੈ ਮੈਂ ਤਾਂ ਖਾਸ ਬੰਦਾ ਹਾਂ, ਮੇਰੇ ਕੱਪੜਿਆਂ ਤੇ ਗਰਦ ਨਾ ਪੈ ਜਾਵੇ। ਉਹ ਗਰਦ ਨਹੀਂ ਹੈ ਸਾਧ ਸੰਗਤ ਜੀ! ਇਹ ਤਾਂ ਅਕਸੀਰ ਹੈ, ਚਰਨ ਧੂੜ ਮਿਲਦੀ ਨਹੀਂ ਕਿਤੇ, ਕਿੰਨੇ ਦੁਖ ਦੂਰ ਹੁੰਦੇ ਨੇ ਪਰਤਿਆ ਕੇ ਦੇਖ ਲਿਆ ਅਸੀਂ। ਕਹਿੰਦੇ, ਭਾਈ ਚਰਨ ਧੂੜ ਲਿਆ, ਠੀਕ ਹੋ ਜਾਏਂਗਾ। ਇਥੇ ਰੱਬ ਦੇ ਪਿਆਰੇ ਇਕੱਠੇ ਹੋ ਬੈਠੇ ਹਰੀ ਦਾ ਜਸ ਕਰ ਰਹੇ ਨੇ ਵਾਹਿਗੁਰੂ ਦਾ ਸੰਬੰਧ ਸਾਰਿਆਂ ਦੇ ਹਿਰਦੇ ਦੇ ਨਾਲ ਜੁੜਿਆ ਹੋਇਆ ਹੈ, ਧਰਤੀ ਪਵਿੱਤਰ ਹੋ ਰਹੀ ਹੈ ਸਾਰੀ। ਸੋ ਇਸ ਕਰਕੇ ਸੇਵਾ ਤਾਂ ਭਾਗਾਂ ਵਾਲਿਆਂ ਨੂੰ ਮਿਲਦੀ ਹੈ। ਏਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਭਾਗਾਂ ਵਾਲੇ ਬੰਦੇ,***
***ਕਰਦੇ ਸੇਵਾ ਸਾਧੂਆਂ ਦੀ -2, 2.***
***ਕਰਦੇ ਸੇਵਾ ਸਾਧੂਆਂ ਦੀ -2, 2.***
***ਭਾਗਾਂ ਵਾਲੇ ਬੰਦੇ, ............. -2.***

ਭਾਗਾਂ ਵਾਲੇ ਇਸ ਕਰਕੇ ਕਿਉਂਕਿ ਧੁਰ ਤੋਂ ਲਿਖੀ ਹੁੰਦੀ ਹੈ ਸੇਵਾ, ਜਿਸ ਦੀ ਕਿਸਮਤ 'ਚ ਲਿਖੀ ਹੈ, ਉਹੀ ਸੇਵਾ ਕਰਦਾ ਹੈ ਸਾਧ ਸੰਗਤ ਜੀ।

***ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ॥***

***ਪੰਨਾ - 457***

ਬਾਕੀ ਤਾਂ ਨਹੀਂ ਲਗਦੇ ਸੇਵਾ, ਬਾਕੀ ਤਾਂ ਗਰਜ਼ ਦੇ ਬੰਦੇ ਹੁੰਦੇ ਨੇ। ਬਈ ਆਹ ਕਰ ਲਈਏ ਤਾਂ ਸਾਡਾ ਉਹ ਹੋ ਜਾਏਗਾ। ਆਹ ਕਰ ਲਈਏ ਤਾਂ ਆਹ ਹੋ ਜਾਉ। ਉਹ ਤਾਂ ਸੌਦਾ ਖਰੀਦਣ ਜਾਂਦੇ ਨੇ। ਨਿਸ਼ਕਾਮ ਸੇਵਾ ਤਾਂ ਕੋਈ ਕੋਈ ਕਰਿਆ ਕਰਦਾ ਹੈ। ਬਾਕੀ ਤਾਂ ਸੁਕਾਮੀ ਹੁੰਦੇ ਹਨ।

***ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ॥***
***ਤਾ ਕੀ ਪੂਰਨ ਆਸ ਜਿਨ੍ਹ ਸਾਧਸੰਗੁ ਪਾਇਆ॥***

***ਪੰਨਾ - 457***

***ਐਸੀ ਮਾਂਗੁ ਗੋਬਿੰਦ ਤੇ॥***
***ਟਹਲ ਸੰਤਨ ਕੀ ਸੰਗੁ ਸਾਧੂ ਕਾ***
***ਹਰਿ ਨਾਮਾਂ ਜਪਿ ਪਰਮਗਤੇ॥*** ***ਪੰਨਾ - 1298***

ਸੋ ਸੇਵਾ ਤੋਂ ਜੋ ਹੀਣਾ ਰਹਿ ਜਾਂਦਾ ਹੈ, ਨਾਮ ਤੋਂ ਹੀਣਾ ਰਹਿ ਜਾਂਦਾ ਹੈ, ਉਹਦੇ ਪੱਲੇ ਕੁਝ ਨਹੀਂ ਪੈਂਦਾ, ਮਹਾਰਾਜ ਕਹਿੰਦੇ ਪਛਤਾਵਾ ਪੈਂਦਾ ਹੈ -

***ਧਾਰਨਾ - ਜਾਵੇਂਗਾ ਪਛਤਾਉਂਦਾ,***
***ਰਹਿ ਕੇ ਗੁਰ ਸੇਵਾ ਤੋਂ ਹੀਣਾ -2, 2.***
***ਗੁਰ ਸੇਵਾ ਤੋਂ ਹੀਣਾ,***
***ਰਹਿ ਕੇ ਗੁਰ ਸੇਵਾ ਤੋਂ ਹੀਣਾ -2, 2.***
***ਜਾਵੇਂਗਾ ਪਛਤਾਉਂਦਾ ਰਹਿ ਕੇ, ... -2.***

ਸੇਵਾ ਕਰਕੇ ਵਡਿਆਈਆਂ ਮਿਲਦੀਆਂ ਹਨ ਤੇ ਅੱਗੇ ਮੁਕਤੀ ਦੁਆਰ ਖੁਲ੍ਹਦਾ ਹੈ, ਸੇਵਾ ਨਾ ਕਰਕੇ ਪਛਤਾਵਾ ਰਹਿੰਦਾ ਹੈ -

***ਬਿਨੁ ਸਤਿਗੁਰ ਸੇਵੇ ਜਗਤੁ ਮੁਆ ..........॥***

***ਪੰਨਾ - 591***

ਇਕ-ਦੋ-ਚਾਰ-ਦੱਸ ਨਹੀਂ ਸੰਸਾਰ ਮਰ ਗਿਆ ਸਾਰਾ ਹੀ -

***ਬਿਨੁ ਸਤਿਗੁਰ ਸੇਵੇ ਜਗਤੁ ਮੁਆ ਬਿਰਥਾ ਜਨਮੁ ਗਵਾਇ॥***

***ਪੰਨਾ - 591***

ਕਾਹਦੇ ਕੰਮ ਆਇਆ? ਰੋਟੀਆਂ ਖਾ ਗਿਆ, ਪਾਣੀ ਪੀ ਲਿਆ, ਚੀਜ਼ਾਂ ਖਾ ਗਿਆ, ਕੱਪੜੇ ਹੰਢਾ ਗਿਆ, ਨਾਲ ਤਾਂ ਕੁਝ ਵੀ ਨਹੀਂ ਲੈ ਕੇ ਗਿਆ, ਜਾਂਦਾ ਹੋਇਆ ਖਾਲੀ ਹੱਥ ਜਾਂਦਾ ਹੈ। ਜੇ ਸੇਵਾ ਕੀਤੀ ਹੋਵੇ ਫੇਰ ਤਾਂ ਕੋਈ ਥਾਂ ਮਿਲਦੀ ਹੈ ਜੇ ਸੇਵਾ ਹੀ ਨਹੀਂ ਕਰੀ -

***ਦੂਜੈ ਭਾਇ ਅਤਿ ਦੁਖੁ ਲਗਾ ..........॥***

***ਪੰਨਾ - 591***

ਮਹਾਰਾਜ ਕਹਿੰਦੇ ਹੱਦ ਤੋਂ ਜ਼ਿਆਦਾ ਦੁਖ ਮਿਲਦਾ ਹੈ।

***............ ਮਰਿ ਜੰਮੈ ਆਵੈ ਜਾਇ॥ ਪੰਨਾ - 591***

ਮਰਦਾ ਹੈ ਜੰਮਦਾ ਹੈ, ਮਰਦਾ ਹੈ ਜੰਮਦਾ ਹੈ ਸੰਸਾਰ 'ਚ ਆਉਂਦਾ ਹੈ -

***ਵਿਸਟਾ ਅੰਦਰਿ ਵਾਸੁ ਫਿਰਿ ਫਿਰਿ ਜੂਨੀ ਪਾਇ॥***

***ਪੰਨਾ - 591***

ਵਿਸ਼ਟਾ ਗੰਦਗੀ ਦੇ ਅੰਦਰ ਵਾਸ ਮਿਲਦਾ ਹੈ, ਬਾਰ-ਬਾਰ ਜੂਨੀਆਂ 'ਚ ਆਉਂਦਾ ਹੈ।

*ਨਾਨਕ ਬਿਨੁ ਨਾਵੈ ਜਮੁ ਮਾਰਸੀ ਅੰਤਿ ਗਇਆ ਪਛੁਤਾਇ॥*
**ਪੰਨਾ - 591**

ਸੋ ਇਸ ਕਰਕੇ ਸੇਵਾ ਸਾਧਨ ਹੈ ਸਾਧ ਸੰਗਤ ਜੀ! ਪ੍ਰਮੇਸ਼ਰ ਨੂੰ ਮਿਲਣ ਦਾ ਇਸ ਤਰ੍ਹਾਂ ਫੁਰਮਾਨ ਕਰਦੇ ਹੈ।

***ਧਾਰਨਾ - ਜੇ ਮਿਲਣੈ ਰਾਮ ਪਿਆਰੇ ਨੂੰ, -2, 2.***
***ਕਰ ਲੈ ਹਰੀ ਦੀ ਸੇਵਾ,***
***ਜੇ ਮਿਲਣੈ ਰਾਮ ਪਿਆਰੇ ਨੂੰ, .....2***

ਪ੍ਰਭੂ ਦੀ ਸੇਵਾ ਕਰ, ਪ੍ਰਮੇਸ਼ਰ ਮਿਲ ਜਾਏਗਾ। ਇਕ ਰਮਨ ਨਾਮ ਦਾ ਰਿਸ਼ੀ ਹੋਇਐ, ਭਾਰਤ ਵਰਸ਼ ਵਿਚ, ਥੋੜ੍ਹਾ ਚਿਰ ਹੋਇਆ ਜਦੋਂ ਈਸਾਈਆਂ ਦਾ ਵਕਤ ਸੀ। ਈਸਾਈ ਵੀ ਸੇਵਾ ਬਹੁਤ ਕਰਿਆ ਕਰਦੇ ਸਨ ਲੇਕਿਨ ਉਹ ਰਮਨ ਜੀ ਇਹਨਾਂ ਤੋਂ ਵੀ ਵੱਧ ਸੇਵਾ ਕਰਿਆ ਕਰਦਾ ਸੀ ਤੇ ਲੋਕਾਂ 'ਚ ਇਹ ਮਸ਼ਹੂਰ ਹੋ ਗਿਆ ਕਿ ਰਮਨ ਨੂੰ ਰੋਜ਼ ਰੱਬ ਮਿਲਦਾ ਹੈ। ਇਕ ਦਿਨ ਈਸਾਈ ਪਾਦਰੀ ਕਹਿਣ ਲੱਗੇ ਮਿਸ਼ਨਰੀ ਕਹਿਣ ਲੱਗੇ, ਰਮਨ! ਅਸੀਂ ਸੁਣਿਐ ਤੈਨੂੰ ਪ੍ਰਮੇਸ਼ਰ ਮਿਲਦਾ ਹੈ। ਕੀ ਸਾਨੂੰ ਪ੍ਰਮੇਸ਼ਰ ਦਿਖਾ ਸਕਦਾ ਹੈਂ? ਦਰਸ਼ਨ ਕਰਾ ਸਕਦਾ ਹੈਂ? ਕਹਿੰਦਾ, "ਹਾਂ! ਕੱਲ੍ਹ ਨੂੰ 8 ਵਜੇ ਫਲਾਣੇ ਥਾਂ ਆ ਜਾਇਓ।" ਜਗ੍ਹਾ ਦੱਸ ਦਿੱਤੀ ਤੇ ਉਥੇ ਉਹ ਪਹੁੰਚ ਗਏ ਉਹ ਉਹਨਾਂ ਤੋਂ ਪਹਿਲਾਂ ਪਹੁੰਚਿਆ ਹੋਇਆ ਹੈ, ਉਹਦੇ ਕੋਲ ਸਾਬਣ ਹੈ, ਪੱਟੀਆਂ ਨੇ, ਦਵਾਈਆਂ ਨੇ ਅੰਦਰ ਕੀ ਦੇਖਦਾ ਹੈ ਇਕ ਜੋੜਾ ਪਿਆ, ਦੋਹਾਂ ਨੂੰ ਕੋਹੜ ਹੋਇਆ ਹੋਇਆ ਹੈ। ਕੋਈ ਉਹਨਾਂ ਦੇ ਨੇੜੇ ਨਹੀਂ ਜਾਂਦਾ, ਕੋਈ ਉਹਨਾਂ ਨੂੰ ਜਲ ਪਾਣੀ ਨਹੀਂ ਦਿੰਦਾ, ਕੋਈ ਉਹਨਾਂ ਨੂੰ ਬਸਤ੍ਰ ਨਹੀਂ ਦਿੰਦਾ। ਇਸ ਨੇ ਪਹਿਲਾਂ ਤਾਂ ਆਪਣੇ ਹੱਥ ਦੇ ਨਾਲ ਉਹਨਾਂ ਨੂੰ ਪ੍ਰਸ਼ਾਦਾ ਛਕਾਇਆ, ਜਲ ਪਾਣੀ ਪਿਲਾਇਆ ਉਸ ਤੋਂ ਬਾਅਦ ਉਹਨਾਂ ਦੇ ਜ਼ਖਮ ਸਾਫ ਕਰੇ, ਕਰਕੇ ਬੰਨੇ, ਇਹ ਦੋਵੇਂ ਕੰਮ ਕਰਦੇ ਨੂੰ ਇਸ ਨੂੰ ਕੋਈ ਦੋ ਢਾਈ ਘੰਟੇ ਲੱਗ ਗਏ ਤੇ ਇਹ ਬੈਠੇ ਹੋਏ ਦੇਖਦੇ ਰਹੇ। ਜਦ ਬਾਹਰ ਵਿਹਲਾ ਹੋ ਕੇ ਆ ਗਿਆ। ਕਹਿਣ ਲੱਗੇ, "ਖੁਦਾ ਮਿਲਿਆ ਤੈਨੂੰ, ਸਾਨੂੰ ਤਾਂ ਪਤਾ ਨਹੀਂ ਲਗਿਆ? ਰਿਸ਼ੀ ਨੇ ਕਿਹਾ, ਭੋਲਿਓ! ਰੱਬ ਕਿਥੇ ਹੈ, ਰੱਬ ਆਪਣੇ ਬੰਦਿਆ 'ਚ ਰਹਿੰਦਾ ਹੈ, ਘਟਿ ਘਟਿ ਦੇ ਵਿਚ, ਸਾਰਿਆਂ ਦੇ ਅੰਦਰ ਹੈ, ਕੋਈ ਥਾਂ ਐਸੀ ਨਹੀਂ ਜਿਥੇ ਪ੍ਰਮੇਸ਼ਰ ਨਾ ਹੋਵੇ ਤੇ ਇਸ ਤੋਂ ਵੀ ਜੇ ਅਗਲੀ ਗੱਲ ਕਹੀਏ ਤਾਂ ਪ੍ਰਮੇਸ਼ਰ ਆਪ ਅਨੇਕ ਰੂਪ ਧਾਰੀਂ ਬੈਠਾ ਹੈ। ਸੋ ਮੈਂ ਤਾਂ ਇਹਨਾਂ ਬੰਦਿਆਂ ਦੀ ਸੇਵਾ ਕਰਨ ਨਹੀਂ ਆਉਂਦਾ, ਮੈਂ ਆਪਣੇ ਪ੍ਰਭੂ ਦੀ ਸੇਵਾ ਕਰਦਾ ਹਾਂ, ਮੈਨੂੰ ਤਾਂ ਪ੍ਰਭੂ ਦਰਸ਼ਨ ਹੁੰਦੇ ਨੇ ਇਹਨਾਂ ਦੇ ਵਿਚ, ਮਹਾਰਾਜ ਕਹਿੰਦੇ-

***ਮੇਰੇ ਮਨ ਸੇਵਹੁ ਸੋ ਪ੍ਰਭ ਸ੍ਰਬ ਸੁਖਦਾਤਾ***
***ਜਿਤੁ ਸੇਵਿਐ ਨਿਜ ਘਰਿ ਵਸੀਐ॥ ਪੰਨਾ - 170***

ਜਦੋਂ ਦੁਨੀਆਂ ਦੀ ਸੇਵਾ ਕਰੋਂਗੇ, ਪ੍ਰਭੂ ਦੀ ਸੇਵਾ ਕਰੋਂਗੇ ਸਾਰਾ ਮੈਦਾਨ ਖੁੱਲ੍ਹਾ ਪਿਐ ਸੇਵਾ ਵਾਸਤੇ, ਸਾਧ ਸੰਗਤ ਜੀ! ਇਕ-ਦੋ-ਚਾਰ ਥਾਉਂ ਨਹੀਂ ਹੈ ਸਾਰਾ ਸੰਸਾਰ ਜਿਥੇ ਜੀਅ ਕਰਦਾ ਹੈ ਜਿਸ ਖੇਤਰ 'ਚ ਹੈ। ਮਾਸਟਰ ਨਾਲੇ ਤਨਖਾਹ ਲਵੇ, ਨਾਲੇ ਬੱਚਿਆਂ ਨੂੰ ਪੂਰੀ ਤਰ੍ਹਾਂ ਪੜ੍ਹਾਵੇ, ਉਹਦੀ ਸੇਵਾ ਹੋ ਜਾਂਦੀ ਹੈ। ਡਾਕਟਰ ਨਾਲੇ ਆਪਣੀ ਫੀਸ ਲੈ ਲਏ, ਨਾਲੇ ਮਰੀਜ਼ ਦਾ ਤਨੋ-ਮਨੋ ਹੋ ਕੇ ਇਲਾਜ ਕਰੇ ਉਹਦੀ ਸੇਵਾ ਹੋ ਜਾਂਦੀ ਹੈ। ਇਸੇ ਤਰ੍ਹਾਂ ਜਿਥੇ ਵੀ ਕੋਈ ਹੈ, ਜਿਸ ਡਿਊਟੀ ਤੇ ਹੈ ਡਿਊਟੀ ਵੀ ਦੇਵੇ, ਤਨਖਾਹ ਵੀ ਲਵੇ ਤੇ ਨਾਲ ਸੇਵਾ ਵੀ ਕਰੇ ਪੂਰੀ ਤਰ੍ਹਾਂ ਦੇ ਨਾਲ। ਗੁਰੂ ਘਰ ਦੀ ਸੇਵਾ ਹੈ ਤੇ ਨਾਮ ਜਪਣ ਦੀ ਸੇਵਾ ਸਭ ਤੋਂ ਵੱਡੀ ਸੇਵਾ ਹੈ ਕਿਉਂਕਿ ਸੰਸਾਰ ਸੁਖੀ ਹੁੰਦਾ ਹੈ। ਜਦੋਂ ਬੰਦਗੀ ਕਰਨ ਵਾਲਾ ਬੰਦਗੀ ਕਰਦੈ, ਸੰਸਾਰ ਦੇ ਉਤੋਂ ਕਸ਼ਟ ਦੇ ਬਦਲ ਦੂਰ ਜਾਇਆ ਕਰਦੇ ਨੇ ਤੇ ਉਹ ਬੇ-ਮਲੂਮੇ, ਅਦ੍ਰਿਸ਼ਟ ਰੂਪ ਦੇ ਅੰਦਰ ਸਾਰਿਆਂ ਨੂੰ ਸੁਖ ਪਹੁੰਚਾਉਂਦਾ ਹੈ।

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਅੰਗਦ ਸਾਹਿਬ ਮਹਾਰਾਜ ਦਿਨ-ਰਾਤ ਇਕ ਕਰ ਰਹੇ ਨੇ ਹਰ ਵਕਤ ਗੁਰੂ ਨਾਨਕ ਪਾਤਿਸ਼ਾਹ ਦੀ ਸੇਵਾ ਕਰਦੇ ਨੇ। ਪਹਿਲਾਂ ਉਠਦੇ ਨੇ, ਜਲ ਪਾਣੀ ਦਾ ਬੰਦੋਬਸਤ ਕਰਦੇ ਨੇ, ਗੁਰੂ ਨਾਨਕ ਜਾਂਦੇ ਨੇ ਰਾਵੀ 'ਚ ਇਸ਼ਨਾਨ ਕਰਨ, ਆਪ ਨਾਲ ਜਾਂਦੇ ਨੇ। ਰਾਵੀ ਦੇ ਵਿਚ ਖੜ੍ਹੇ ਹੋ ਜਾਂਦੇ ਨੇ, ਆਪ ਬਸਤ੍ਰ ਲੈ ਕੇ ਬਾਹਰ ਖੜ੍ਹੇ ਰਹਿੰਦੇ ਨੇ, ਜਦ ਤੱਕ ਪਾਤਸ਼ਾਹ ਬਾਹਰ ਨਹੀਂ ਆਉਂਦੇ, ਉਥੇ ਖੜ੍ਹੇ ਇੰਤਜ਼ਾਰ ਕਰੀ ਜਾਂਦੇ ਨੇ। ਹੋਰ ਅਨੇਕ ਪ੍ਰਕਾਰ ਲੰਗਰ ਦੀ ਸੇਵਾ ਕਰਦੇ ਨੇ, ਬਸਤਰ ਧੋ ਰਹੇ ਨੇ, ਬਰਤਨ ਮਾਂਜ ਰਹੇ ਨੇ, ਝਾੜੂ ਮਾਰ ਰਹੇ ਨੇ, ਸੰਗਤਾਂ ਨੂੰ ਸਾਂਭ ਰਹੇ ਨੇ, ਬਹੁਤ ਸੇਵਾ ਵਿਚ ਉਹਨਾਂ ਦੀ ਬਿਰਤੀ ਲੀਨ ਹੋਈ ਤੇ ਇਕ ਸੰਕਿਟ ਵੀ ਸੇਵਾ ਤੋਂ ਬਗੈਰ ਨਹੀਂ ਰਹਿੰਦੇ ਤੇ ਸੇਵਾ ਕਰਦੇ-ਕਰਦੇ ਗੁਰੂ ਮਹਾਰਾਜ ਨਾਲ ਐਨਾ ਪਿਆਰ ਪੈ ਗਿਆ ਕਿ ਬਾਕੀ ਸਾਰਾ ਸੰਸਾਰ ਮਨ ਤੋਂ ਵਿਸਰ ਗਿਆ। ਪ੍ਰੀਤ, ਪਿਆਰ ਜਿਹੜਾ ਹੁੰਦਾ ਹੈ ਸਾਧ ਸੰਗਤ ਜੀ! ਰੱਬ ਦਾ ਰੂਪ ਪਿਆਰ ਹੈ।

***ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥***
**ਜਾਪੁ ਸਾਹਿਬ**

ਮਹਾਰਾਜ ਕਹਿੰਦੇ, ਪਿਆਰ ਹੋ ਕੇ ਰੱਬ ਫੈਲਿਆ ਹੋਇਆ ਹੈ। ਉਹ ਕਿਸੇ ਤਰੀਕੇ ਨਾਲ ਵੱਸ ਨਹੀਂ ਆਉਂਦਾ ਜੇ ਆਉਂਦਾ ਤਾਂ ਪਿਆਰ ਨਾਲ ਵੱਸ ਆ ਜਾਂਦਾ ਹੈ। ਪਿਆਰ ਦਾ ਰੂਪ ਧਾਰ ਕੇ ਹਰੇਕ ਥਾਂ ਪਸਰਿਆ ਹੋਇਆ ਹੈ। ਬੂਟਿਆਂ ਨੂੰ ਜ਼ਿੰਦਗੀ ਦੇ ਰਿਹਾ ਹੈ। ਹਰਿਆਵਲ ਦੇ ਰਿਹਾ ਹੈ ਸਾਰੀ ਸ੍ਰਿਸ਼ਟੀ ਦੇ ਅੰਦਰ ਜ਼ਿੰਦਗੀ ਦਾ ਤੋਰਾ ਤੋਰ ਰਿਹਾ ਹੈ। ਸਭ ਨੂੰ ਆਪਣੇ ਪਿਆਰ ਦੇ ਵਸ ਕਰਕੇ ਆਪਣੇ ਥਾਂ-ਥਾਂ ਤੇ ਡਿਊਟੀਆਂ ਲਾਈਆਂ ਹੋਈਆਂ ਨੇ। ਪਿਆਰ ਤੋਂ ਬਗੈਰ ਜਿਹੜਾ ਬੰਦਾ ਹੈ ਕਹਿੰਦੇ ਉਹ ਮੁਰਦਾ ਹੋਇਆ ਕਰਦਾ ਹੈ ਤੇ ਪ੍ਰੀਤ ਲੱਗ ਗਈ ਤੇ ਪ੍ਰੀਤ ਵੀ ਐਨੀ ਲੱਗ ਗਈ ਜਿਸ ਦਾ ਕੋਈ ਹਿਸਾਬ ਨਹੀਂ, ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਲੱਗ ਗਈ ਪ੍ਰੀਤ, ਜਲ ਨਾਲ, ਜਿਵੇਂ ਮੱਛੀ ਦੀ - 2.***
***ਜਲ ਨਾਲ ਜਿਵੇਂ ਮੱਛੀ ਦੀ -4, 2.***
***ਲੱਗ ਗਈ ਪ੍ਰੀਤ ........ -2.***

***ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥***
***ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥***
***ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥***
***ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥***
***ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥***
**ਪੰਨਾ - 708**

ਇਕ ਪਲ ਵਾਸਤੇ ਗੁਰੂ ਨਾਨਕ ਪਾਤਿਸ਼ਾਹ ਦੇ ਪਵਿੱਤਰ

ਦਰਸ਼ਨਾਂ ਨੂੰ ਅੱਖਾਂ ਤੋਂ ਉਹਲੇ ਨਹੀਂ ਕਰਦੇ। ਹਰ ਵਕਤ ਗੁਰੂ ਮਹਾਰਾਜ ਦੇ ਨਾਲ ਜੁੜੇ ਰਹਿੰਦੇ ਨੇ, ਦਿਨ-ਰਾਤ ਸੇਵਾ ਕਰਦੇ ਨੇ। ਨਾ ਰਾਤ ਦੇਖਦੇ ਨੇ, ਨਾ ਦਿਨ ਦੇਖਦੇ ਨੇ। ਐਨੀ ਸੇਵਾ ਤੇ ਐਨਾ ਪਿਆਰ ਕਰਿਆ ਕਿ ਗੁਰੂ ਮਹਾਰਾਜ ਦਾ ਜੋ ਚਿੱਤ ਹੈ ਉਹਦੀ ਸੂਈ ਇਧਰ ਨੂੰ ਖਿੱਚਦੀ ਚਲੀ ਜਾਂਦੀ ਹੈ ਕਿਉਂਕਿ ਪਿਆਰ ਇਕ ਤਰਫਾ ਨਹੀਂ ਹੋਇਆ ਕਰਦਾ, ਦੋਹੀਂ ਪਾਸੀਂ ਇਕੋ-ਜਿਹਾ ਹੋਇਆ ਕਰਦਾ ਹੈ। ਕਿਸੇ ਨੂੰ ਪਿਆਰ ਕਰੋ ਉਹ ਵੀ ਪਿਆਰ ਕਰਦਾ ਹੈ, ਕਿਸੇ ਨੂੰ ਨਫਰਤ ਕਰੋ ਉਧਰਲੇ ਪਾਸਿਓਂ ਵੀ ਨਫਰਤ ਆਉਂਦੀ ਹੈ। ਸੋ ਪਿਆਰ ਵਾਲਿਆਂ ਦਾ ਜੋ ਜੀਵਨ ਹੁੰਦਾ ਹੈ ਉਹ ਵੱਖਰਾ ਹੋਇਆ ਕਰਦਾ ਹੈ ਕਿਉਂਕਿ ਪਿਆਰ ਸਰਵਉਚ ਚੀਜ਼ ਹੈ ਜਿਸ ਦੇ ਨਾਲ ਵਾਹਿਗੁਰੂ ਵਸ ਹੁੰਦਾ ਹੈ, ਹੋਰ ਕੋਈ ਚੀਜ਼ ਨਹੀਂ ਹੈ।

***ਸਭੁ ਕੋ ਤੇਰੈ ਵਸਿ ਅਗਮ ਅਗੋਚਰਾ॥***
***ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ॥***

***ਪੰਨਾ - 962***

ਸੋ ਇਸ ਤਰ੍ਹਾਂ ਪਿਆਰ ਦੇ ਨਾਲ ਗੁਰੂ ਨਾਨਕ ਪਾਤਿਸ਼ਾਹ ਦੇ ਪਾਸ ਰਹਿ ਕੇ ਆਪ ਸੇਵਾ ਵੀ ਕਰਦੇ ਨੇ ਤੇ ਜਦੋਂ ਵਿਹਲੇ ਹੁੰਦੇ ਨੇ ਇਕ ਟੱਕ ਗੁਰੂ ਨਾਨਕ ਦੇ ਪਵਿੱਤਰ ਮੁਖੜੇ ਦੇ ਦਰਸ਼ਨ ਕਰਦੇ ਰਹਿੰਦੇ ਨੇ। ਨੇਤਰ ਨਹੀਂ ਝਮਕਦੇ ਇਕ ਪਲ ਵਾਸਤੇ ਵੀ, ਉਹ ਵੀ ਐਂ ਲਗਦੈ ਜਿਵੇਂ ਕਈ ਸਾਲ ਹੋ ਗਏ ਦਰਸ਼ਨ ਕਰੇ ਨੂੰ, ਸੋ ਇਸ ਤੀਬਰਤਾ ਦਾ ਸਾਰਿਆਂ ਨੂੰ ਨਹੀਂ ਪਤਾ ਹੁੰਦਾ ਇਹ ਉਹਨੂੰ ਹੀ ਪਤਾ ਹੁੰਦਾ ਹੈ ਜਿਸ ਤੇ ਕਦੇ ਐਸੇ ਹਾਲਾਤ ਵਰਤੇ ਹੋਣ। ਸੋ ਆਪ ਜੀ ਚਰਨ ਦੱਬ ਰਹੇ ਨੇ, ਸੇਵਾ ਕਰ ਰਹੇ ਨੇ, ਪੱਖਾ ਝੱਲ ਰਹੇ ਨੇ। ਗੁਰੂ ਮਹਾਰਾਜ ਬਿਰਾਜੇ ਹੋਏ ਨੇ, ਥੋੜ੍ਹੀ ਜਿਹੀ ਦੇਰ ਬਾਅਦ ਮਹਾਰਾਜ ਜੀ ਦਾ ਚਰਨ ਹਿੱਲ ਜਾਂਦਾ ਹੈ, ਥੋੜ੍ਹੀ ਜਿਹੀ ਦੇਰ ਬਾਅਦ ਫਿਰ ਚਰਨ ਹਿਲ ਜਾਂਦਾ ਹੈ। ਆਪ ਨੇ ਬੇਨਤੀ ਕਰੀ ਪਾਤਸ਼ਾਹ! ਇਹ ਕੀ ਕਾਰਨ ਹੈ? ਸੋ ਇਸ ਪਿਆਰ ਬਾਰੇ ਲਿਖਦੇ ਨੇ ਕਿ =

***ਭਲੀ ਪ੍ਰੀਤ ਨਹਿ ਜਾਇ ਬਖਾਨੀ॥***

ਕਹਿੰਦੇ ਐਨੀ ਪ੍ਰੀਤ ਲੱਗੀ ਜਿਹੜੀ ਦੱਸੀ ਨਹੀਂ ਜਾਂਦੀ। ਕਹਿੰਦੇ ਪਤੰਗੇ ਦੀ ਪ੍ਰੀਤ ਜਾਣੀ ਗਈ ਹੈ ਕਿ ਲਾਟ ਦੇ ਵਿਚ ਆ ਕੇ ਜਲ ਜਾਂਦਾ ਹੈ, ਮਿਰਗ ਦੀ ਪ੍ਰੀਤ ਮਸ਼ਹੂਰ ਹੈ ਕਿ ਘੰਡੇ-ਹੇੜਾ ਦਾ ਸ਼ਬਦ ਸੁਣ ਕੇ ਮਰਨ ਤੋਂ ਨਹੀਂ ਡਰਦਾ, ਸ਼ਿਕਾਰੀ ਦੇ ਹੱਥ ਆ ਜਾਂਦਾ ਹੈ। ਤੇ ਭੌਰੇ ਦੀ ਪ੍ਰੀਤ ਮਸ਼ਹੂਰ ਹੈ, ਫੁੱਲ ਦੇ ਵਿਚ ਬੈਠ ਜਾਂਦਾ ਹੈ, ਫੁੱਲ ਬੰਦ ਹੋ ਜਾਂਦਾ ਹੈ ਤੇ ਮਰਿਆ ਹੋਇਆ ਹੀ ਨਿਕਲਦਾ ਹੈ।

***ਤਿਨ ਤੇ ਤੁਰਨ ਤਾਂ ਪਹਿਚਾਨੀ॥***

ਕਹਿੰਦੇ ਇਹਦੇ ਨਾਲੋਂ ਘੱਟ ਨਹੀਂ ਗੁਰੂ ਅੰਗਦ ਸਾਹਿਬ ਦੀ ਪ੍ਰੀਤ ਗੁਰੂ ਨਾਨਕ ਸਾਹਿਬ ਲਈ। ਇਹਨਾਂ ਤੋਂ ਕਿਤੇ ਵੱਧ ਹੈ -

***ਸੀਸ ਦੇਣ ਕੀ ਹੋਇ ਜੇ ਰਜਾਇ॥***
***ਪਲਕ ਮਾਤਰ ਕਬਹੂੰ ਨ ਬਿਲਮਾਇ॥***

ਕਹਿੰਦੇ ਜੇ ਗੁਰੂ ਮਹਾਰਾਜ ਕਹਿ ਦੇਣ ਗੁਰੂ ਨਾਨਕ ਪਾਤਿਸ਼ਾਹ ਕਿ ਭਾਈ ਲਹਿਣਾ ਸੀਸ ਚਾਹੀਦਾ ਹੈ। ਕਹਿੰਦੇ, ਜ਼ੁਬਾਨ 'ਚੋਂ ਅਜੇ ਨਿਕਲੇਗਾ ਉਸੇ ਵੇਲੇ ਸੀਸ ਦੇ ਦੇਣਗੇ ਬਿਲਮ ਨਹੀਂ ਲਾਉਂਦੇ। ਸੋ ਆਪ ਜੀ ਗੁਰੂ ਮਹਾਰਾਜ ਜੀ ਦੇ ਹਰ ਵਕਤ ਨਾਲ ਰਹਿੰਦੇ ਹਨ। ਆਰਾਮ ਕਰ ਰਹੇ ਹੋਣ, ਬਿਰਾਜੇ ਹੋਣ, ਮਹਾਂਪੁਰਸ਼ ਸੌਂਦੇ ਨਹੀਂ ਹੁੰਦੇ, ਕਦੇ ਗੁਰੂ ਸੌਂਦੇ ਨਹੀਂ ਹੁੰਦੇ, ਉਹ ਤਾਂ ਦੁਨੀਆਂ ਦੇ ਕਾਰਜ ਕਰਦੇ ਹੁੰਦੇ ਨੇ। ਸੋ ਆਪ ਦੇ ਚਰਨ ਹਿਲਦੇ ਨੇ। ਜਦੋਂ ਮਹਾਰਾਜ ਜੀ ਨੇ ਨੇਤਰ ਖੋਲ੍ਹੇ ਉਸ ਵੇਲੇ ਆਪ ਨੇ ਬੇਨਤੀ ਕਰੀ ਕਿ ਪਾਤਸ਼ਾਹ! ਆਪ ਦੇ ਚਰਨ ਕਿਉਂ ਹਿਲਦੇ ਸੀ। ਮਹਾਰਾਜ ਕਹਿੰਦੇ, "ਲਹਣਿਆ! ਗੁਪਤ ਗੱਲਾਂ ਹੁੰਦੀਆਂ ਨੇ। ਪਾਤਸ਼ਾਹ! ਕ੍ਰਿਪਾ ਕਰੋ ਪਤਾ ਲੱਗੇ ਕਿ ਚਰਨ ਕਿਉਂ ਹਿਲਦੇ ਸੀ? ਮਹਾਰਾਜ ਜੀ ਕਹਿੰਦੇ, "ਭਾਈ ਲਹਿਣਾ! ਸਵਰਗ ਲੋਕਾਂ ਦੇ ਦੇਵਤੇ ਆਇਆ ਕਰਦੇ ਨੇ ਤੇ ਫੇਰ ਉਹ ਨਮਸ਼ਕਾਰ ਕਰਕੇ ਚਲੇ ਜਾਂਦੇ ਨੇ -

***ਸੁਰ ਪਗ ਦੋਇ ਬੰਦਨ ਕਰੇ ਪੁੰਨ ਸਦਨ ਸਿਧਾਰੇ॥***

ਕਹਿੰਦੇ, ਫੇਰ ਬੰਦਨ ਕਰਕੇ ਘਰਾਂ ਨੂੰ ਚਲੇ ਜਾਂਦੇ ਨੇ, ਐਸ ਤਰ੍ਹਾਂ ਫੁਰਮਾਨ ਹੈ -

***ਧਾਰਨਾ - ਕਰਦੇ ਡੰਡਉਤਾਂ ਜੀ,***
***ਸਵਰਗਾਂ ਤੋਂ ਆ ਕੇ ਦੇਵਤੇ -2, 2.***
***ਕਰਦੇ ਡੰਡਉਤਾਂ ਜੀ,***
***ਸਵਰਗਾਂ ਤੋਂ ਆ ਕੇ ਦੇਵਤੇ -2, 4.***

ਸੋ ਭਾਈ ਲਹਿਣਾ! ਸੰਤ ਜੋ ਹੋਇਆ ਕਰਦਾ ਹੈ ਉਹ ਪ੍ਰਮੇਸ਼ਰ ਦਾ ਸਾਕਾਰ ਸਰੂਪ ਹੋਇਆ ਕਰਦਾ ਹੈ। ਸੋ ਨਿਰਾਕਾਰ ਦੇ ਦਰਸ਼ਨ ਤਾਂ ਹੁੰਦੇ ਨਹੀਂ -

***ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥***
***ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥***
***ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ॥***
***ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥***

***ਪੰਨਾ - 7***

ਵਾਹਿਗੁਰੂ ਦਾ ਨਿਰਾਕਾਰ ਸਰੂਪ ਨੂੰ ਤਾਂ ਦਿਖ ਨਹੀਂ ਸਕਿਆ ਕਰਦਾ ਤੇ ਇਸ ਸੰਸਾਰ ਦੇ ਦੇਵ ਲੋਕਾਂ ਦੇ ਦੇਵਤਾ ਆ ਕੇ ਨਮਸ਼ਕਾਰ ਕਰਦੇ ਨੇ। ਇਸ ਤਰ੍ਹਾਂ ਬਾਣੀ ਵਿਚ ਲਿਖਿਆ ਹੋਇਆ ਹੈ -

***ਧਾਰਨਾ - ਸ਼ਿਵ ਜੀ ਖੋਜਦੇ ਫਿਰਦੇ ਬ੍ਰਹਮ ਗਿਆਨੀ ਨੂੰ - 2.***
***ਸ਼ਿਵ ਜੀ ਖੋਜਦੇ ਫਿਰਦੇ ਬ੍ਰਹਮ ਗਿਆਨੀ ਨੂੰ -2, 4.***

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥ ਪੰਨਾ - 273***

ਕਿਉਂ ਖੋਜਦੇ ਨੇ?

***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥***

***ਪੰਨਾ - 273***

ਸੋ ਹੁਣ ਕਿਉਂਕਿ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੋਂ ਹੀ ਅਗਲੀ ਵੀਚਾਰ ਸ਼ੁਰੂ ਕੀਤੀ ਜਾਵੇਗੀ। ਸੋ ਹੁਣ ਸਾਰੇ ਗੁਰੂ ਸਤੋਤਰ ਵਿਚ ਬੋਲੋ।

-ਅਨੰਦ ਸਾਹਿਬ-

-ਗੁਰਸਤੋਤਰ-

-ਅਰਦਾਸ-

★★★★★★★

# ਜੀਵਨ ਸਫਰ

***ਪ੍ਰੋ. ਗੁਰਦੇਵ ਸਿੰਘ***

ਵਾਹਿਗੁਰੂ ਜੀ ਦੀ ਕੁਦਰਤ ਅਨੰਤ ਤੇ ਅਕਥਨੀਯ ਹੈ ਜਿਸ ਬਾਰੇ ਵੱਖ ਵੱਖ ਮੱਤਾਂ ਦੇ ਆਚਾਰੀਆਂ ਤੇ ਫਿਲਾਸਫਰਾਂ ਨੇ ਆਪਣੀ ਆਪਣੀ ਮੱਤ ਅਨੁਸਾਰ ਵੱਖ-ਵੱਖ ਵਿਚਾਰ ਪੇਸ਼ ਕੀਤੇ ਹਨ ਪਰੰਤੂ ਗੁਰਮਤਿ ਅਨੁਸਾਰ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

***ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥***
***ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥***
***ਪੰਨਾ - 4***

ਇਸ ਨੂੰ ਕੇਵਲ ਪ੍ਰਭੂ ਕਰਤਾ ਹੀ ਜਾਣਦਾ ਹੈ। ਇਹਦੀ ਥਿਤਿ ਬਾਰੇ ਦੱਸਿਆ ਨਹੀਂ ਜਾ ਸਕਦਾ ਕਿ ਸੰਸਾਰ ਕਦ ਤੋਂ ਹੋਂਦ ਵਿਚ ਆਇਆ ਹੈ। ਠੀਕ ਇਸੇ ਤਰ੍ਹਾਂ ਮਨੁੱਖੀ ਜੀਵਨ ਦੇ ਸਫਰ ਬਾਰੇ ਵੀ ਕੁਝ ਕਿਹਾ ਨਹੀਂ ਜਾ ਸਕਦਾ ਕਿ ਇਹ ਸਫਰ ਕਦੋਂ ਤੋਂ ਸ਼ੁਰੂ ਹੋਇਆ ਕਿਉਂਕਿ ਗੁਰਬਾਣੀ ਵਿਚ ਇਸ ਬਾਰੇ ਬੜੇ ਸਾਫ ਤੇ ਸਪਸ਼ਟ ਫੁਰਮਾਨ ਹਨ -

***ਕਈ ਜਨਮ ਭਏ ਕੀਟ ਪਤੰਗਾ॥***
***ਕਈ ਜਨਮ ਗਜ ਮੀਨ ਕੁਰੰਗਾ॥***
***ਕਈ ਨਜਮ ਪੰਖੀ ਸਰਪ ਹੋਇਓ॥***
***ਕਈ ਜਨਮ ਹੈਵਰ ਬ੍ਰਿਖ ਜੋਇਓ॥ ਪੰਨਾ - 176***

ਇਸ ਬਾਰੇ ਪੱਥਰਾਂ, ਬਿਰਖਾਂ, ਬਨਸਪਤੀ, ਪੰਖੀਆਂ, ਪੇਟ ਦੇ ਬਲ ਚੱਲਣ ਵਾਲੇ ਜੀਵਾਂ, ਚਾਰ ਪੈਰਾਂ ਵਾਲੇ ਪਸ਼ੂਆਂ ਅਤੇ ਪਾਣੀ ਵਿਚ ਰਹਿਣ ਵਾਲੀਆਂ ਅਨੇਕਾਂ ਜੂਨੀਆਂ ਦਾ ਸਫਰ ਤਹਿ ਕਰਦਾ ਹੋਇਆ ਜੀਵ ਮਨੁੱਖਾ ਸਰੀਰ ਪ੍ਰਾਪਤ ਕਰਦਾ ਹੈ। ਪਰੰਤੂ ਜਦੋਂ ਮਨੁੱਖ ਸਰੀਰ ਪਾ ਕੇ ਨੀਵਾਣ ਵੱਲ ਨੂੰ ਤੁਰਨ ਲੱਗ ਪੈਂਦਾ ਹੈ ਤਾਂ ਇਸ ਦੀ ਸਥਿਤੀ ਹੋਰ ਵੀ ਦੁਰਭਾਗੀ ਹੋ ਜਾਇਆ ਕਰਦੀ ਹੈ ਕਿਉਂਕਿ ਇਹ ਉਤਰਾਈ ਦਾ ਸਫਰ ਹੈ। ਜਦ ਕਿ ਮਨੁੱਖੀ ਜਾਮਾ ਪਾ ਕੇ ਚੜ੍ਹਾਈ ਦਾ ਸਫਰ ਕਰਨਾ ਬਣਦਾ ਹੈ। ਜਿਵੇਂ ਪਾਣੀ ਨੂੰ ਉਚੀ ਥਾਂ ਤੇ ਚੜ੍ਹਾਉਣ ਲਈ ਅਨੇਕਾਂ ਯਤਨ ਕਰਨੇ ਪੈਂਦੇ ਹਨ, ਸਪੈਸ਼ਲ ਪੰਪ ਆਦਿ ਲਗਾਉਣੇ ਪੈਂਦੇ ਹਨ ਤੇ ਮੋਟਰਾਂ ਦਾ ਇੰਤਜਾਮ ਕਰਨਾ ਪੈਂਦਾ ਹੈ। ਪਰ ਜੇ ਪਾਣੀ ਨੀਵੇਂ ਪਾਸੇ ਨੂੰ ਤੋਰਨਾ ਹੋਵੇ ਤਾਂ ਉਹ ਆਪਣੇ ਆਪ ਹੀ ਵਹਿਣ ਬਣਾ ਲੈਂਦਾ ਹੈ। ਇਸ ਕਰਕੇ ਜਿਥੋਂ ਜੀਵ ਦਾ ਸਫਰ ਸ਼ੁਰੂ ਹੋਇਆ ਸੀ ਉਥੇ ਜਾ ਕੇ ਹੀ ਖਤਮ ਹੋਵੇਗਾ, ਨਹੀਂ ਤਾਂ ਇਹ ਚੁਰਾਸੀ ਦੇ ਗੇੜ ਵਿਚ ਭਵਾਟਣੀਆਂ ਖਾਂਦਾ ਰਹੇਗਾ ਤੇ ਇਹ ਸਫਰ ਕਦੀ ਵੀ ਖਤਮ ਨਹੀਂ ਕਰ ਸਕੇਗਾ।

***ਜਮਿ ਜਮਿ ਮਰੈ ਮਰੈ ਫਿਰਿ ਜੰਮੈ॥***
***ਬਹੁਤੁ ਸਜਾਇ ਪਇਆ ਦੇਸਿ ਲੰਮੈ॥ ਪੰਨਾ - 1020***

ਇਸ ਦੇ ਇਸ ਸਫਰ ਨੂੰ ਸੁਹਾਵਣਾ ਤੇ ਆਰਾਮਦਾਇਕ ਤੇ ਸਫਲ ਬਣਾਉਣ ਲਈ ਸੰਸਾਰ ਵਿਚ ਵੱਖ ਵੱਖ ਧਰਮਾਂ ਨਾਲ ਸੰਬੰਧ ਰੱਖਣ ਵਾਲੇ ਮਹਾਂਪੁਰਸ਼ਾਂ, ਪੀਰਾਂ, ਪੈਗੰਬਰਾਂ ਤੇ ਰਹਿਬਰਾਂ ਨੇ ਆਪਣੇ ਆਪਣੇ ਅਨੁਭਵੀ ਤਜਰਬਿਆਂ ਦੁਆਰਾ ਕਈ ਤਰੀਕਿਆਂ ਦੀਆਂ ਵਿਧੀਆਂ ਤੇ ਯਤਨ ਦੱਸੇ। ਕਰਮਾਂ ਦੀ ਵਿਧੀ ਅਨੁਸਾਰ ਜੀਵ ਇਸ ਸਫਰ ਦੌਰਾਨ ਅਨੇਕ ਘਟਨਾਂ ਚੱਕਰਾਂ ਵਿਚੋਂ ਦੀ ਗੁਜਰਦਾ ਹੋਇਆ ਦੁਖ ਤੇ ਸੁਖ ਭੋਗਦਾ ਰਹਿੰਦਾ ਹੈ। ਜ਼ਰਾ ਕੁ ਸੁਖ ਆ ਜਾਵੇ, ਫੁਲਿਆ ਨਹੀਂ ਸਮਾਉਂਦਾ, ਜੇ ਦੁਖ ਆ ਜਾਵੇ ਤਾਂ ਕਲਪਦਾ ਹੋਇਆ ਦੂਜਿਆਂ ਨੂੰ ਦੋਸ਼ੀ ਠਹਿਰਾਉਂਦਾ ਹੈ, ਕਦੇ ਪਰਮਾਤਮਾ ਨੂੰ ਕੋਸਦਾ ਹੈ ਕਿ ਮੇਰੇ ਨਾਲ ਇੰਝ ਕਿਉਂ ਵਾਪਰ ਰਿਹਾ ਹੈ। ਸਵਾਲ ਪੈਦਾ ਹੁੰਦਾ ਹੈ ਕਿ ਦਲ-ਦਲ ਦੇ ਇਸ ਬਿਖਮ ਪੈਂਡੇ ਨੂੰ ਕਿਵੇਂ ਤਹਿ ਕੀਤਾ ਜਾਵੇ? ਕੀ ਇਸ ਦਾ ਕੋਈ ਸੁਖਾਲਾ ਤਰੀਕਾ ਹੈ, ਜਿਸ ਨਾਲ ਇਸ ਜੀਵਨ ਨੂੰ ਸਫਲ ਕਰ ਸਕੀਏ ਅਤੇ ਇਸ ਪੰਧ ਨੂੰ ਸਹਿਜ ਨਾਲ ਤਹਿ ਕਰਨ ਦੀ ਸਮਰੱਥਾ ਆ ਜਾਵੇ। ਜੀਵਨ ਮਾਰਗ ਵਿਚ ਦੋਵੇਂ ਸਫਰ ਨਾਲ ਨਾਲ ਚਲਦੇ ਹਨ। ਇਕ ਦੁਨਿਆਵੀ ਸਫਰ ਹੈ ਜਿਸ ਵਿਚ ਸਾਨੂੰ ਦੁਨੀਆਂ ਨਾਲ ਵਾਹ ਪੈਂਦਾ ਹੈ, ਦੂਜਾ ਰੂਹਾਨੀ ਸਫਰ ਹੈ ਜੋ ਆਤਮ ਦੇਸ਼ ਨਾਲ ਸੰਬੰਧ ਰੱਖਦਾ ਹੈ। ਇਹ ਦੋਵੇਂ ਸਫਰ ਨਾਲ ਨਾਲ ਇਕੱਠੇ ਹੀ ਤਹਿ ਕਰਨੇ ਪੈਂਦੇ ਹਨ ਕਿਉਂਕਿ ਦੋਵੇਂ ਇਕ ਦੂਜੇ ਨਾਲ ਤਾਣੇ ਪੇਟੇ ਵਾਂਗ ਜੁੜੇ ਹੋਏ ਹਨ, ਇਸ ਨੂੰ ਦੀਨ ਤੇ ਦੁਨੀਆਂ ਦਾ ਸਫਰ ਵੀ ਕਹਿੰਦੇ ਹਨ।

ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਮਨੁੱਖ ਨੂੰ ਇਹ ਪਤਾ ਲਗਣਾ ਜਰੂਰੀ ਹੈ ਕਿ ਉਹ ਸੰਸਾਰ ਤੇ ਕਿਉਂ ਆਇਆ ਹੈ ਅਤੇ ਜੇ ਇਹ ਗੱਲ ਇਸ ਦੇ ਸਮਝ ਵਿਚ ਆ ਜਾਵੇ ਤਾਂ ਇਸ ਦੀ ਕਾਫੀ ਭਟਕਣਾ ਖਤਮ ਹੋ ਸਕਦੀ ਹੈ। ਪਰ ਇਹ ਕਿਸ ਤਰ੍ਹਾਂ ਹੋਵੇ? ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਇਸ ਨੂੰ ਸਮਝਾਉਂਦੀ ਹੈ ਪਰ ਇਹ ਗੱਲ ਤਦ ਤਕ ਸਮਝ ਨਹੀਂ ਆ ਸਕਦੀ ਜਦੋਂ ਤੱਕ ਕਿਸੇ ਤੱਤ ਬੇਤੇ ਮਹਾਂਪੁਰਸ਼ ਦੀ ਸੰਗਤ ਇਸ ਨੂੰ ਪ੍ਰਾਪਤ ਨਹੀਂ ਹੁੰਦੀ। ਇਹ ਤਾਂ ਕੇਵਲ ਪੂਰੇ ਭਾਗ ਬਣਨ ਤਾਂ ਹੀ ਅਜਿਹਾ ਹੁੰਦਾ ਹੈ, ਨਹੀਂ ਤਾਂ ਇਸ ਦਾ ਜੀਵਨ ਵਿਅਰਥ ਹੋ ਕੇ ਰਹਿ ਜਾਂਦਾ ਹੈ ਤੇ ਇਹ ਜੀਵਨ ਰਹੱਸ ਨੂੰ ਸਮਝਣ ਤੋਂ ਅਸਮਰਥ ਰਹਿ ਜਾਂਦਾ ਹੈ। ਜੀਵਨ ਦਾ ਇਕ ਇਕ ਖਿਨ, ਇਕ ਇਕ ਸੁਆਸ ਬਹੁਤ ਕੀਮਤੀ ਹੈ, ਪਰ ਅਫਸੋਸ ਇਹ ਕਿ ਮਨੁੱਖ ਆਪਣਾ ਕੀਮਤੀ ਜੀਵਨ ਇਸ ਰਹੱਸ ਨੂੰ ਸਮਝੇ ਬਿਨਾਂ ਭੰਗ ਦੇ ਭਾੜੇ ਗਵਾ ਕੇ ਖਾਲੀ ਹੱਥ ਸੰਸਾਰ ਤੋਂ ਚਲਿਆ ਜਾਂਦਾ ਹੈ। ਵਾਹਿਗੁਰੂ ਜੀ ਨੇ ਇਸ ਨੂੰ ਆਤਮ ਸ਼ਹਿਜਾਦਾ ਬਣਾ ਕੇ ਭੇਜਿਆ ਸੀ ਅਤੇ ਤਾਕੀਦ ਕੀਤੀ ਸੀ ਕਿ ਮਾਤਾ ਦੇ ਗਰਭ ਵਿਚ ਜੋ ਲਿਵ ਲੱਗੀ ਹੋਈ ਹੈ ਇਸ ਨੂੰ ਬਰਕਰਾਰ ਰੱਖੀਂ, ਫੇਰ ਤੂੰ ਸੰਸਾਰ ਦਾ ਸਫਰ ਸਹਿਜ ਨਾਲ ਕਰ ਸਕੇਂਗਾ। ਪਰ ਅਫਸੋਸ, ਇਸ ਉਪਰ ਸੰਸਾਰ ਵਿਚ ਆਉਂਦੇ ਸਾਰ ਹੀ ਮਾਇਆ ਦਾ ਜਾਲ ਪੈ ਗਿਆ। ਵਾਹਿਗੁਰੂ ਨਾਲ ਲੱਗੀ ਹੋਈ ਲਿਵ ਜਿਸ ਦੇ ਸਹਾਰੇ ਇਹ ਗਰਭ ਦੀ ਜਠਰ ਅਗਨ ਤੋਂ ਸੁਰਖਿਅਤ ਰਿਹਾ ਸੀ, ਉਹ ਲਿਵ ਟੁਟ ਗਈ ਜਿਸ ਬਾਰੇ ਮਹਾਰਾਜ ਜੀ ਦਾ ਫੁਰਮਾਨ ਹੈ-

***ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥***
***ਪੰਨਾ - 921***

ਮਾਇਆ ਨੇ ਇਸ ਨੂੰ ਆਪਣੇ ਅਧੀਨ ਕਰ ਲਿਆ ਹੈ। ਬਚਪਨ ਵਿਚ ਇਹ ਮਾਤਾ ਪਿਤਾ ਤੇ ਸਕੇ ਸੰਬੰਧੀਆਂ ਦੇ ਹੱਥਾਂ ਦਾ ਖਿਡੌਣਾ ਬਣਿਆ ਰਿਹਾ। ਜਦੋਂ ਥੋੜ੍ਹਾ ਵੱਡਾ ਹੋਇਆ ਸੋਚਣ ਸ਼ਕਤੀ ਨੇ ਸਾਥ ਦੇਣਾ ਸ਼ੁਰੂ ਕੀਤਾ ਤਾਂ ਆਪਣੇ ਗਿਰਦ ਦੇ ਵਾਤਾਵਰਣ ਦੇ ਸੰਸਕਾਰ ਇਸ ਉਤੇ ਹਾਵੀ ਹੋ ਗਏ। ਇਹ ਸੰਸਕਾਰ ਚੰਗੇ ਵੀ ਸਨ ਤੇ ਮਾੜੇ ਵੀ। ਮਾਪਿਆਂ ਦੇ ਹਿਤ ਅਨੁਸਾਰ ਇਸ ਦੇ ਜੀਵਨ ਨੂੰ ਸੇਧ ਮਿਲਦੀ ਰਹੀ, ਇਸ ਤਰ੍ਹਾਂ ਨਾਲ ਕਿਸ਼ੋਰ ਅਵਸਥਾ ਦੇ 12-13 ਸਾਲ ਬੀਤ ਗਏ। ਉਸ ਤੋਂ ਬਾਅਦ ਜਵਾਨੀ ਦਾ ਹੜ੍ਹ ਆ ਜਾਂਦਾ ਹੈ ਜਿਸ ਵਿਚ ਇਹ ਕਿਸੇ ਦੀ ਨਹੀਂ ਸੁਣਦਾ। ਆਪਣੇ ਹੁਸਨ ਤੇ ਆਪਣੇ ਤਾਣ ਦਾ ਮਾਣ ਹੋ ਜਾਂਦਾ ਹੈ। ਕਿਸੇ ਦਾ ਉਪਦੇਸ਼ ਇਸ ਤੇ ਅਸਰ ਨਹੀਂ ਕਰਦਾ। ਵਿਆਹ ਹੋ ਗਿਆ, ਭੋਗਾਂ ਦੀ ਬਿਰਤੀ ਹਾਵੀ ਹੋ ਜਾਂਦੀ ਹੈ। ਬਾਲ-ਬੱਚੇ ਹੋ ਗਏ, ਗ੍ਰਿਹਸਤੀ ਜੀਵਨ ਵਿਚ ਘਿਰ ਕੇ ਕੇਵਲ ਪਰਿਵਾਰ ਨੂੰ ਪਾਲਣ ਦਾ ਫਿਕਰ ਤੇ ਬੱਚਿਆਂ ਦੇ ਭਵਿੱਖ ਦੀ ਸੋਚ ਇਸ ਨੂੰ ਖਾਂਦੀ ਰਹਿੰਦੀ ਹੈ। ਇਸ ਤਰ੍ਹਾਂ ਕਰਦੇ ਕਰਦੇ ਉਮਰ ਢਲਣੀ ਸ਼ੁਰੂ ਹੋ ਜਾਂਦੀ ਹੈ ਪਰ ਫੇਰ ਵੀ ਪਰਿਵਾਰਿਕ ਧੰਦਿਆਂ ਵਿਚ ਰੁਝਿਆ ਰਹਿੰਦਾ ਹੈ ਅਤੇ ਜੇਕਰ ਕਦੀ ਭੁਲ ਭਲੇਖੇ ਇਸ ਨੂੰ ਸਤਸੰਗ ਪ੍ਰਾਪਤ ਹੋ ਜਾਵੇ ਤਾਂ ਉਥੇ ਇਸ ਜੀਵਨ ਸਫਰ ਨੂੰ ਤਹਿ ਕਰਨ ਲਈ ਮਹਾਂਪੁਰਖਾਂ ਵਲੋਂ ਨਾਮ ਜਪਣ ਦਾ ਉਪਦੇਸ਼ ਮਿਲਦਾ ਹੈ ਤਾਂ ਇਸ ਦਾ ਅੰਦਰਲਾ ਮਨ ਕਹਿ ਉਠਦਾ ਹੈ, ਹਾਲੇ ਤਾਂ ਮੇਰੇ ਤੇ ਬਹੁਤ ਜੁਮੇਵਾਰੀਆਂ ਹਨ, ਬਹੁਤ ਕੰਮ ਕਰਨੇ ਹਨ, ਬੁਢੇ ਹੋ ਕੇ ਨਾਮ ਜਪ ਲਵਾਂਗੇ।

ਇਸ ਬਾਰੇ ਬਾਬਾ ਜੱਲ੍ਹਣ ਜੀ ਫੁਰਮਾਨ ਕਰਦੇ ਹਨ ਕਿ -

***ਛੋਟੇ ਹੁੰਦੇ ਢੱਗੇ ਚਾਰੇ ਵੱਡੇ ਹੋਏ ਹਲ ਵਾਹਿਆ॥***
***ਬੁਢੇ ਹੋਏ ਮਾਲਾ ਫੇਰੀ ਰੱਬ ਦਾ ਉਲਾਂਭਾ ਲਾਹਿਆ॥***

ਪਰੰਤੂ ਇਸ ਬਾਰੇ ਇਕ ਦ੍ਰਿਸ਼ਟਾਂਤ ਹੈ ਜਿਸ ਦਾ ਜ਼ਿਕਰ ਮਹਾਂਪੁਰਖ ਕਰਿਆ ਕਰਦੇ ਹਨ ਕਿ ਇਕ ਵੇਰਾਂ ਦੀ ਗੱਲ ਹੈ ਕਿ ਇਕ ਪਠਾਨ ਸਿਪਾਹੀ ਘੋੜ ਸਵਾਰ ਇਕ ਖੂਹ ਤੇ ਆਪਣੇ ਘੋੜੇ ਨੂੰ ਪਾਣੀ ਪਿਲਾਉਣ ਲਈ ਪੁੱਜਾ ਤਾਂ ਘੋੜਾ ਹਰਹੱਟ (ਕੁੱਤੇ) ਦੀ ਆਵਾਜ਼ ਸੁਣ ਕੇ ਡਰ ਕੇ ਪਾਣੀਂ ਨਹੀਂ ਸੀ ਪੀ ਰਿਹਾ ਤਾਂ ਪਠਾਨ ਨੇ ਕਿਸਾਨ ਨੂੰ ਆਪਣੇ ਬਲਦ ਰੋਕਣ ਲਈ ਕਿਹਾ ਤੇ ਦੱਸਿਆ ਕਿ ਮੇਰਾ ਘੋੜਾ ਕੁੱਤੇ ਦੀ ਆਵਾਜ਼ ਤੋਂ ਡਰਦਾ ਹੈ ਇਸ ਲਈ ਪਾਣੀ ਨਹੀਂ ਪੀ ਰਿਹਾ। ਜਦੋਂ ਕਿਸਾਨ ਨੇ ਬਲਦਾਂ ਨੂੰ ਰੋਕ ਦਿੱਤਾ ਤਾਂ ਟਿੰਡਾਂ ਰਾਹੀਂ ਖੂਹ ਦਾ ਜੋ ਜਲ ਪਾੜਛੇ ਤੋਂ ਹੁੰਦਾ ਹੋਇਆ ਕੁੰਡ ਵਿਚ ਪੈ ਰਿਹਾ ਸੀ ਉਹ ਬੰਦ ਹੋ ਗਿਆ। ਉਸਨੇ ਕਿਸਾਨ ਨੂੰ ਕਿਹਾ ਕਿ ਖੂਹ ਚਲਾ, ਪਾਣੀ ਆਉਣਾ ਬੰਦ ਹੋ ਗਿਆ। ਜਦੋਂ ਖੂਹ ਚਲਦਾ ਸੀ ਤਾਂ ਘੋੜਾ ਫੇਰ ਡਰ ਜਾਂਦਾ ਸੀ। ਇਸੇ ਤਰ੍ਹਾਂ ਜਦੋਂ ਦੋ ਤਿੰਨ ਵਾਰੀ ਕੀਤਾ ਤੇ ਪਠਾਨ ਪਰੇਸ਼ਾਨ ਹੋ ਗਿਆ ਤਾਂ ਕਿਸਾਨ ਨੇ ਕਿਹਾ ਕਿ ਹਜ਼ੂਰ ਆਪਣੇ ਘੋੜੇ ਨੂੰ ਹਰਹੱਟ ਦੇ ਇਸ ਰੌਲੇ ਵਿਚ ਹੀ ਪਾਣੀ ਪੀਣ ਦੀ ਜਾਚ ਸਿਖਾਵੋ, ਨਹੀਂ ਤਾਂ ਘੋੜਾ ਪਿਆਸਾ ਰਹਿ ਜਾਵੇਗਾ। ਤਾਤਪਰਜ ਇਹ ਹੈ ਕਿ ਸੰਸਾਰ ਦਾ, ਗ੍ਰਿਹਸਤ ਦੀਆਂ ਜੁੰਮੇਵਾਰੀਆਂ ਦਾ ਰੌਲਾ ਗੌਲਾ ਤਾਂ ਇਸੇ ਤਰ੍ਹਾਂ ਪੈਂਦਾ ਰਹਿਣਾ ਹੈ ਤੇ ਇਸ ਰੌਲੇ ਗੌਲੇ ਵਿਚ ਹੀ ਮਹਾਂਪੁਰਖਾਂ ਦੀ ਸੰਗਤ ਕਰਕੇ ਪ੍ਰਭੂ ਦੀ ਬੰਦਗੀ ਕਰਨ ਦੀ ਜਾਂਚ ਸਿਖ ਲੈਣੀ ਚਾਹੀਦੀ ਹੈ ਕਿਉਂਕਿ ਪਤਾ ਨਹੀਂ ਕਿ ਬੁਢੇਪਾ ਆਵੇ ਜਾ ਨਾ ਆਵੇ। ਕਾਲ ਦਾ ਕੋਈ ਪਤਾ ਨਹੀਂ ਹੁੰਦਾ ਕਿ ਕਿਸ ਵੇਲੇ ਇਸ ਸਰੀਰ ਨੇ ਕਾਲ ਦੀ ਗਰਾਹੀ ਬਣ ਜਾਣਾ ਹੈ।

***ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ॥***
***ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ॥***

***ਪੰਨਾ - 631***

ਜਿਸ ਬੰਦੇ ਨੇ ਬਚਪਨ ਜੁਆਨੀ ਵਿਚ ਸਤਸੰਗ ਨਹੀਂ ਕੀਤਾ, ਮਹਾਂਪੁਰਖਾਂ ਦੀ ਸੰਗਤ ਨਹੀਂ ਕੀਤੀ, ਮਹਾਂਪੁਰਸ਼ਾਂ ਪਾਸੋਂ ਨਾਮ ਜੱਪਣ ਦੀ ਵਿਧੀ ਤੇ ਰਹਿਤਾਂ ਬਾਰੇ ਨਹੀਂ ਪੁਛਿਆ, ਭਲਾ ਉਹ ਬੁਢਾਪੇ ਵਿਚ ਕਿਸ ਤਰ੍ਹਾਂ ਨਾਮ ਜਪ ਸਕੇਗਾ ਜਦ ਕਿ ਬੁਢਾਪੇ ਨੂੰ ਰੋਗਾਂ ਦੀ ਖਾਣ ਅਤੇ ਜਰਾ ਰੋਗ ਕਿਹਾ ਜਾਂਦਾ ਹੈ -

***ਜਬ ਲਗੁ ਜਰਾ ਰੋਗੁ ਨਹੀ ਆਇਆ॥***
***ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ॥***
***ਜਬੁ ਲਗੁ ਬਿਕਲ ਭਈ ਨਹੀ ਬਾਨੀ॥***
***ਭਜਿ ਲੇਹਿ ਰੇ ਮਨ ਸਾਰਿਗਪਾਨੀ॥***
***ਅਬ ਨ ਭਜਸਿ ਭਜਸਿ ਕਬ ਭਾਈ॥***
***ਆਵੈ ਅੰਤੁ ਨ ਭਜਿਆ ਜਾਈ॥***
***ਜੋ ਕਿਛੁ ਕਰਹਿ ਸੋਈ ਅਬ ਸਾਰੁ॥***
***ਫਿਰਿ ਪਛੁਤਾਹੁ ਨ ਪਾਵਹੁ ਪਾਰੁ॥*** ***ਪੰਨਾ - 1159***

ਇਹ ਜੀਵਨ ਬਹੁਤ ਕੀਮਤੀ ਹੈ, ਇਸ ਦਾ ਹਰ ਇਕ ਸਵਾਸ ਅਨਮੋਲ ਹੈ। ਇਸ ਨੂੰ ਪਰਮੇਸ਼ਰ ਦੇ ਨਮਿੱਤ ਗੁਰੂ ਦੀ ਆਗਿਆ ਅਨੁਸਾਰ ਚਲਾ ਕੇ ਸਫਲ ਕਰਨਾ ਬਹੁਤ ਜ਼ਰੂਰੀ ਹੈ ਨਹੀਂ ਤਾਂ ਇਹ ਤਾਂ ਭੰਗ ਦੇ ਭਾੜੇ ਹੀ ਚਲਿਆ ਜਾਂਦਾ ਹੈ ਜਿਸ ਤਰ੍ਹਾਂ ਕਿ ਫੁਰਮਾਨ ਹੈ -

***ਕਬੀਰਾ ਏਕੁ ਅਚੰਭਉ ਦੇਖਿਓ ਹੀਰਾ ਹਾਟ ਬਿਕਾਇ॥***
***ਬਨਜਨਹਾਰੇ ਬਾਹਰਾ ਕਉਡੀ ਬਦਲੈ ਜਾਇ॥***

***ਪੰਨਾ - 1372***

ਇਸ ਸਰੀਰ ਵਿਚ ਇਕ ਅਮੋਲਕ ਹੀਰਾ ਹਰੀ ਦਾ ਨਾਮ ਹੈ ਜਿਸ ਦੀ ਇਸ ਨੂੰ ਸਮਝ ਨਹੀਂ ਪੈਂਦੀ। ਬੜੀ ਹੈਰਾਨੀ ਦੀ ਗੱਲ ਹੈ ਇਸ ਹੀਰੇ ਨੂੰ ਕੋਈ ਲੱਭ ਹੀ ਨਹੀਂ ਰਿਹਾ, ਨਾ ਹੀ ਇਸ ਦੀ ਕਦਰ ਕਰ ਰਿਹਾ ਹੈ। ਇਸ ਦੀ ਕਦਰ ਨਾ ਹੋਣ ਕਰਕੇ ਕਉਡੀਆਂ ਦੇ ਮੁੱਲ ਚਲਾ ਜਾਂਦਾ ਹੈ। ਮਨੁੱਖੀ ਜਾਮਾ ਬਾਰ-ਬਾਰ ਨਹੀਂ ਮਿਲਿਆ ਕਰਦਾ, ਪੂਰਬਲੇ ਸ਼ੁਭ ਕਰਮਾਂ ਕਰਕੇ ਇਹ ਦੇਹੀ ਪ੍ਰਾਪਤ ਹੁੰਦੀ ਹੈ ਤੇ ਇਸ ਦੇਹੀ ਵਿਚ ਪ੍ਰਭੂ ਨੇ ਆਪਣੀ ਜੋਤ ਰੱਖੀ ਹੋਈ ਹੈ ਤੇ ਇਸ ਜੋਤ ਨੂੰ ਢੂੰਡਣ ਲਈ ਤੱਤ ਬੇਤੇ ਮਹਾਂਪੁਰਖਾਂ ਦੀ ਸੰਗਤ ਤੇ ਉਨ੍ਹਾਂ ਦੇ ਪ੍ਰਵਚਨਾਂ ਨੂੰ ਕਮਾਉਣਾ ਜਰੂਰੀ ਬਣ ਜਾਂਦਾ ਹੈ।

ਇਸ ਲਈ ਇਸ ਜੀਵਨ ਸਫਰ ਦੀ ਪੂਰਤੀ ਲਈ ਆਪਣੇ ਅੰਦਰ ਰੱਖੀ ਪ੍ਰਭੂ ਦੀ ਜੋਤ ਨੂੰ ਲੱਭਣ ਦਾ ਯਤਨ ਕਰਨਾ ਚਾਹੀਦਾ ਹੈ। ਇਸ ਵਾਸਤੇ ਤਿੰਨ ਚੀਜ਼ਾਂ ਦੀ ਲੋੜ ਹੈ, ਜਪ, ਤਪ ਤੇ ਸੰਜਮ। ਪਹਿਲੀ ਪਉੜੀ ਜਪ ਹੈ, ਇਸ ਬਾਰੇ ਫੁਰਮਾਨ ਹੈ -

*ਜਪਹੁ ਤ ਏਕੋ ਨਾਮਾ॥*
*ਅਵਰਿ ਨਿਰਾਫਲ ਕਾਮਾ॥* *ਪੰਨਾ - 728*

ਨਾਮ ਦੀ ਪ੍ਰਾਪਤੀ ਕੇਵਲ ਗੁਰੂ ਪਾਸੋਂ ਹੁੰਦੀ ਹੈ। ਗੁਰੂ ਘਰ ਵਿਚ ਸਤਿਗੁਰੂ ਜੀ ਦਸਮੇਸ਼ ਪਿਤਾ ਨੇ ਇਹ ਪਦਵੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਿਤੀ ਹੈ ਤੇ ਨਾਮ ਪੰਜਾਂ ਪਿਆਰਿਆਂ ਪਾਸੋਂ ਮਿਲਦਾ ਹੈ। ਗੁਰਸਿਖਾਂ ਨੂੰ ਹੋਰ ਇਧਰ ਉਧਰ ਭਟਕਣ ਦੀ ਲੋੜ ਨਹੀਂ ਹੈ ਪਰੰਤੂ ਨਾਮ ਅਭਿਆਸ ਤੇ ਨਾਮ ਜੱਪਣ ਦੀ ਵਿਧੀ ਦਾ ਗੁਰੂ ਘਰ ਦੇ ਪਿਆਰੇ ਗੁਰਮੁਖਾਂ ਤੇ ਸੰਤਾਂ ਤੋਂ ਬਿਨਾ ਪਤਾ ਨਹੀਂ ਲਗਿਆ ਕਰਦਾ। ਇਸ ਕਰਕੇ ਗੁਰੂ ਗ੍ਰੰਥ ਸਾਹਿਬ ਵਿਚ ਜਿਗਿਆਸੂ ਨੂੰ ਬਾਰ-ਬਾਰ ਸੰਤਾਂ ਮਹਾਂਪੁਰਸ਼ਾਂ ਦੀ ਸੰਗਤ ਕਰਨ ਦਾ ਆਦੇਸ਼ ਹੈ -

*ਸੰਤਾ ਸੰਗਿ ਨਿਧਾਨੁ ਅੰਮ੍ਰਿਤੁ ਚਾਖੀਐ॥* *ਪੰਨਾ - 91*

ਨਾਮ ਰੂਪੀ ਅੰਮ੍ਰਿਤ ਜੋ ਸਾਡੇ ਅੰਦਰ ਹੈ ਉਹ ਕੇਵਲ ਸੰਤਾਂ ਦੁਆਰਾ ਦਰਸਾਈ ਜੁਗਤੀ ਅਨੁਸਾਰ ਹੀ ਪਰਗਟ ਹੁੰਦਾ ਹੈ ਤੇ ਜਿਹੜਾ ਉਸ ਦੇ ਸੁਆਦ ਨੂੰ ਮਾਣ ਲੈਂਦਾ ਹੈ ਉਹ ਨੌ-ਨਿਧੀਆਂ ਦੇ ਖਜ਼ਾਨਿਆਂ ਦਾ ਮਾਲਕ ਬਣ ਜਾਂਦਾ ਹੈ। ਪਰੰਤੂ ਇਹ ਗੱਲ ਕਹਿਣੀ ਸੌਖੀ ਹੈ ਪਰ ਕਰਨੀ ਬਹੁਤ ਔਖੀ ਹੈ। ਇਹ ਹਰ ਇਕ ਦੇ ਬਸ ਦੀ ਬਾਤ ਨਹੀਂ ਹੈ ਜਿਵੇਂ ਕਿ ਫ਼ੁਰਮਾਨ ਹੈ -

*ਕਹੁ ਨਾਨਕ ਇਹ ਖੇਲ ਕਠਿਨ ਹੈ ਕਿਨਹੂੰ ਗੁਰਮੁਖ ਜਾਨਾ॥*

ਜਪ ਦੀ ਇਸ ਮੰਜਲ ਤੱਕ ਪਹੁੰਚਣਾ ਬਹੁਤ ਕਠਿਨ ਹੈ। ਇਸ ਘਾਟੀ ਤੇ ਚੜ੍ਹਨਾ ਅਤੀ ਮੁਸ਼ਕਲ ਹੈ। ਕੋਈ ਵਿਰਲਾ ਗੁਰੂ ਦਾ ਪਿਆਰਾ, ਲਗਨ ਵਾਲਾ ਗੁਰਮੁਖ ਹੀ ਹੈ ਜੋ ਇਸ ਨੂੰ ਪਾਰ ਕਰ ਸਕਦਾ ਹੈ ਕਿਉਂਕਿ ਇਸ ਰਸਤੇ ਵਿਚ ਅਨੇਕਾਂ ਰੁਕਾਵਟਾਂ ਹਨ, ਜਿਨ੍ਹਾਂ ਨੂੰ ਪਾਰ ਕਰਨਾ ਬਹੁਤ ਔਖੀ ਗੱਲ ਹੈ। ਅਸੀਂ ਮਾਇਆ ਦੇ ਮਾਰਗ ਤੇ ਚਲ ਰਹੇ ਹਾਂ। ਸਾਨੂੰ ਆਪਣੀ ਮਨੋ ਬਿਰਤੀ ਕਾਰਨ ਇਹ ਮਾਇਆ ਰੂਪੀ ਸੰਸਾਰ ਚੰਗਾ ਲਗਦਾ ਹੈ ਅਤੇ ਨਾਮ ਮਾਰਗ ਤੇ ਚੱਲਣ ਦਾ ਸਾਡਾ ਸੁਭਾਅ ਨਹੀਂ ਹੈ ਪਰੰਤੂ ਮਹਾਰਾਜ ਜੀ ਸਾਨੂੰ ਇਸ ਬਾਰੇ ਇਸ ਤਰ੍ਹਾਂ ਹੁਕਮ ਕਰਦੇ ਹਨ ਕਿ -

*ਚਰਨਹ ਗੋਬਿੰਦ ਮਾਰਗੁ ਸੁਹਾਵਾ॥*
*ਆਨ ਮਾਰਗ ਜੇਤਾ ਕਿਛੁ ਧਾਈਐ ਤੇਤੋ ਹੀ ਦੁਖੁ ਹਾਵਾ॥*
*ਪੰਨਾ - 1212*

ਪ੍ਰਭੂ ਦੀ ਭਗਤੀ ਤੇ ਨਾਮ ਜੱਪਣ ਦਾ ਰਸਤਾ ਹੀ ਸੁੰਦਰ ਹੈ, ਸੁਹਾਵਣਾ ਹੈ, ਸੁਖ ਦੇਣ ਵਾਲਾ ਹੈ। ਹੋਰ ਜਿੰਨੇ ਵੀ ਰਸਤੇ ਹਨ ਉਨ੍ਹਾਂ ਤੇ ਚਲ ਕੇ ਦੁਖਾਂ ਵਿਚ ਪੈ ਕੇ ਹਾਇ ਹਾਇ ਕਰਨ ਤੋਂ ਸਿਵਾਏ ਹੋਰ ਕੁਝ ਪ੍ਰਾਪਤ ਨਹੀਂ ਹੁੰਦਾ।

*ਨਾਮੁ ਬਿਸਾਰਿ ਚਲਹਿ ਅਨ ਮਾਰਗਿ ਨਰਕ ਘੋਰ ਮਹਿ ਪਾਹਿ॥*
*ਅਨਿਕ ਸਜਾਂਈ ਗਣਤ ਨ ਆਵੈ ਗਰਭੈ ਗਰਭਿ ਭ੍ਰਮਾਹਿ॥*
*ਪੰਨਾ - 1225*

ਨਾਮ ਨੂੰ ਵਿਸਾਰ ਕੇ ਘੋਰ ਨਰਕਾਂ ਵਿਚ ਵਾਸਾ ਕਰਨਾ ਪੈਂਦਾ ਹੈ ਅਤੇ ਅਨੇਕਾਂ ਸਜਾਵਾਂ ਨੂੰ ਭੁਗਤਣਾ ਪੈਂਦਾ ਹੈ ਅਤੇ ਮਨੁੱਖ ਜੰਮਦਾ ਤੇ ਮਰਦਾ ਰਹਿੰਦਾ ਹੈ। ਇਸ ਕਰਕੇ ਗੁਰੂ ਮਹਾਰਾਜ ਜੀ ਨੇ ਨਾਮ ਮਾਰਗ ਸਭ ਤੋਂ ਸ੍ਰੇਸ਼ਠ ਕਥਨ ਕੀਤਾ ਹੈ ਜਿਸ ਦੇ ਨਾਲ ਅਨੇਕਾਂ ਜਨਮਾਂ ਦੇ ਕੀਤੇ ਹੋਏ ਕਰਮਾਂ ਦਾ ਨਾਸ਼ ਹੋ ਜਾਂਦਾ ਹੈ।

*ਗੁਰ ਕਾ ਸਬਦੁ ਕਾਟੈ ਕੋਟਿ ਕਰਮ॥* *ਪੰਨਾ - 1195*

ਸੋ ਇਹ ਸਪਸ਼ਟ ਹੈ ਕਿ ਨਾਮ ਜੱਪਣ ਤੋਂ ਬਿਨਾਂ ਇਹ ਸਫਰ ਤਹਿ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਸਭ ਤੋਂ ਸ੍ਰੇਸ਼ਠ ਤੇ ਉਤਮ ਕਰਮ ਹੈ।

*ਸਰਬ ਧਰਮ ਮਹਿ ਸ੍ਰੇਸਟ ਧਰਮੁ॥*
*ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥* *ਪੰਨਾ - 266*

ਨਾਮ ਜਪਣ ਨਾਲ ਅੰਦਰ ਧਰਮ ਦਾ ਬੀਜ ਪ੍ਰਫੁਲਤ ਹੁੰਦਾ ਹੈ ਅਤੇ ਸੁਭਾਅ ਵਿਚ ਪਰਿਵਰਤਨ ਆਉਂਦਾ ਹੈ। ਜਪ ਦੇ ਫਲ ਸਰੂਪ ਤਪ ਕਰਨ ਦੀ ਸ਼ਕਤੀ ਆ ਜਾਂਦੀ ਹੈ। ਬਾਬਾ ਜੀ ਦੱਸਿਆ ਕਰਦੇ ਹਨ ਕਿ ਤਪ ਵੀ ਦੋ ਪ੍ਰਕਾਰ ਦਾ ਹੁੰਦਾ ਹੈ, ਇਕ ਸਰੀਰਕ ਤਪ ਹੈ ਦੂਜਾ ਮਾਨਸਿਕ ਤਪ। ਸਰੀਰਕ ਤਪ ਰਾਹੀਂ ਇਹ ਸੇਵਾ ਕਰਦਾ ਹੈ, ਗੁਰੂ ਘਰ ਵਿਚ ਜਾ ਕੇ ਅਨੇਕ ਪ੍ਰਕਾਰ ਦੀ ਸੇਵਾ ਕਰਦਾ ਹੈ। ਸੰਸਾਰ ਵਿਚ ਰਹਿੰਦਿਆਂ ਹੋਇਆ ਦੁਖੀਆਂ ਗਰੀਬਾਂ ਤੇ ਅਨਾਥਾਂ ਦੀ ਮੱਦਦ ਕਰਦਾ ਹੈ। ਆਪਣੀ ਨੇਕ ਕਮਾਈ ਨੂੰ ਸੇਵਾ ਰਾਹੀਂ ਸਫਲ ਕਰਦਾ ਹੈ। ਸੰਸਾਰ ਦਾ ਦਰਦ ਵੰਡਾਉਂਦਾ ਹੈ। ਅੰਮ੍ਰਿਤ ਵੇਲੇ ਜਾਗ ਕੇ ਇਸ਼ਨਾਨ ਕਰਦਾ ਹੈ। ਗੁਰੂ ਦਾ ਦਿਤਾ ਹੋਇਆ ਮੰਤਰ ਜਪਦਾ ਹੈ। ਸਤਸੰਗ ਵਿਚ ਲਗਾਤਾਰ ਹਾਜਰੀ ਭਰਦਾ ਹੈ। ਸਰੀਰ ਤੇ ਕਸ਼ਟ ਸਹਿ ਕੇ ਦੂਰ ਥਾਵਾਂ ਤੇ ਸਤਸੰਗ ਤੇ ਪਹੁੰਚ ਕੇ ਗੁਰੂ ਦੇ ਬਚਨ ਸੁਣਦਾ ਹੈ ਤੇ ਫੇਰ ਉਨ੍ਹਾਂ ਬਚਨਾਂ ਨੂੰ ਸਹਿਜੇ ਸਹਿਜੇ ਕਮਾਉਣ ਦਾ ਯਤਨ ਕਰਦਾ ਹੈ। ਨੀਂਦ ਦਾ ਤਿਆਗ ਕਰਕੇ ਅੰਮ੍ਰਿਤ ਵੇਲੇ ਜਾਗ ਕੇ ਇਸ਼ਨਾਨ ਕਰਕੇ ਗੁਰੂ ਵੱਲੋਂ ਦਿਤੇ ਮੰਤਰ ਦੀ ਕਮਾਈ ਕਰਦਾ ਹੈ।

ਮਾਨਸਿਕ ਤਪ ਰਾਹੀਂ ਦੂਜਿਆਂ ਦੇ ਕੌੜੇ ਕੁਸੈਲੇ ਬਚਨ ਸਹਿੰਦਾ ਹੈ ਅਤੇ ਮਨ ਤੋਂ ਬੁਰੇ ਦਾ ਵੀ ਭਲਾ ਮੰਗਦਾ ਹੈ। ਵੈਰ ਭਾਵਨਾ ਨੂੰ ਤੇ ਕੜਵਾਹਟਾਂ ਨੂੰ ਮਨ ਵਿਚੋਂ ਧੂ ਕੇ ਬਾਹਰ ਕੱਢਣ ਦਾ ਯਤਨ ਕਰਦਾ ਰਹਿੰਦਾ ਹੈ। ਮਨ ਤੋਂ ਪਰਾਈ ਨਿੰਦਿਆ, ਈਰਖਾ, ਚੁਗਲੀ, ਬਖੀਲੀ ਦੀ ਜੜ੍ਹ ਪੁੱਟਣ ਦਾ ਯਤਨ ਕਰਦਾ ਰਹਿੰਦਾ ਹੈ। ਹਰ ਵੇਲੇ ਆਪਣੇ ਅੰਦਰਲੀਆਂ ਬੁਰਿਆਈਆਂ ਤੇ ਭੈੜੇ ਸੰਸਕਾਰਾਂ ਨਾਲ ਯੁੱਧ ਕਰਦਾ ਰਹਿੰਦਾ ਹੈ ਅਤੇ ਆਪਣੇ ਅੰਦਰ ਸ਼ੁਭ ਗੁਣਾਂ ਦਾ ਸੰਚਾਰਨ ਕਰਦਾ ਰਹਿੰਦਾ ਹੈ। ਇਸ ਨੂੰ ਮਾਨਸਿਕ ਤਪ ਕਹਿੰਦੇ ਹਨ।

ਤੀਸਰਾ ਹੈ ਸੰਜਮ, ਇਸ ਨੂੰ ਹੱਦ ਬੰਦੀ ਸੀਮਾ ਤੇ ਮਰਿਆਦਾ ਵੀ ਕਹਿੰਦੇ ਹਨ। ਆਚਾਰ, ਵਿਚਾਰ ਤੇ ਆਹਾਰ ਵਿਚ ਸੰਜਮ ਨੂੰ ਅਪਨਾਉਣਾ ਜਰੂਰੀ ਹੁੰਦਾ ਹੈ। ਆਚਾਰ ਤੋਂ ਭਾਵ ਹੈ ਆਪਣਾ ਆਚਰਣ ਉਚਾ ਰੱਖਣਾ। ਕੋਈ ਇਹੋ ਜਿਹਾ ਕੰਮ ਨਹੀਂ ਕਰਨਾ ਜਿਸ ਨਾਲ ਸਮਾਜ ਪੀੜਤ ਹੋਵੇ। ਇਸ ਵਿਚ ਧਰਮ ਦੇ ਨਿਯਮਾਂ ਦੀ ਪਾਲਣਾ ਕੀਤੀ ਜਾਂਦੀ ਹੈ। ਦਇਆ, ਖਿਮਾ, ਧੀਰਜ, ਸੰਤੋਖ ਅਤੇ ਸ਼ੀਲ ਆਦਿ ਸ਼ੁਭ ਗੁਣਾਂ ਤੇ ਚਲਦੇ ਰਹਿਣਾ ਪੈਂਦਾ ਹੈ। ਲੋਭ, ਲਾਲਚ ਦਾ ਤਿਆਗ ਕਰਨਾ ਪੈਂਦਾ ਹੈ। ਪਰ ਤਨ ਤੇ ਪਰ ਧਨ ਦਾ ਤਿਆਗ ਕਰਕੇ 'ਏਕਾ ਨਾਰੀ ਜਤੀ ਹੋਇ' ਦੇ ਅਸੂਲ ਨੂੰ ਅਪਨਾਉਣਾ ਪੈਂਦਾ ਹੈ। ਭਰਾਤਰੀਭਾਵ ਅਤੇ ਦੂਜੇ ਦੀ ਤਰੱਕੀ ਨੂੰ ਦੇਖ ਕੇ ਖੁਸ਼ ਹੋਣਾ, ਵਿਹਾਰ ਵਿਚ ਆਪਣਾ ਵਰਤ-ਵਰਤਾਵ, ਉਠਣ

ਬੈਠਣ ਤੇ ਸੰਗਤ ਦਾ ਖਿਆਲ ਰੱਖਣਾ, ਸਾਕਤਾਂ ਤੇ ਨਾਸਤਕਾਂ ਦੀ ਸੰਗਤ ਤੋਂ ਪਰੇ ਰਹਿ ਕੇ ਪ੍ਰਭੂ ਪਿਆਰ ਰੱਖਣ ਵਾਲੇ, ਸਤਸੰਗ ਕਰਨ ਵਾਲੇ, ਭਜਨ ਬੰਦਗੀ ਕਰਨ ਵਾਲਿਆਂ ਨਾਲ ਪ੍ਰੇਮ ਵਧਾ ਕੇ ਰੱਖਣ ਨਾਲ ਮਨ ਦਾ ਸ਼ੀਸ਼ਾ ਸਾਫ ਹੁੰਦਾ ਰਹਿੰਦਾ ਹੈ। ਮਹਾਰਾਜ ਜੀ ਫੁਰਮਾਉਂਦੇ ਹਨ-

***ਕਬੀਰ ਸਾਕਤ ਸੰਗੁ ਨਾ ਕੀਜੀਐ ਦੂਰਹਿ ਜਾਈਐ ਭਾਗਿ॥***
***ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ॥***

***ਪੰਨਾ - 1371***

***ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੈ ਨਿਰਬਾਹੁ॥***
***ਸਾਕਤ ਸੰਗੁ ਨ ਕੀਜੀਐ ਜਾ ਤੇ ਹੋਇ ਬਿਨਾਹੁ॥***

***ਪੰਨਾ - 1369***

ਇਸੇ ਗੁਰੂ ਵਾਕ ਦੀ ਪ੍ਰੋੜਤਾ ਕਰਦੇ ਹੋਏ ਗੁਰੂ ਦਸ਼ਮੇਸ਼ ਪਿਤਾ ਜੀ ਦੇ ਪਿਆਰੇ ਕਵੀ ਭਾਈ ਨੰਦ ਲਾਲ ਜੀ ਵੀ ਜਿਕਰ ਕਰਦੇ ਹਨ ਕਿ -

***ਸੁਹਬਤੇ ਨੇਕਾਂ ਅਗਰ ਬਾਸ਼ਦ ਨਸੀਬ॥***
***ਦੌਲਤੇ ਜਾਵੇਦ ਯਾਬੀ ਏ ਹਬੀਬ॥***

ਭਲੇ, ਨੇਕ ਬੰਦਿਆਂ, ਸਾਧੂ, ਸੰਤਾਂ ਦੀ ਸੰਗਤ ਅਗਰ ਪ੍ਰਾਪਤ ਹੋ ਜਾਵੇ ਤਾਂ ਪਿਆਰਿਓ! ਸਮਝੋ ਸਾਨੂੰ ਹਮੇਸ਼ਾ ਰਹਿਣ ਵਾਲੀ ਸੱਚੀ ਦੌਲਤ ਪ੍ਰਾਪਤ ਹੋ ਗਈ। ਜਿਹੜੀ ਲੋਕ ਤੇ ਪ੍ਰਲੋਕ ਦੋਵਾਂ ਜਹਾਨਾਂ ਵਿਚ ਸੁਖ ਦੇਣ ਵਾਲੀ ਹੁੰਦੀ ਹੈ।

***ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ॥***
***ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ॥***

***ਪੰਨਾ - 146***

ਪ੍ਰਭੂ ਦੇ ਪਿਆਰਿਆਂ ਦੇ ਕੋਲ ਜ਼ਿਆਦਾ ਸਮਾਂ ਬੈਠਣ ਨਾਲ, ਉਨ੍ਹਾਂ ਦੀ ਸੰਗਤ ਕਰਨ ਨਾਲ ਬਹੁਤ ਕੁਝ ਪ੍ਰਾਪਤ ਹੋ ਜਾਂਦਾ ਹੈ ਕਿਉਂਕਿ ਉਨ੍ਹਾਂ ਨੇ ਵਾਹਿਗੁਰੂ ਦੇ ਨਾਮ ਨੂੰ ਆਪਣੇ ਹਿਰਦੇ ਵਿਚ ਪਰੋ ਕੇ ਰੱਖਿਆ ਹੁੰਦਾ ਹੈ। ਉਨ੍ਹਾਂ ਨੇ ਸੰਸਾਰ ਦੀਆਂ ਕੂੜੀਆਂ ਪੜ੍ਹਾਈਆਂ ਨਹੀਂ ਪੜ੍ਹੀਆਂ ਹੁੰਦੀਆਂ। ਜੇ ਪੜ੍ਹਿਆ ਹੈ ਤਾਂ ਕੇਵਲ ਪ੍ਰਭੂ ਦਾ ਨਾਮ ਅਤੇ ਹਰ ਵਕਤ ਅੰਮ੍ਰਿਤ ਰੂਪੀ ਨਾਮ ਦੀ ਫੁਹਾਰ ਉਨ੍ਹਾਂ ਦੇ ਹਿਰਦੇ ਰੂਪੀ ਕੰਵਲ ਵਿਚ ਪੈ ਰਹੀ ਹੁੰਦੀ ਹੈ। ਜਿਸ ਕਰਕੇ ਜੋ ਵੀ ਉਨ੍ਹਾਂ ਦੇ ਸੰਪਰਕ ਵਿਚ ਆਉਂਦਾ ਹੈ ਉਸ ਤੇ ਉਨ੍ਹਾਂ ਦਾ ਓਰਾ (aura) ਅਸਰ ਕਰਦਾ ਹੈ। ਉਨ੍ਹਾਂ ਕੋਲ ਪਾਪ ਪੁੰਨ ਦੀ ਵੀਚਾਰ ਹੋਣ ਕਰਕੇ ਉਹ ਜੀਵਾਂ ਨੂੰ ਪਾਪਾਂ ਵਲੋਂ ਮੋੜਦੇ ਹਨ ਅਤੇ ਜੀਵਨ ਦਾਨ ਦੇ ਕੇ ਸੱਤ ਦੇ ਮਾਰਗ ਤੇ ਤੋਰਦੇ ਹਨ ਤਾਂ ਕਿ ਇਸ ਦਾ ਲੋਕ ਪ੍ਰਲੋਕ ਦਾ ਸਫਰ ਸਹਿਜੇ ਸਹਿਜੇ ਕੱਟਿਆ ਜਾ ਸਕੇ। ਇਸ ਕਰਕੇ ਸਾਧੂ ਦੀ ਸੰਗਤ ਤੇ ਜੋਰ ਦਿੰਦੇ ਹਨ।

***ਜੇ ਲੋੜਹਿ ਸਦਾ ਸੁਖੁ ਭਾਈ॥***
***ਸਾਧੂ ਸੰਗਤਿ ਗੁਰਹਿ ਬਤਾਈ॥***
***ਊਹਾ ਜਪੀਐ ਕੇਵਲ ਨਾਮ॥***
***ਸਾਧੂ ਸੰਗਤਿ ਪਾਰਗਰਾਮ॥ ਪੰਨਾ - 1182***

ਮਹਾਂਪੁਰਸ਼ ਦੱਸਿਆ ਕਰਦੇ ਹਨ ਕਿ ਇਹ ਸਫਰ ਦੋ ਤਰ੍ਹਾਂ ਦਾ ਹੈ। ਇਕ ਸੰਸਾਰਕ ਸਫਰ ਹੈ ਅਤੇ ਇਕ ਦਰਗਾਹ ਦਾ ਸਫਰ ਹੈ। ਜਦੋਂ ਤੱਕ ਸੰਸਾਰਕ ਸਫਰ ਨਿਯਮਬਧ ਨਾ ਹੋਵੇ ਉਨਾਂ ਚਿਰ ਤੱਕ ਦਰਗਾਹੀ ਸਫਰ ਨੂੰ ਸੌਖੇ ਤਰੀਕੇ ਨਾਲ ਤਹਿ ਕਰਨਾ ਕਠਿਨ ਹੋ ਜਾਂਦਾ ਹੈ। ਸੰਸਾਰ ਵਿਚ ਰਹਿੰਦਿਆਂ ਹੋਇਆਂ ਜੀਵ ਅਨੇਕ ਤਰ੍ਹਾਂ ਦੀਆਂ ਔਕੜਾਂ, ਵਾਧੇ-ਘਾਟੇ, ਦੁਖ-ਸੁਖ, ਮਾਨਸਿਕ, ਸਰੀਰਿਕ ਅਤੇ ਸਮਾਜਿਕ, ਪਰਿਵਾਰਿਕ ਕਠਿਨਾਈਆਂ ਨਾਲ ਦੋ-ਚਾਰ ਹੁੰਦਾ ਹੋਇਆ ਜੀਵਨ ਸਫਰ ਦੇ ਆਖਰੀ ਪੜਾਅ ਤੇ ਪਹੁੰਚ ਜਾਂਦਾ ਹੈ ਜਿਸ ਦਾ ਹਰ ਕਦਮ ਮੌਤ ਵੱਲ ਨੂੰ ਵੱਧਦਾ ਤੁਰਿਆ ਜਾਂਦਾ ਹੈ। ਉਸ ਤੋਂ ਬਾਅਦ ਇਸ ਦਾ ਦਰਗਾਹੀ ਸਫਰ ਸ਼ੁਰੂ ਹੋ ਜਾਂਦਾ ਹੈ ਜਿਥੇ ਇਸ ਦੇ ਸੰਸਾਰ ਵਿਚ ਕੀਤੇ ਕਰਮਾਂ ਦਾ ਲੇਖਾ ਜੋਖਾ ਕਰਕੇ ਇਸ ਨੂੰ ਸਮਝਾਇਆ ਜਾਂਦਾ ਹੈ। ਜੇਕਰ ਸੰਸਾਰਕ ਸਫਰ ਕਰਦਿਆਂ ਹੋਇਆਂ ਉਸ ਨੇ ਸ਼ੁਭ ਕਰਮਾਂ ਦਾ, ਨਾਮ ਦਾ ਤੋਸਾ ਇਕੱਤਰ ਨਹੀਂ ਕੀਤਾ ਤਾਂ ਉਸ ਨੂੰ ਦਰਗਾਹੀ ਸਫਰ ਵਿਚ ਬਹੁਤ ਮੁਸ਼ਕਲਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ। ਮਿਸਾਲ ਦੇ ਤੌਰ ਤੇ ਜੇਕਰ ਅਸੀਂ ਲੰਮੇ ਸਫਰ ਤੇ ਜਾਣਾ ਹੋਵੇ ਅਤੇ ਪੱਲੇ ਸਾਡੇ ਕੁਝ ਵੀ ਨਾ ਹੋਵੇ ਤਾਂ ਸਵਾਰੀ ਦਾ ਖਰਚਾ, ਖਾਣ-ਪੀਣ ਦਾ ਖਰਚਾ ਕਿਸ ਤਰ੍ਹਾਂ ਚਲੇਗਾ ਤੇ ਸਫਰ ਅਗਰ ਪੈਦਲ ਵੀ ਕਰਨਾ ਪਵੇ ਤਾਂ ਵੀ ਖਾਣ-ਪੀਣ ਵਾਸਤੇ ਤਾਂ ਕੁਝ ਪੱਲੇ ਬੰਨਣਾ ਪਵੇਗਾ, ਨਹੀਂ ਤਾਂ ਸਫਰ ਕਰਨਾ ਮੁਮਕਿਨ ਨਹੀਂ ਹੋ ਸਕੇਗਾ। ਸੋ ਠੀਕ ਇਸੇ ਤਰ੍ਹਾਂ ਦਰਗਾਹ ਦੇ ਸਫਰ ਲਈ ਵੀ ਖਰਚਾ ਬੰਨਣਾ ਪਵੇਗਾ ਕਿਉਂਕਿ ਦਰਗਾਹ ਦਾ ਪੈਂਡਾ ਮਨਮੁਖਾਂ ਲਈ ਤੇ ਨਿਗੁਰੇ ਪੁਰਸ਼ਾਂ ਲਈ ਅਤੀ ਦੁਖਦਾਈ ਤੇ ਭਿਆਨਕ ਬਣ ਜਾਂਦਾ ਹੈ।

***ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ॥***
***ਹਰਿ ਕਾ ਨਾਮੁ ਊਹਾ ਸੰਗਿ ਤੋਸਾ॥ ਪੰਨਾ - 264***

ਸੋ ਇਸ ਮਾਰਗ ਲਈ ਹਰੀ ਨਾਮ ਦੇ ਧਨ ਦਾ ਖਰਚ ਪੱਲੇ ਬੰਨਣਾ ਪੈਂਦਾ ਹੈ। ਹੋਰ ਸੰਸਾਰਕ ਵਸਤੂ ਕੰਮ ਨਹੀਂ ਆਉਂਦੀ ਤੇ ਨਾ ਹੀ ਸੰਸਾਰਕ ਵਸਤੂ ਇਸ ਰਸਤੇ ਤੇ ਲਿਜਾਈ ਜਾ ਸਕਦੀ ਹੈ। ਸੂਖਸ਼ਮ ਸਰੀਰ ਦੇ ਨਾਲ ਸੂਖਸ਼ਮ ਪ੍ਰਭੂ ਦਾ ਨਾਮ ਹੀ ਸਹਾਇਤਾ ਕਰਦਾ ਹੈ। ਸਿਆਣਿਆਂ ਨੇ ਸੱਚ ਕਿਹਾ ਹੈ ਕਿ ਜਿਸ ਨੇ ਆਪਣਾ ਅੱਗਾ ਸਵਾਰ ਲਿਆ ਉਹ ਦਰਗਾਹ ਵਿਚ ਸੁਖ ਪਾਉਂਦਾ ਹੈ।

ਇਸ ਪ੍ਰਥਾਇ ਮਹਾਂਪੁਰਸ਼ ਇਕ ਵਾਰਤਾ ਸੁਣਾਇਆ ਕਰਦੇ ਹਨ ਕਿ ਕਿਸੇ ਦੇਸ਼ ਵਿਚ ਇਹ ਕਨੂੰਨ ਚਲਿਆ ਹੋਇਆ ਸੀ ਕਿ ਉਥੋਂ ਦੇ ਬਾਦਸ਼ਾਹ ਨੂੰ ਦਸ ਸਾਲ ਰਾਜ ਕਰਨ ਤੋਂ ਬਾਅਦ ਇਕ ਨਿਰਜੀਵ ਟਾਪੂ ਵਿਚ ਭੇਜ ਦਿੱਤਾ ਜਾਂਦਾ ਸੀ ਤੇ ਉਸ ਨੂੰ ਉਥੇ ਬਾਕੀ ਦਾ ਜੀਵਨ ਇਕੱਲੇ ਹੀ ਗੁਜਾਰਨਾ ਪੈਂਦਾ ਸੀ ਤੇ ਇਸ ਤਰ੍ਹਾਂ ਨਾਲ ਉਸ ਨੂੰ ਇਕੱਲੇ ਰਹਿਣ ਦਾ ਕਸ਼ਟ ਅਤੇ ਜੰਗਲੀ ਜਾਨਵਰਾਂ ਦੀ ਭਿਆਨਕਤਾ ਸਹਾਰਨੀ ਪੈਂਦੀ ਸੀ ਜਿਸ ਕਰਕੇ ਘੱਟ ਹੀ ਕੋਈ ਉਥੇ ਦਾ ਰਾਜਾ ਬਣਨ ਨੂੰ ਤਿਆਰ ਹੁੰਦਾ ਸੀ। ਹਾਲਾਕਿ ਦਸ ਸਾਲ ਵਾਸਤੇ ਉਹ ਆਪਣੀ ਮਰਜ਼ੀ ਨਾਲ ਹਰ ਤਰ੍ਹਾਂ ਦੇ ਸੁਖ ਆਰਾਮ ਮਾਣ ਸਕਦਾ ਸੀ ਅਤੇ ਪਰਜਾ ਨੂੰ ਆਪਣੇ ਹੁਕਮ ਅਨੁਸਾਰ ਚਲਾ ਸਕਦਾ ਸੀ। ਇਕ ਵਾਰੀ ਇਕ ਸਮਝਦਾਰ ਤੇ ਹੋਣਹਾਰ ਨੌਜਵਾਨ ਨੇ ਆਪਣੀ ਪੇਸ਼ਕਸ਼ ਕੀਤੀ ਅਤੇ ਉਥੋਂ ਦਾ ਰਾਜਾ ਬਣਨਾ ਸਵੀਕਾਰ ਕਰ ਲਿਆ। ਅਮੀਰਾਂ ਵਜ਼ੀਰਾਂ ਨੇ ਉਸਦੀ ਤਾਜਪੋਸ਼ੀ ਦੀ ਰਸਮ ਅਦਾ ਕਰਕੇ ਉਥੋਂ ਦਾ ਬਾਦਸ਼ਾਹ ਥਾਪ ਦਿਤਾ। ਉਸ ਨੇ ਆਪਣੇ ਵਜ਼ੀਰਾਂ ਦੀ ਮੀਟਿੰਗ

ਸੱਦੀ ਅਤੇ ਵਿਕਾਸ ਮੰਤਰੀ ਨੂੰ ਹੁਕਮ ਕੀਤਾ ਕਿ ਜਿਹੜਾ ਨਿਰਜਿੰਦ ਟਾਪੂ ਹੈ ਉਥੇ ਪੂਰੀ ਉਨਤੀ ਤੇ ਵਿਕਾਸ ਕਰਵਾਓ। ਸੈਰ ਗਾਹਾਂ ਤੇ ਹੋਟਲ ਅਤੇ ਵਧੀਆਂ ਵਧੀਆ ਦਿਲ ਨੂੰ ਖਿਚ ਪਾਉਣ ਵਾਲੀਆਂ ਚੀਜ਼ਾਂ ਫੁਲ ਬੂਟੇ ਅਤੇ ਸੜਕਾਂ ਤੇ ਝੀਲਾਂ ਆਦਿ ਬਣਵਾ ਦਿਓ। ਖ਼ੌਫਨਾਕ ਜੰਗਲੀ ਜਾਨਵਰਾਂ ਨੂੰ ਨਿਅੰਤਰਣ ਵਿਚ ਲਿਆ ਕੇ ਬੰਦ ਕੀਤਾ ਜਾਵੇ। ਹੁਕਮ ਅਨੁਸਾਰ ਉਸ ਟਾਪੂ ਦੀ ਉਸਾਰੀ ਸ਼ੁਰੂ ਹੋ ਗਈ ਅਤੇ ਥੋੜੇ ਸਾਲਾਂ ਬਾਅਦ ਹੀ ਉਥੇ ਰੌਣਕਾ ਹੋ ਗਈਆਂ। ਲੋਕਾਂ ਨੇ ਜਮੀਨ ਲੈਣੀ ਸ਼ੁਰੂ ਕਰ ਦਿਤੀ ਅਤੇ ਕਾਰੋਬਾਰ ਸ਼ੁਰੂ ਕਰ ਦਿਤੇ। ਜਦੋਂ ਦਸ ਸਾਲ ਦੀ ਉਸ ਦੀ ਮਿਆਦ ਖਤਮ ਹੋਣ ਲਗੀ, ਉਸ ਨੇ ਆਪਣਾ ਅਸਤੀਫਾ ਪੇਸ਼ ਕਰ ਦਿਤਾ ਤੇ ਕਿਹਾ ਕਿ ਸਟੇਟ ਦੇ ਕਾਨੂੰਨ ਅਨੁਸਾਰ ਮੈਂ ਉਸ ਟਾਪੂ ਵਿਚ ਸਦਾ ਲਈ ਰਹਿਣ ਵਾਸਤੇ ਖੁਸ਼ੀ ਖੁਸ਼ੀ ਜਾ ਰਿਹਾ ਹਾਂ। ਇਸ ਉਤੇ ਸਾਰਿਆਂ ਨੇ ਉਸ ਨੌਜਵਾਨ ਰਾਜੇ ਦੇ ਅਨੁਭਵ ਦੀ ਦਾਦ ਦਿਤੀ ਕਿ ਦੇਖੋ, ਜਿਥੇ ਕੋਈ ਜਾਣ ਵਾਸਤੇ ਤਿਆਰ ਨਹੀਂ ਹੁੰਦਾ ਇਹ ਖੁਸ਼ੀ ਖੁਸ਼ੀ ਜਾਣਾ ਮੰਨਦਾ ਹੈ ਕਿਉਂਕਿ ਇਸ ਨੇ ਉਸ ਥਾਂ ਨੂੰ ਪਹਿਲਾਂ ਸਵਰਗ ਬਣਾ ਦਿਤਾ ਹੈ ਭਾਵ ਜਿਥੇ ਜਾ ਕੇ ਵੱਸਣਾ ਸੀ ਉਸ ਥਾਂ ਨੂੰ ਸਵਾਰ ਲਿਆ ਹੈ। ਹੁਣ ਉਥੇ ਪਹੁੰਚ ਕੇ ਕੋਈ ਤਕਲੀਫ ਨਹੀਂ ਹੋਣੀ ਕਿਉਂਕਿ ਸਾਰੀਆਂ ਸਹੂਲਤਾਂ ਮੁਹੱਈਆ ਹਨ।

ਇਸੇ ਤਰ੍ਹਾਂ ਅਗਲੇ ਸਫਰ ਵਿਚ ਤਾਂ ਦੁਨੀਆਂ ਵਿਚ ਕੀਤੇ ਹੋਏ ਨੇਕ ਕਰਮਾਂ ਨੇ ਸਾਥ ਦੇਣਾ ਹੈ। ਇਥੇ ਕੀਤੀ ਗਈ ਸੇਵਾ ਤੇ ਸਿਮਰਨ ਭਜਨ ਨੇ ਨਾਲ ਨਿਭਣਾ ਹੈ ਕਿਉਂਕਿ ਸੰਸਾਰ ਤੋਂ ਜਾਣ ਵੇਲੇ ਇਥੋਂ ਦੀ ਕੋਈ ਵੀ ਵਸਤੂ ਨਾਲ ਨਹੀਂ ਜਾ ਸਕਦੀ, ਹਰ ਇਕ ਨੇ ਖਾਲੀ ਹੱਥ ਜਾਣਾ ਹੈ ਜਿਸ ਬਾਰੇ ਫੁਰਮਾਨ ਹੈ –

***ਵੇਖਹੁ ਬੰਦਾ ਚਲਿਆ ਚਹੁ ਜਣਿਆ ਦੈ ਕੰਨਿ॥***
***ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ ਦਰਗਹ ਆਏ ਕੰਮਿ॥***
***ਪੰਨਾ – 1383***

ਕਈ ਵਾਰੀ ਇਨਸਾਨ ਨੂੰ ਭੁਲੇਖਾ ਪੈ ਜਾਂਦਾ ਹੈ ਕਿ ਮੇਰੇ ਕੋਲ ਬਹੁਤ ਧਨ ਦੌਲਤ ਹੈ ਤੇ ਮੇਰੀ ਜਾਤ ਵੀ ਉਚੀ ਹੈ ਤੇ ਇਥੇ ਸੰਸਾਰ ਵਿਚ ਮੇਰਾ ਮਾਣ ਤਾਣ ਹੈ ਅਤੇ ਅਗਲੀ ਦਰਗਾਹ ਵਿਚ ਵੀ ਮੇਰਾ ਇਸੇ ਤਰ੍ਹਾਂ ਮਾਣ ਤਾਣ ਹੋਵੇਗਾ ਤੇ ਇਜ਼ਤ ਮਿਲੇਗੀ ਪਰੰਤੂ ਇਹ ਕੇਵਲ ਇਕ ਖਾਮ ਖਿਆਲੀ ਹੈ। ਪਰੰਤੂ ਜੇਕਰ ਉਹ ਧੰਨਵਾਨ ਹੋਇਆ ਪਰਮਾਰਥ ਦੇ ਸੁਨਿਹਰੀ ਅਸੂਲਾਂ ਨੂੰ ਅਪਣਾਅ ਕੇ ਆਪਣਾ ਸਫਰ ਤਹਿ ਕਰ ਰਿਹਾ ਹੈ ਤਾਂ ਅਵਸ਼ ਹੀ ਉਸ ਨੂੰ ਦਰਗਾਹ ਵਿਚ ਇਜ਼ਤ ਮਾਨ ਮਿਲੇਗਾ। ਜੇਕਰ ਹੈਂਕੜ, ਹੰਕਾਰ ਅਤੇ ਲੋਭ, ਧਰੋਹ ਉਸ ਦੇ ਪੱਲੇ ਹਨ ਤਾਂ ਉਚੀ ਜਾਤ ਵਿਚ ਜਨਮ ਲੈਣ ਨਾਲ ਕੋਈ ਵਡਤਨ ਨਹੀਂ ਹੈ। ਮਹਾਰਾਜ ਦਾ ਫੁਰਮਾਨ ਹੈ –

***ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ॥***
***ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ॥***
***ਪੰਨਾ – 469***

ਦਰਗਾਹ ਦੇ ਸਫਰ ਵਿਚ ਉਚੀ ਜਾਤ ਵਾਲੇ ਦਾ ਕੋਈ ਜੋਰ ਨਹੀਂ ਹੁੰਦਾ, ਉਥੇ ਤਾਂ ਜੀਵ ਆਤਮਾ ਨੂੰ ਨਿਵਣਾ ਪੈਂਦਾ ਹੈ। ਲੇਖਾ ਜੋਖਾ ਦੇਣਾ ਪੈਂਦਾ ਹੈ। ਜੀਵ ਦੀ ਚੰਗਿਆਈ ਤੇ ਬੁਰਿਆਈ ਦੀ ਪਰਖ ਉਥੇ ਹੀ ਹੁੰਦੀ ਹੈ। ਜਿਸ ਨੂੰ ਦਰਗਾਹ ਵਿਚ ਇਜ਼ਤ ਮਿਲ ਜਾਵੇ ਸਿਰਫ ਉਨ੍ਹਾਂ ਨੂੰ ਹੀ ਚੰਗਾ ਕਿਹਾ ਜਾਂਦਾ ਹੈ। ਬਾਕੀ ਜੀਵਾਂ ਨੂੰ ਸਜਾਵਾਂ ਮਿਲਦੀਆਂ ਹਨ ਅਤੇ ਕੀਤੇ ਕਰਮਾਂ ਦਾ ਫਲ ਭੁਗਤਣਾ ਪੈਂਦਾ ਹੈ ਅਤੇ ਫਿਰ ਜੀਵ ਦੁਖੀ ਹੁੰਦਾ ਹੈ, ਰੋਂਦਾ ਹੈ, ਕੁਰਲਾਉਂਦਾ ਹੈ, ਪੁਕਾਰਾਂ ਕਰਦਾ ਹੈ ਅਤੇ ਉਸ ਦੀ ਕੋਈ ਆਵਾਜ਼ ਸੁਣਨ ਵਾਲਾ ਨਹੀਂ ਹੁੰਦਾ, ਫੁਰਮਾਨ ਹੈ –

***ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ॥***
***ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ॥***
***ਪੰਨਾ – 1281***

ਉਥੇ ਕੇਵਲ ਸਤਿਗੁਰੂ ਸਹਾਇਤਾ ਕਰਦਾ ਹੈ। ਜਿਸ ਨੇ ਜੀਵਨ ਸਫਰ ਕਰਦਿਆਂ ਸੱਚੇ ਸਤਿਗੁਰੂ ਨਾਲ ਪਿਆਰ ਪਾਇਆ ਹੈ, ਉਸ ਦੇ ਹੁਕਮ ਨੂੰ ਮਨ, ਬਚਨ ਤੇ ਕਰਮ ਦੁਆਰਾ ਮੰਨਿਆ ਹੈ, ਉਸ ਦੀ ਸਤਿਗੁਰੂ ਸਹਾਇਤਾ ਕਰਦਾ ਹੈ ਅਤੇ ਧਰਮ ਰਾਜ ਦੀ ਕਚਹਿਰੀ ਤੋਂ ਬਚਾ ਲੈਂਦਾ ਹੈ। ਜਿਸ ਤਰ੍ਹਾਂ ਨਾਲ ਇਹ ਮਾਨਸ ਸਰੀਰ ਅਮੋਲਕ ਹੈ ਇਸ ਤਰ੍ਹਾਂ ਨਾਲ ਇਸ ਦਾ ਸਫਰ ਵੀ ਰਹੱਸਮਈ ਹੈ ਕਿਉਂਕਿ ਇਹ ਮਨੁਖਾ ਸਰੀਰ ਬਾਰ-ਬਾਰ ਪ੍ਰਾਪਤ ਨਹੀਂ ਹੁੰਦਾ। ਇਸ ਨੂੰ ਜੀਵਨ ਸਫਰ ਕਰਦਿਆਂ ਹੋਇਆ ਹੀ ਸਵਾਰਨਾ ਪੈਂਦਾ ਹੈ। ਇਸ ਦਾ ਹਰ ਕਦਮ ਸੰਭਲ ਸੰਭਲ ਕੇ ਰੱਖਣਾ ਅਤੇ ਹਰ ਸਵਾਸ ਨੂੰ ਸਫਲ ਕਰਨਾ ਚਾਹੀਦਾ ਹੈ। ਕੋਈ ਸਵਾਸ ਨਾਮ ਸਿਮਰਨ ਤੋਂ ਬਿਨਾਂ ਖਾਲੀ ਨਹੀਂ ਜਾਣਾ ਚਾਹੀਦਾ ਜਿਸ ਤਰ੍ਹਾਂ ਕਿ ਗੁਰੂ ਮਹਾਰਾਜ ਜੀ ਫੁਰਮਾਉਂਦੇ ਹਨ –

***ਸਾਸਿ ਸਾਸਿ ਸਿਮਰਹੁ ਗੋਬਿੰਦ॥***
***ਮਨ ਅੰਤਰ ਕੀ ਉਤਰੈ ਚਿੰਦ॥***
***ਆਸ ਅਨਿਤ ਤਿਆਗਹੁ ਤਰੰਗ॥***
***ਸੰਤ ਜਨਾ ਕੀ ਧੂਰਿ ਮਨ ਮੰਗ॥ ਪੰਨਾ – 295***

ਇਸ ਤਰ੍ਹਾਂ ਕਰਨ ਨਾਲ ਜੀਵਨ ਵਿਚ ਆਉਣ ਵਾਲੀਆਂ ਔਕੜਾਂ ਤੇ ਚਿੰਤਾਵਾਂ ਦਾ ਸਮਾਧਾਨ ਹੁੰਦਾ ਰਹੇਗਾ। ਆਸਾ ਤੇ ਤ੍ਰਿਸ਼ਨਾ ਦੀਆਂ ਉਠਣ ਵਾਲੀਆਂ ਲਹਿਰਾਂ ਸ਼ਾਂਤ ਹੁੰਦੀਆਂ ਰਹਿਣਗੀਆਂ। ਸੰਤਾਂ ਮਹਾਂਪੁਰਸ਼ਾਂ ਦੇ ਬਚਨਾਂ ਤੇ ਚਰਨਾ ਦੀ ਧੂੜੀ ਮਿਲਣ ਨਾਲ ਜੀਵਨ ਇਕ ਰਸ ਤੇ ਅਡੋਲ ਹੁੰਦਾ ਜਾਵੇਗਾ। ਜੀਵਨ ਸਫਰ ਅੰਦਰ ਖੇੜਾ ਤੇ ਖੁਸ਼ੀ ਦਾ ਨਿਵਾਸ, ਨਵਾਂ ਚਾਉ ਤੇ ਉਤਸ਼ਾਹ ਉਤਪੰਨ ਹੁੰਦਾ ਰਹੇਗਾ। ਸੇਵਾ ਤੇ ਸਿਮਰਨ ਦੇ ਚਾਉ ਅੰਦਰ ਘਰ ਕਰਦਾ ਰਹੇਗਾ। ਹੌਲੀ ਹੌਲੀ ਵਿਸ਼ੇ ਵਿਕਾਰਾਂ ਤੋਂ ਛੁਟਕਾਰਾ ਪਾ ਕੇ ਆਤਮ ਰਸ ਮਾਨਣ ਦਾ ਅਨੰਦ ਆਉਣ ਲੱਗ ਪਏਗਾ। ਇਸ ਤਰ੍ਹਾਂ ਕਰਨ ਨਾਲ ਜੀਵਨ ਸਫਰ ਵਿਚ ਆਧੀਆ ਉਪਾਧੀਆਂ ਦਾ ਡਰ ਭੈ ਖਤਮ ਹੋ ਜਾਵੇਗਾ, ਕੇਵਲ ਪਿਆਰੇ ਦੇ ਪਿਆਰੇ ਦਾ ਸਾਥ ਹਰ ਥਾਂ ਅਨੁਭਵ ਹੁੰਦਾ ਰਹੇਗਾ ਅਤੇ ਦਰਗਾਹ ਦੇ ਸਫਰ ਦਾ ਡਰ ਭੈਅ ਨਹੀਂ ਰਹੇਗਾ ਅਤੇ ਅੰਦਰ ਹਰ ਵਕਤ ਇਹ ਗੁੰਜਾਰ ਸੁਣਦੀ ਪ੍ਰਤੀਤ ਹੋਵੇਗੀ –

***ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ॥***
***ਪੰਨਾ – 534***

*******

# ਮਹਾਂਪੁਰਸ਼ਾਂ ਦੀ ਵਿਦੇਸ਼ ਫੇਰੀ
## (ਇੰਗਲੈਂਡ ਵਿਖੇ ਰੂਹਾਨੀ ਦੀਵਾਨ)

ਜਿਵੇਂ ਕਿ ਆਤਮ ਮਾਰਗ ਦੇ ਪਾਂਧੀਆਂ ਨੂੰ ਵਿਦਿਤ ਹੈ ਪਰਉਪਕਾਰੀ ਮਹਾਂਪੁਰਸ਼ ਅਤੇ ਬੀਜੀ 10 ਅਪ੍ਰੈਲ 2001 ਤੋਂ ਇੰਗਲੈਂਡ ਦੀਆਂ ਸੰਗਤਾਂ ਦੇ ਦਰਸ਼ਨ ਦੀਦਾਰੇ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਨਾਮ ਸਿਮਰਨ ਰਾਹੀਂ ਗੁਰੂ ਚਰਨਾਂ ਨਾਲ ਜੋੜਨ ਦਾ ਵੱਡਾ ਪਰਉਪਕਾਰ ਕਰ ਰਹੇ ਹਨ। ਨਾਮ-ਬਾਣੀ ਨੂੰ ਦਿਨ ਰਾਤ ਜਪਣ ਜਪਾਉਣ ਵਾਲੇ ਮਹਾਂਪੁਰਸ਼ਾਂ ਦੀ ਰਿਹਾਇਸ਼ ਆਦਿ ਦੀ ਸੇਵਾ ਇੰਗਲੈਂਡ ਨਿਵਾਸੀ ਸ. ਅਰਵਿੰਦਰ ਸਿੰਘ ਤੱਖਰ ਨੂੰ ਪ੍ਰਾਪਤ ਹੋਈ ਹੈ। ਮਹਾਂਪੁਰਸ਼ਾਂ ਦੇ ਦਰਸ਼ਨ ਦੀਦਾਰ ਹੀ ਤਪਦੇ ਹਿਰਦਿਆਂ ਨੂੰ ਠਾਰਦੇ, ਸੁਖ-ਸ਼ਾਂਤੀ ਅਤੇ ਸਹਿਜ ਪ੍ਰਦਾਨ ਕਰਦੇ ਹਨ ਪਰ ਜੇ ਸਤਿਗੁਰੂ ਦੀ ਮਿਹਰ ਸਦਕਾ, ਸੇਵਾ ਕਰਨ ਦਾ ਮੌਕਾ ਮਿਲ ਜਾਏ ਤਾਂ ਮਾਨੋ ਬਖਸ਼ਿਸ਼ਾਂ ਦੇ ਭੰਡਾਰੇ ਖੁਲ੍ਹ ਜਾਂਦੇ ਹਨ। ਮਹਾਂਪੁਰਸ਼ਾਂ ਦੀ ਪੂਰਨ ਸਿਹਤਯਾਬੀ ਲਈ ਆਪ ਜੀ ਸਾਰੀ ਜ਼ਿੰਮੇਵਾਰੀ ਬਖੂਬੀ ਨਿਭਾ ਰਹੇ ਹਨ। ਇਸ ਤਰ੍ਹਾਂ ਸੇਵਾ ਵਿਚ ਲੱਗਿਆਂ ਆਪ ਦਾ ਪਰਿਵਾਰ ਵੀ ਧੰਨਤਾ ਯੋਗ ਹੋਇਆ ਹੈ।

**ਇੰਗਲੈਂਡ ਵਿਖੇ ਰੂਹਾਨੀ ਸਤਿਸੰਗ** – ਮਹਾਂਪੁਰਸ਼ ਜਿਥੇ ਵੀ ਜਾਂਦੇ ਹਨ, ਸੰਗਤਾਂ ਦੇ ਤਪਦੇ ਹਿਰਦਿਆਂ ਨੂੰ ਠੰਢਕ ਪਹੁੰਚਾਉਣ ਲਈ ਰੂਹਾਨੀ ਸਤਿਸੰਗ ਕਰਦੇ ਹਨ। ਇੰਗਲੈਂਡ ਵਿਚ ਵੀ ਆਪ ਜੀ ਨੇ ਏਥੋਂ ਰਤਵਾੜਾ ਸਾਹਿਬ ਦੇ ਕੀਰਤਨੀ ਜੱਥੇ ਨੂੰ 25 ਅਪ੍ਰੈਲ ਨੂੰ ਬੁਲਾ ਲਿਆ ਸੀ ਜਿਸ ਵਿਚ ਵਿਸ਼ੇਸ਼ ਤੌਰ ਤੇ ਭਾਈ ਸਾਹਿਬ ਭਾਈ ਲਖਬੀਰ ਸਿੰਘ ਜੀ ਅਤੇ ਬਾਬਾ ਹਰਪਾਲ ਸਿੰਘ ਜੀ ਸੰਮਿਲਤ ਹਨ। ਜੱਥੇ ਦਾ ਕੀਰਤਨ ਅਤੇ ਆਪ ਜੀ ਦੇ ਮਿੱਠੇ ਪ੍ਰਵਚਨਾਂ ਦੀ ਲੜੀ 26 ਅਪ੍ਰੈਲ 2001 ਤੋਂ ਨਿਰੰਤਰ ਜਾਰੀ ਹੈ। ਕੁਝ ਝਲਕੀਆਂ ਇਸ ਪ੍ਰਕਾਰ ਹਨ –

**26 ਅਪ੍ਰੈਲ ਨੂੰ** ਗੁਰਦਵਾਰਾ ਸਾਹਿਬ ਲੋਟਨ ਇੰਗਲੈਂਡ ਵਿਖੇ ਭਾਰੀ ਦੀਵਾਨ ਸਜਿਆ, ਭਾਅ ਜੀ ਦੇ ਜੱਥੇ ਨੇ ਕੀਰਤਨ ਅਤੇ ਗੁਰੂ ਜੱਸ ਸਰਵਣ ਕਰਵਾ ਕੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ।

**27 ਅਪ੍ਰੈਲ ਨੂੰ** ਗੁਰਦਵਾਰਾ ਸਾਹਿਬ ਬੈਡਫੋਰਡ ਵਿਖੇ ਜੱਥੇ ਨੇ ਮਨੋਹਰ ਧੁਨੀਆਂ ਰਾਹੀਂ ਹਰਿ ਜਸ ਕੀਰਤਨ ਕੀਤਾ ਅਤੇ ਗੁਰ ਇਤਿਹਾਸ ਸਰਵਣ ਕਰਵਾਇਆ। ਬਾਬਾ ਜੀ ਨੇ ਭਾਈ ਰਾਜਿੰਦਰ ਸਿੰਘ ਰਾਜ ਦੇ ਗ੍ਰਹਿ ਵਿਖੇ ਦਰਸ਼ਨ ਦਿਤੇ। ਕਾਫੀ ਗਿਣਤੀ ਵਿਚ ਸੰਗਤ ਇਕੱਤਰ ਹੋਈ ਅਤੇ ਪ੍ਰੇਮੀਆਂ ਨੇ ਨਾਮ ਬਾਣੀ ਅਤੇ ਜਾਪ ਸਿਮਰਨ ਸਬੰਧੀ ਪਏ ਭੁਲੇਖਿਆਂ ਨੂੰ ਦੂਰ ਕਰਨ ਹਿਤ ਬਾਬਾ ਜੀ ਨੂੰ ਪ੍ਰਸ਼ਨ ਪੁਛੇ ਅਤੇ ਪ੍ਰਵਚਨ ਸਰਵਣ ਕਰਕੇ ਸੰਤੁਸ਼ਟਤਾ ਹਾਸਲ ਕੀਤੀ। ਨਾਮ ਜਪਣ ਦਾ ਉਤਸ਼ਾਹ ਪ੍ਰਾਪਤ ਹੋਇਆ।

**28, 29, 30 ਅਪ੍ਰੈਲ ਨੂੰ** ਲਿਸਟਰ ਦੇ ਗੁਰਦਵਾਰਾ ਗੁਰੂ ਤੇਗ ਬਹਾਦਰ ਸਾਹਿਬ ਵਿਖੇ ਨਿਰੰਤਰ ਦੀਵਾਨ ਸਜੇ, ਅਗੰਮੀ ਧੁਨੀਆਂ ਰਾਹੀਂ ਗੁਰਬਾਣੀ ਦੇ ਕੀਰਤਨ ਨਾਲ ਸੰਗਤਾਂ ਨਿਹਾਲ ਹੁੰਦੀਆਂ ਰਹੀਆਂ, ਮਹਾਂਪੁਰਸ਼ਾਂ ਦੇ ਪ੍ਰਵਚਨ ਸੁਣਨ ਲਈ ਸੰਗਤਾਂ ਦੂਰ ਦੂਰ ਤੋਂ ਪੁਜਦੀਆਂ ਰਹੀਆਂ। ਇਥੇ ਆਪ ਜੀ ਨੇ ਚਰਨ ਪਾ ਕੇ ਬਹੁਤ ਸਾਰੇ ਪ੍ਰੇਮੀਆਂ ਦੇ ਗ੍ਰਹਿ ਪਵਿੱਤਰ ਕੀਤੇ, ਵਿਸ਼ੇਸ਼ ਕਰਕੇ ਬੀਬੀ ਇਕਬਾਲ ਕੌਰ ਦੇ ਗ੍ਰਹਿ ਵਿਖੇ ਜੁੜੀ ਸੰਗਤ ਨੂੰ ਮਹਾਂਪੁਰਸ਼ਾਂ ਨੇ ਨਾਮ ਸਿਮਰਨ ਦੀਆਂ ਜੁਗਤੀਆਂ ਦੱਸੀਆਂ ਜਿਸ ਨਾਲ ਬਹੁਤ ਸਾਰੇ ਪ੍ਰੇਮੀ ਸਿਮਰਨ ਅਭਿਆਸ ਵਲ ਪ੍ਰੇਰਤ ਹੋਏ।

**ਪਹਿਲੀ ਮਈ 2001 ਨੂੰ** ਬੈਡਫੋਰਡ ਦੇ ਗੁਰਦਵਾਰਾ ਸਾਹਿਬ ਗੁਰੂ ਨਾਨਕ ਪ੍ਰਕਾਸ਼ ਵਿਖੇ ਦੀਵਾਨ ਸਜਿਆ ਜਿਥੇ ਜੱਥੇ ਨੇ ਮਨੋਹਰ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

**2 ਮਈ ਤੋਂ 6 ਮਈ ਤਕ** ਗੁਰਦੁਆਰਾ ਸਾਹਿਬ ਬਰਮਿੰਗਮ ਵਿਖੇ ਸੰਤ ਪੂਰਨ ਸਿੰਘ ਜੀ (ਸੱਚਖੰਡ ਵਾਸੀ) ਕਰੀਚੋ (ਅਫਰੀਕਾ) ਵਾਲਿਆਂ ਦੇ ਅਸਥਾਨ ਤੇ ਪੰਜ ਦਿਨ ਨਿਰੰਤਰ ਸਤਿਸੰਗ ਹੁੰਦੇ ਰਹੇ। ਅੰਮ੍ਰਿਤਸਰ ਦਰਬਾਰ ਸਾਹਿਬ ਹਰਿਮੰਦਰ ਸਾਹਿਬ ਦੀ ਸੋਨੇ ਦੇ ਨਵੇਂ ਪਤਰੇ ਚੜ੍ਹਾਉਣ ਦੀ ਸੇਵਾ ਦੀ ਅਰੰਭਤਾ ਇਸ ਅਸਥਾਨ ਦੇ ਬਾਬਾ ਜੀ, ਬਾਬਾ ਨੌਰੰਗ ਸਿੰਘ ਨੇ ਕੀਤੀ ਸੀ। ਹੁਣ ਇਹ ਸੇਵਾ ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ ਕਰ ਰਿਹਾ ਹੈ ਜਿਸ ਦੇ ਮੁਖੀ ਸੰਤ ਬਾਬਾ ਮਹਿੰਦਰ ਸਿੰਘ ਜੀ ਹਨ। ਗੁਰੂ ਨਾਨਕ ਨਿਸ਼ਕਾਮ ਸੇਵਕ ਜੱਥੇ ਨੇ ਬਰਮਿੰਗਮ ਵਿਖੇ ਬਾਬਾ ਜੀ ਦੇ ਵਿਸ਼ੇਸ਼ ਪ੍ਰੋਗਰਾਮ ਕਰਵਾਏ। ਆਪ ਜੀ ਆਪਣੇ ਪ੍ਰੇਮੀਆਂ ਸਮੇਤ ਰੋਜ਼ ਹਾਜ਼ਰੀਆਂ ਭਰਦੇ ਰਹੇ। ਬਾਬਾ ਜੀ ਨੇ ਪੰਜ ਦਿਨ ਲੜੀਵਾਰ ਨਾਮ ਅਭਿਆਸ ਦੇ ਸਾਰੇ ਪੱਖ ਉਜਾਗਰ ਕੀਤੇ। ਨਾਮ ਕਿਵੇਂ ਜਪਣਾ ਹੈ? ਨਾਮ ਕਿਵੇਂ ਹਰ ਸਮੇਂ, ਲੋਕ ਪ੍ਰਲੋਕ ਵਿਚ ਸਹਾਇਕ ਸਿੱਧ ਹੁੰਦਾ ਹੈ? ਨਾਮ ਦੀ ਰਹਿਤ ਕੀ ਹੈ? ਅਭਿਆਸ ਵਿਚ ਕੀ ਵਿਘਨ ਪੈਂਦੇ ਹਨ ਅਤੇ ਉਨ੍ਹਾਂ ਦੀ ਨਵਿਰਤੀ ਕਿਵੇਂ ਕਰਨੀ ਹੈ? ਇਹ ਸਾਰਾ ਵਿਸਥਾਰ ਆਪ ਜੀ ਦੇ ਮਨੋਹਰ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਪ੍ਰਾਪਤ ਹੋਇਆ। ਪਹਿਲੇ ਦਿਨ ਸਾਲਸਰਾਇ ਜੌਹਰੀ ਦੀ ਸਾਖੀ ਰਾਹੀਂ ਨਾਮ ਦੀ ਮਹਿਮਾ ਦੱਸੀ ਗਈ। ਦੂਜੇ ਦੀਵਾਨ ਵਿਚ ਭਗਤ ਨਾਮਦੇਵ ਦੇ ਜੀਵਨ ਬਿਰਤਾਂਤ ਰਾਹੀਂ ਨਾਮ ਦੀ ਅਤੇ ਦਇਆ ਦ੍ਰਿਸ਼ਟੀ ਦੀ ਵਡਿਆਈ ਦੱਸੀ ਗਈ। 'ਸਾਧ ਬਚਨ ਅਟਲਾਧਾ' ਦੇ ਪ੍ਰਸੰਗ ਵਿਚ ਦੁਰਬਾਸਾ ਰਿਸ਼ੀ, ਭਾਈ ਗੋਦੜੀਆ ਅਤੇ ਭਾਈ ਬੁੱਧੂ ਦੇ ਬਚਨ 'ਆਵਾ ਕੱਚਾ ਰਹੇਗਾ' ਆਦਿ ਸਾਖੀਆਂ ਅਨੁਭਵੀ ਢੰਗ ਵਿਚ ਸੁਣਾਈਆਂ ਗਈਆਂ। ਤੀਸਰੇ ਅਤੇ ਚੌਥੇ ਦੀਵਾਨ ਵਿਚ ਨਾਮਦੇਵ ਦੀ ਜੀਵਨ ਕਥਾ ਰਾਹੀਂ ਨਾਮ ਦੀ ਵਡਿਆਈ ਦੱਸੀ ਗਈ। ਸੰਗਤਾਂ ਨੇ ਪੰਜ ਦਿਨ ਬਹੁਤ ਅਨੰਦ ਮਾਣਿਆ। ਆਖਰੀ ਦੀਵਾਨ ਛੇ ਮਈ ਦਾ ਸੀ ਜਦੋਂ ਕਿ ਸੰਗਤਾਂ ਨੇ ਅਥਾਹ ਉਤਸ਼ਾਹ ਦਾ ਪ੍ਰਗਟਾਵਾ ਕੀਤਾ, ਗੁਰਦਵਾਰਾ ਸਾਹਿਬ ਦੇ ਪੰਜ ਹਾਲ ਨਕੋ ਨਕ ਭਰ ਗਏ, ਲੰਗਰ ਹਾਲ, ਜੋੜਾ ਅਸਥਾਨ ਸਭ ਥਾਵਾਂ ਤੇ ਸੰਗਤਾਂ ਟੀ ਵੀ ਸੈਟਾਂ ਰਾਹੀਂ ਮਹਾਂਪੁਰਸ਼ਾਂ ਦੇ ਪ੍ਰਵਚਨਾਂ ਨਾਲ ਜੁੜੀਆਂ ਬੈਠੀਆਂ ਸਨ। ਅੱਜ ਮਹਾਂਪੁਰਸ਼ਾਂ ਨੇ ਭਾਈ ਮੰਝ ਦੀ ਸਿਖੀ

ਸਿਦਕ ਦੀ ਵਾਰਤਾ ਸਰਵਣ ਕਰਵਾਈ, ਗੁਰੂ ਪਿਆਰ ਅਤੇ ਵੈਰਾਗ ਵਿਚ ਜੁੜੀਆਂ ਸੰਗਤਾਂ ਦੇ ਨੇਤਰ ਸੇਜਲ ਹੋ ਰਹੇ ਸਨ। ਮਹਾਂਪੁਰਸ਼ ਆਪ ਗੁਰੂ ਚਰਨਾਂ ਨਾਲ ਜੁੜ ਕੇ ਵਾਰਤਾ ਸੁਣਾਉਂਦੇ ਹਨ ਅਤੇ ਸੁਣਨ ਵਾਲਿਆਂ ਨੂੰ ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਸਭ ਕੁਝ ਅੱਖਾਂ ਦੇ ਸਾਮ੍ਹਣੇ ਵਾਪਰ ਰਿਹਾ ਹੋਵੇ। ਏਥੇ ਇੰਜ ਹੀ ਹੋਇਆ। ਭਾਈ ਮੰਝ ਦੀ ਸ਼ਰਧਾ, ਪਿਆਰ ਅਤੇ ਸਿਦਕ ਦੀ ਸਾਖੀ ਨੇ ਸਭ ਨੂੰ ਮੁਗਧ ਕਰ ਦਿਤਾ ਸੀ। ਇਹ ਦੀਵਾਨ ਸੰਗਤਾਂ ਦੀ ਅਭੁੱਲ ਯਾਦ ਬਣ ਗਏ।

**7, 8 ਮਈ 2001** ਦੇ ਦੀਵਾਨ ਗੁਰਦਵਾਰਾ ਸਾਹਿਬ ਬੈਡਫੋਰਡ ਵਿਖੇ ਸਜੇ ਜਿਥੇ ਜਥੇ ਨੇ ਆਸਾ ਦੀ ਵਾਰ ਦੇ ਕੀਰਤਨ ਕੀਤੇ। ਕਾਫੀ ਸੰਗਤਾਂ ਨੇ ਆਤਮ ਮਾਰਗ ਦੀ ਸਾਲਾਨਾ ਅਤੇ ਜੀਵਨ-ਕਾਲ ਮੈਂਬਰਸ਼ਿਪ ਪ੍ਰਾਪਤ ਕੀਤੀ ਅਤੇ ਪੁਸਤਕਾਂ ਵੀ ਖਰੀਦੀਆਂ।

**9, 10 ਮਈ** ਦਾ ਸਤਿਸੰਗ ਗੁਰਦਵਾਰਾ ਸਾਹਿਬ ਕੇਵੈਂਟਰੀ ਵਿਖੇ ਹੋਇਆ।

**11 ਮਈ** ਦਾ ਦੀਵਾਨ ਸੰਤ ਪ੍ਰਾਪਤ ਸਿੰਘ ਰਾੜਾ ਸਾਹਿਬ ਵਾਲਿਆਂ ਦੇ ਸਥਾਨ ਇਲਫੋਰਡ ਲੰਡਨ ਵਿਖੇ ਹੋਇਆ ਜਿਥੇ ਜੱਥੇ ਨੇ ਮਨੋਹਰ ਕੀਰਤਨ ਕੀਤਾ ਅਤੇ ਭਾਈ ਸਾਹਿਬ ਜੀ ਨੇ ਸੋਹਣਾ ਮੋਹਣਾ ਦਾ ਗੁਰੂ ਪ੍ਰੇਮ ਅਤੇ ਸੇਵਾ ਦਾ ਪ੍ਰਸੰਗ ਸਰਵਣ ਕਰਵਾਇਆ।

**12 ਮਈ** ਦਾ ਸਤਿਸੰਗ ਬੀਬੀ ਸੁਖਦੇਵ ਕੌਰ ਚੀਮਾ ਰਾਹੀਂ ਬੈਡਫੋਰਡ ਵਿਖੇ ਹੋਇਆ। ਜੱਥੇ ਨੇ ਕੀਰਤਨ ਕੀਤਾ ਅਤੇ ਨਾਮ ਬਾਣੀ ਦੀ ਵਿਆਖਿਆ ਹੋਈ।

**13 ਮਈ** ਐਤਵਾਰ ਦਾ ਦੀਵਾਨ ਮਿਊਂਸਪ ਹਾਲ ਵਿਚ ਹੋਇਆ ਜਿਥੇ ਬੇਅੰਤ ਸੰਗਤ ਗੁਰੂ ਪਿਆਰ ਵਿਚ ਮਹਾਂਪੁਰਸ਼ਾਂ ਦੇ ਪ੍ਰਵਚਨ ਸੁਣਨ ਲਈ ਇਕੱਤਰ ਹੋਈ। ਸ਼ਾਮ ਨੂੰ 6.00 ਵਜੇ ਤੋਂ ਰਾਤ ਦਸ ਵਜੇ ਤਕ ਮਹਾਂਪੁਰਸ਼ਾਂ ਨੇ ਮਨੋਹਰ ਪ੍ਰਵਚਨਾਂ ਰਾਹੀਂ ਸ਼ੰਕੇ ਨਵਿਰਤ ਕੀਤੇ, ਪ੍ਰਸ਼ਨਾਂ ਦੇ ਉਤਰ ਦਿਤੇ ਅਤੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਸੰਗਤਾਂ ਨੇ ਬਹੁਤ ਉਤਸ਼ਾਹ ਦਾ ਪ੍ਰਗਟਾਵਾ ਕੀਤਾ।

**16 ਮਈ ਤੋਂ 27 ਮਈ** ਤਕ ਗੁਰਦਵਾਰਾ ਸਾਹਿਬ ਸਿੰਘ ਸਭਾ, ਸਾਊਥਹਾਲ ਵਿਖੇ ਸਮਾਗਮ ਹੋਏ ਜਿਥੇ ਸੰਗਤਾਂ ਨੇ ਵੱਧ ਚੜ੍ਹ ਕੇ ਹਾਜ਼ਰੀਆਂ ਭਰੀਆਂ। ਮਹਾਂਪੁਰਸ਼ਾਂ ਨ ਪੰਜ ਪਿਆਰਿਆਂ ਦੇ ਮੁੱਖੀ ਭਾਈ ਦਇਆ ਸਿੰਘ ਜੀ ਦੇ ਪ੍ਰਸੰਗ ਵਿਚ ਗੁਰੂ ਗੋਬਿੰਦ ਸਿੰਘ ਜੀ ਰਾਹੀਂ ਦੱਸੀਆਂ ਨਾਮ ਦੀਆਂ ਜੁਗਤੀਆਂ ਦਾ ਵਿਸਥਾਰ ਵਿਚ ਵਰਨਣ ਕੀਤਾ। ਇਤਿਹਾਸਕ ਪ੍ਰਸੰਗ ਸਰਵਣ ਕਰਵਾਏ ਗਏ ਅਤੇ ਸੰਗਤਾਂ ਨੇ ਨਾਮ-ਬਾਣੀ ਦੇ ਅਨੰਦ ਮਾਣੇ। 16 ਅਤੇ 17 ਦੇ ਦੀਵਾਨਾਂ ਵਿਚ ਬਾਬਾ ਅਮਰਦਾਸ ਜੀ ਦੀ ਤੀਰਥ ਯਾਤਰਾ, ਗੁਰਬਾਣੀ ਦਾ ਸਰਵਣ ਕਰਨਾ ਅਤੇ ਗੁਰੂ ਧਾਰਨ ਕਰਨ ਦਾ ਪ੍ਰਸੰਗ ਸੁਣਾਇਆ ਗਿਆ ਅਤੇ ਰੂਹਾਨੀ ਮਾਰਗ ਲਈ ਗੁਰੂ ਦੀ ਆਵਸ਼ਕਤਾ ਦਰਸਾਈ ਗਈ। 18 ਅਤੇ 19 ਮਈ ਦੇ ਸਤਿਸੰਗ ਵਿਚ ਨਾਮ ਦੀਆਂ ਰਹਿਤਾਂ ਦੱਸੀਆਂ ਗਈਆਂ। ਨਾਮ ਜਪਣ ਲਈ ਜਗਿਆਸੂ ਦੀ ਪਹਿਲੀ ਲੋੜ ਗੁਰੂ ਅੱਗੇ ਆਪਾ ਸਮਰਪਣ ਹੈ; ਨਾਮ ਜਗਿਆਸੂ ਹਉਮੈ ਦਾ ਪੂਰਾ ਤਿਆਗ ਕਰਕੇ 'ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ' ਦਾ ਅਨੁਸਾਰੀ ਹੋ ਕੇ 'ਸਬਰ ਸ਼ੁਕਰ ਵਿਚ ਆਵੇ; 'ਗੁਰਮੰਤਰ' ਵਿਚ ਪੂਰਨ ਵਿਸ਼ਵਾਸ਼ ਹੋਵੇ; ਦ੍ਰਿੜ੍ਹਤਾ ਵਿਚ ਰਹੇ, ਮਨ ਨਾ ਡੋਲੇ; ਸਿਮਰਨ ਦੇ ਨਾਲ ਸੇਵਾ ਅਤੇ ਪਰਉਪਕਾਰ ਵਲ ਰਚਿਤ ਹੋਵੇ; ਬਚਨਾਂ ਵਿਚ, ਵਿਚਾਰਾਂ ਅਤੇ ਕਰਮਾਂ ਵਿਚ ਹਿੰਸਾ ਨਾ ਹੋਵੇ; ਝੂਠ ਨਿੰਦਿਆ, ਚੁਗਲੀ ਤੋਂ ਬਚ ਕੇ ਰਹੇ; ਸਤਿ ਦਾ ਜੀਵਨ ਧਾਰਨ ਕਰੇ; ਖਿਮਾ, ਦਇਆ, ਹਿਰਦੇ ਦੀ ਕੋਮਲਤਾ ਸਰਬੱਤ ਦੇ ਭਲੇ ਦੀ ਭਾਵਨਾ, ਮਿੱਠੇ ਬੋਲੇ ਉਸ ਦੀ ਸ਼ਖਸ਼ੀਅਤ ਦਾ ਅੰਗ ਹੋਣ। ਐਸੀ ਰਹਿਤ ਵਾਲਾ ਜਗਿਆਸੂ ਹੀ ਨਾਮ-ਸਿਮਰਨ ਵਿਚ ਜੁੜਦਾ ਹੈ। 20 ਮਈ ਦੇ ਦੀਵਾਨ ਦਾ ਵਿਸ਼ਾ ਸੀ, 'ਗੁਰ ਸੇਵਾ ਤੇ ਪਾਏ ਮਾਨ', ਗੁਰੂ ਅੰਗਦ ਸਾਹਿਬ ਅਤੇ ਗੁਰੂ ਅਮਰਦਾਸ ਜੀ ਦੀ ਮਹਾਨ ਸੇਵਾ ਦੇ ਪ੍ਰਸੰਗ ਸੁਣਾਏ ਗਏ। 21 ਅਤੇ 22 ਮਈ ਦੇ ਦੀਵਾਨਾਂ ਵਿਚ ਬਾਬਾ ਫਰੀਦ ਦੀ ਜੀਵਨ ਝਾਕੀ ਪੇਸ਼ ਕਰਕੇ ਗੁਰੂ ਦੀ ਆਵਸ਼ਕਤਾ ਦਰਸਾਈ ਗਈ। 23 ਮਈ ਦੇ ਦੀਵਾਨ ਵਿਚ ਭਾਈ ਤਿਲੋਕਾ ਜੀ ਦੇ ਪ੍ਰਸੰਗ ਰਾਹੀਂ 'ਜਿਸ ਦੈ ਹੋਵੈ ਵਲ ਸੁ ਕਦੇ ਨਾ ਹਾਰਦਾ' ਦੇ ਭਾਵ ਸਪਸ਼ਟ ਕੀਤੇ ਗਏ।

24 ਅਤੇ 25 ਮਈ ਦੇ ਦੀਵਾਨਾਂ ਵਿਚ 'ਜਿਨਿ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ' ਵਿਸ਼ੇ ਦੀ ਅਨੇਕ ਪ੍ਰਸੰਗਾਂ ਰਾਹੀਂ ਵਿਆਖਿਆ ਹੋਈ।

26 ਮਈ ਨੂੰ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਦੀ ਮਹਾਨ ਸ਼ਹਾਦਤ ਦੇ ਸਹੀ ਕਾਰਨ ਅਤੇ ਪ੍ਰਤੀਕਰਮ ਦੱਸੇ ਗਏ।

27 ਮਈ ਦੇ ਦੀਵਾਨ ਵਿਚ ਦਸ਼ਮੇਸ਼ ਪਿਤਾ ਜੀ ਦੀ ਅਨੰਦਪੁਰ ਸਾਹਿਬ ਤੋਂ ਰਵਾਨਗੀ, ਸਰਸਾ ਨਦੀ ਦੇ ਕੰਢੇ ਆਸਾ ਦੀ ਵਾਰ ਦਾ ਕਾਰਤਨ, ਚਮਕੌਰ ਸਾਹਿਬ ਅਤੇ ਮਾਛੀਵਾੜੇ ਦਾ ਜ਼ਿਕਰ ਕਰਕੇ ਵਿਸ਼ੇਸ਼ ਤੌਰ ਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਹਿਰਦੇ ਵਿੰਨਵਾਂ ਪ੍ਰਸੰਗ ਸੁਣਾਇਆ ਗਿਆ। ਮੁਗਧ ਹੋਈਆਂ ਸੰਗਤਾਂ, ਗੁਰੂ ਚਰਨਾਂ ਨਾਲ ਜੁੜੀਆਂ, ਸੇਜਲ ਅੱਖਾਂ ਨਾਲ ਗੁਰ-ਇਤਿਹਾਸ ਸਰਵਣ ਕਰਦੀਆਂ ਰਹੀਆਂ।

ਬੜੇ ਉਚੇ ਭਾਗਾਂ ਨਾਲ ਐਸੇ ਸਤਿਸੰਗ ਪ੍ਰਾਪਤ ਹੁੰਦੇ ਹਨ। ਬੜੇ ਚਿਰ ਤੋਂ ਨਾਮ ਦੀ ਮਹਿਮਾ ਸੁਣਨ ਨੂੰ ਤਰਸਦੀਆਂ ਇੰਗਲੈਂਡ ਦੀਆਂ ਸੰਗਤਾਂ ਦੀ ਜਿਵੇਂ ਗੁਰੂ ਜੀ ਨੇ ਸੁਣ ਲਈ ਅਤੇ ਮਹਾਂਪੁਰਸ਼ ਇੰਗਲੈਂਡ ਪੁੱਜ ਗਏ। ਮੈਡੀਕਲ ਚੈਕਅਪ ਤਾਂ ਇਕ ਬਹਾਨਾ ਹੈ ਜਿਸ ਨਾਲ ਇੰਗਲੈਂਡ ਦੀਆਂ ਸੰਗਤਾਂ ਨੂੰ ਇਹ ਅਨਮੋਲ ਅਵਸਰ ਪ੍ਰਾਪਤ ਹੋਇਆ।

ਭਾਅ ਜੀ ਅਤੇ ਬਾਬਾ ਹਰਪਾਲ ਸਿੰਘ ਜੀ ਜਥੇ ਸਮੇਤ 28 ਮਈ ਨੂੰ ਅਮਰੀਕਾ ਰਵਾਨਾ ਹੋ ਗਏ ਹਨ। ਮਹਾਂਪੁਰਸ਼ ਕੁਝ ਦਿਨਾਂ ਉਪਰੰਤ ਅਮਰੀਕਾ ਜਾਣਗੇ। ਬਾਕੀ ਵਿਸਥਾਰ ਅਗਲੇ ਅੰਕ ਵਿਚ ਛਾਪਿਆ ਜਾਵੇਗਾ।

***ਡਾ. ਜਗਜੀਤ ਸਿੰਘ***

★★★★★★★

# ਸਾਧ ਬਚਨ ਅਟਲਾਧਾ

***ਸੰਤ ਵਰਿਆਮ ਸਿੰਘ ਜੀ***
***ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।***

ਸ਼ਾਨ ..........................................।

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਪੰਨਾ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਪੰਨਾ - 289*

*ਧਾਰਨਾ - ਹਰਿ ਦਰਸ਼ਨ ਕੀ ਆਸਾ,*
*ਮੇਰੇ ਮਨ, ਹਰਿ ਦਰਸ਼ਨ ਕੀ ਆਸਾ -2, 2.*
*ਹਰਿ ਦਰਸ਼ਨ ਕੀ ਆਸਾ, ........ -2, 4.*

*ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ॥*
*ਉਰ ਨ ਭੀਜੈ ਪਗੁ ਨ ਖਿਸੈ ਹਰਿ ਦਰਸਨ ਕੀ ਆਸਾ॥*
*ਉਡਹੁ ਨ ਕਾਗਾ ਕਾਰੇ॥*
*ਬੇਗਿ ਮਿਲੀਜੈ ਅਪੁਨੇ ਰਾਮ ਪਿਆਰੇ॥*
*ਕਹਿ ਕਬੀਰ ਜੀਵਨ ਪਦ ਕਾਰਨਿ ਹਰਿ ਕੀ ਭਗਤਿ ਕਰੀਜੈ॥*
*ਏਕੁ ਆਧਾਰੁ ਨਾਮੁ ਨਾਰਾਇਨ ਰਸਨਾ ਰਾਮੁ ਰਵੀਜੈ॥*
*ਪੰਨਾ - 338*

*ਧਾਰਨਾ - ਸੀਸ ਵੱਢ ਕੇ ਬਣਾ ਦਿਆਂ ਮੂੜਾ,*
*ਗੱਲਾਂ ਜੋ ਸੁਣਾਵੇ ਤੇਰੀਆਂ -2, 2.*
*ਮੇਰੇ ਸਾਹਿਬਾ, ਗੱਲਾਂ ਜੋ ਸੁਣਾਵੇ ਤੇਰੀਆਂ -2, 2.*
*ਸੀਸ ਵੱਢ ਕੇ ਬਣਾ ਦਿਆਂ ਮੂੜਾ, ... -2.*

*ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥*
*ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥*
*ਪੰਨਾ - 558*

ਸਾਧ ਸੰਗਤ ਜੀ! ਗੱਜ ਕੇ ਬੋਲਣਾ - ਸਤਿਨਾਮ ਸ੍ਰੀ ਵਾਹਿਗੁਰੂ! ਦੂਰ ਦਰਾਜ਼ ਤੋਂ ਪਿਆਰ ਦੇ ਖਿੱਚੇ ਹੋਏ ਗੁਰੂ ਦਸਮੇਸ਼ ਪਿਤਾ ਦੇ ਆਪ ਇਸ ਪਵਿੱਤਰ ਅਸਥਾਨ ਦੇ ਉਤੇ ਸੁਸ਼ੋਭਿਤ ਹੋ ਰਹੇ ਹੋ। ਬੜੀ ਦੂਰ ਤੋਂ ਸੰਗਤਾਂ ਆਈਆਂ ਨੇ। ਪਾਉਂਟਾ ਸਾਹਿਬ ਵਾਲੇ ਕੱਲ੍ਹ ਦੇ ਹੀ ਆਏ ਹੋਏ ਨੇ, ਰਾਜਪੁਰੇ ਤੋਂ, ਚਮਕੌਰ ਸਾਹਿਬ ਤੋਂ, ਇਸ ਤੋਂ ਵੀ ਅੱਗੇ ਤੋਂ ਸੰਗਤਾਂ ਪਹੁੰਚ ਰਹੀਆਂ ਹਨ - ਗੁਰੂ ਦੇ ਦਰਬਾਰ ਵਿਚ ਹਾਜ਼ਰੀ ਭਰਨ ਵਾਸਤੇ ਕਿਉਂਕਿ ਗੁਰੂ ਦੇ ਬਚਨ ਐਨੇ ਮਿੱਠੇ ਤੇ ਪਿਆਰੇ ਹਨ ਜੋ ਜੀਵਨ ਨੂੰ ਸੇਧ ਦਿੰਦੇ ਹਨ। ਹੁਣੇ ਤੁਸੀਂ ਸੁਣੇ ਸਨ - ਇਕ ਇਕ ਗੱਲ ਸੇਧ ਦਿੰਦੀ ਹੈ। ਜੀਵਨ ਨੂੰ ਅਸੀਂ ਗੁਰਮਤਿ ਦੇ ਮੁਤਾਬਕ, ਗੁਰੂ ਦੀ ਮੱਤ ਦੇ ਮੁਤਾਬਕ ਢਾਲਣਾ ਹੈ ਕਿਉਂਕਿ ਗੁਰੂ ਦੀ ਮੱਤ ਧਾਰਨ ਕਰਨ ਦੇ ਨਾਲ ਸਾਡੇ ਸਾਰੇ ਦੁੱਖਾਂ ਦਾ ਖਾਤਮਾ ਹੋ ਜਾਂਦਾ ਹੈ। ਗੁਰੂ ਦੀ ਮੱਤ ਵਿਚ ਕਿਸ ਤਰ੍ਹਾਂ ਗੁਰਸਿੱਖ ਜੀਵਨ ਗੁਜ਼ਾਰਿਆ ਕਰਦੇ ਸਨ। ਗੁਰੂ ਮਹਾਰਾਜ ਕਿਸ ਤਰ੍ਹਾਂ ਉਨ੍ਹਾਂ ਗੁਰਸਿੱਖਾਂ ਦੇ ਨਾਲ ਪਿਆਰ ਕਰਿਆ ਕਰਦੇ ਸਨ। ਉਨ੍ਹਾਂ ਦੀਆਂ ਵੰਨਗੀਆਂ ਥੋੜ੍ਹੇ-ਥੋੜ੍ਹੇ ਸਮੇਂ ਦੇ ਵਿਚ ਦੀਵਾਨ ਦੇ ਵਿਚ ਕੁਝ ਝਾਕੀਆਂ ਦਿਖਾਈਆਂ ਜਾਂਦੀਆਂ ਹਨ ਤਾਂ ਕਿ ਸਾਡੇ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਉਂਟਾ ਸਾਹਿਬ ਵਿਖੇ
ਜਮਨਾ ਦੇ ਰਮਣੀਕ ਕੰਢੇ ਤੇ ਬੈਠੇ ਹੋਏ।

ਮਨ ਵਿਚ ਵੀ ਉਹ ਪਿਆਰ ਜਾਗੇ, ਉਤਸ਼ਾਹ ਪੈਦਾ ਹੋਵੇ, ਗੁਰਸਿੱਖੀ ਦਾ ਜੀਵਨ ਧਾਰਨ ਕਰੀਏ ਤੇ ਗੁਰੂ ਦਸਮੇਸ਼ ਪਿਤਾ ਜੀ ਦੀਆਂ ਖੁਸ਼ੀਆਂ ਸਾਨੂੰ ਪ੍ਰਾਪਤ ਹੋਣ। ਗੁਰੂ ਦਸ਼ਮੇਸ਼ ਪਿਤਾ ਦੇ ਸਮੇਂ ਦੇ ਅੰਦਰ ਜਿਸ ਵਕਤ ਆਪ ਪਾਉਂਟੇ ਸਾਹਿਬ ਗਏ ਹੋਏ ਹਨ ਉਸ ਸਮੇਂ ਦਾ ਜਿਕਰ ਕੀਤਾ ਜਾ ਰਿਹਾ ਹੈ। ਪਾਉਂਟਾ ਸਾਹਿਬ ਦੀ ਬਹੁਤ ਸੰਗਤ ਦੀਵਾਨ ਵਿਚ ਬੈਠੀ ਹੈ। ਬੜੇ ਪਿਆਰ ਦੇ ਨਾਲ ਇਹ ਆਉਂਦੇ ਹਨ ਜਿਥੇ ਵੀ ਦੀਵਾਨ ਹੋਵੇ। ਪਾਉਂਟਾ ਸਾਹਿਬ ਗੁਰੂ ਮਹਾਰਾਜ ਜੀ ਦਾ ਅਸਥਾਨ ਹੈ, ਬਖਸ਼ਿਸ਼ ਹੈ ਉਥੇ, ਇਨ੍ਹਾਂ ਸੰਗਤਾਂ ਦੇ ਦਰਸ਼ਨ ਕਰਕੇ ਹੀ ਮਨ ਸ਼ਾਂਤ ਹੋ ਜਾਂਦਾ ਹੈ ਕਿ ਇਹ ਗੁਰੂ ਦੀ ਨਗਰੀ ਤੋਂ ਜਿਥੇ ਗੁਰੂ ਮਹਾਰਾਜ ਜੀ ਨੇ ਜ਼ਿੰਦਗੀ ਦਾ ਕਾਫੀ ਵੱਡਾ ਹਿੱਸਾ, ਆਪਣੇ ਜੀਵਨ ਦਾ ਬਤੀਤ ਕੀਤਾ ਤੇ ਬਹੁਤ ਸਾਰੇ ਕੌਤਕ, ਬਹੁਤ ਸਾਰਾ ਸਾਹਿਤ ਉਥੇ ਬਣਿਆ ਤੇ ਨਾਲ ਇਕ ਯੁੱਧ ਵੀ ਆਪ ਨੇ ਉਸ ਥਾਂ ਕੀਤਾ ਜੋ ਅਕਾਰਨ ਹੀ ਲੜਨਾ

ਪਿਆ। ਗੁਰੂ ਦਸ਼ਮੇਸ਼ ਪਿਤਾ ਜੀ ਬਚਿਤ੍ਰ ਨਾਟਕ ਵਿਚ ਫੁਰਮਾਨ ਕਰਦੇ ਹਨ –

***ਫਤੇ ਚੰਦ ਕੋਪਾ ਤਬਿ ਰਾਜਾ।***
***ਲੋਹ ਪਰਾ ਹਮ ਸੋ ਬਿਨੁ ਕਾਜਾ।*** ***ਬਚਿਤ੍ਰ ਨਾਟਕ***

ਉਸ ਕਣ-ਕਣ ਪੱਵਿਤਰ ਹੋਏ ਧਾਮ ਤੋਂ ਦਰਸ਼ਨ ਕਰਨ ਵਾਸਤੇ ਜਾਂ ਐਉਂ ਸਮਝ ਲਓ ਕਿ ਦਰਸ਼ਨ ਦੇਣ ਵਾਸਤੇ ਸੰਗਤਾਂ ਇਥੇ ਆਉਂਦੀਆਂ ਹਨ।

ਉਸੇ ਥਾਂ ਦਾ ਜ਼ਿਕਰ ਹੈ ਕਿ ਗੁਰੂ ਮਹਾਰਾਜ ਜੀ ਪਾਉਂਟੇ ਸਾਹਿਬ ਰਹਿ ਰਹੇ ਸਨ। ਆਪ ਦੀ ਕੀਰਤੀ ਦੂਰ-ਦੂਰ ਤੱਕ ਫੈਲੀ ਹੋਈ ਸੀ। ਔਰੰਗਜੇਬ ਦਾ ਰਾਜ ਅਕਬਰ ਵਾਂਗੂ ਸਰਬ ਸਾਂਝਾ ਨਹੀਂ ਸੀ, ਅਕਬਰ ਹਰ ਧਾਮ, ਹਰ ਮਹਾਂਪੁਰਸ਼ ਦਾ ਸਤਿਕਾਰ ਕਰਦਾ ਸੀ। ਉਹ ਹਰਮਨ ਪਿਆਰਾ ਰਾਜਾ ਸੀ। ਇਸਦੇ ਵਿਪਰੀਤ ਔਰੰਗਜੇਬ ਦਾ ਰਾਜ ਮਜ਼ਹਬੀ ਤਅੱਸਬ ਉਤੇ ਅਧਾਰਤ ਸੀ। ਉਹ ਭਾਰਤਵਾਸੀਆਂ ਨੂੰ ਇਕੋ ਜਿਹਾ ਨਹੀਂ ਨਹੀਂ ਸਮਝਦਾ ਸੀ। ਮੁਸਲਮਾਨ ਪੀਰਾਂ ਨੂੰ ਜੋ ਵਹਿਦੀਅਤ ਦੇ ਅਧਾਰ ਤੇ ਸੱਤ ਦਾ ਸੰਦੇਸ਼ ਦਿੰਦੇ ਸਨ ਉਹਨਾਂ ਨੂੰ ਪਸੰਦ ਨਹੀਂ ਸੀ ਕਰਦਾ। ਸਰਮਦ ਵਰਗੇ ਆਰਫਾਂ ਸੂਫੀਆਂ ਨੂੰ ਉਹ ਕਤਲ ਕਰ ਚੁਕਿਆ ਸੀ। ਗੁਰੂ ਤੇਗ ਬਹਾਦਰ ਜੀ ਵੀ ਇਸ ਦੀ ਕੱਟੜਤਾ ਦਾ ਸ਼ਿਕਾਰ ਹੋ ਕੇ ਸਰਬ ਹਿੰਦ ਦੇ ਸਾਂਝੇ ਹਿਤਾਂ ਲਈ, ਤਿਲਕ ਜੰਞੂ ਦੀ ਰਾਖੀ ਲਈ ਆਪਣਾ ਬਲੀਦਾਨ ਦੇ ਚੁੱਕੇ ਸਨ ਔਰੰਗਜੇਬ ਨੇ ਇਹ ਤਅਹਈਆ (ਫੈਸਲਾ) ਕਰ ਲਿਆ ਸੀ ਕਿ ਹਿੰਦੋਸਤਾਨ ਨੂੰ ਉਸਨੇ ਇਸਲਾਮੀ ਰਾਜ ਬਣਾਉਣਾ ਹੈ। ਇਸ ਕਰਕੇ ਇੱਥੇ ਕਿਸੇ ਹੋਰ ਧਰਮ ਦਾ ਬੰਦਾ ਰਹਿਣਾ ਹੀ ਨਹੀਂ ਚਾਹੀਦਾ। ਲਾਲਚ ਨਾਲ, ਜ਼ੋਰ ਨਾਲ ਧੱਕੇ ਨਾਲ, ਮਾਰ ਕੇ, ਜਿਵੇਂ ਵੀ ਹੁੰਦਾ ਹੈ, ਦਹਿਸ਼ਤ ਦੇ ਕੇ ਇਕੋ ਧਰਮ ਦੇ ਵਿਚ ਸਾਰਿਆਂ ਨੂੰ ਕਰ ਦੇਣਾ ਹੈ। ਹਰ ਥਾਂ ਭਾਰਤ ਵਰਸ਼ ਵਿਚ ਧਰਮ ਤਬਦੀਲੀ ਹੋਣ ਲੱਗੀ। ਜ਼ਬਰਦਸਤੀ ਧਰਮ ਬਦਲਾਇਆ ਜਾ ਰਿਹਾ ਸੀ। ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਪਿਛੋਂ ਗੁਰੂ ਦਸ਼ਮੇਸ਼ ਪਿਤਾ ਜੀ ਨੇ ਸਿੱਖਾਂ ਨੂੰ ਅਣਖ ਨਾਲ ਜੀਉਣ ਦਾ ਸੰਦੇਸ਼ ਦਿਤਾ। ਸਿੱਖ ਸ਼ਸ਼ਤਰ ਰੱਖਣ ਲੱਗ ਗਏ। ਬਿਲਾਸਪੁਰ ਦੇ ਪਹਾੜੀ ਰਾਜਾ ਭੀਮ ਚੰਦ ਨੇ ਗੁਰੂ ਦਸ਼ਮੇਸ਼ ਪਿਤਾ ਜੀ ਨਾਲ ਵਿਵਾਦ ਸ਼ੁਰੂ ਕਰ ਲਿਆ। ਨਾਹਨ ਵਾਲੇ ਰਾਜੇ ਦੇ ਸੱਦੇ ਤੇ ਆਪ ਕੁਝ ਚਿਰ ਲਈ ਪਾਉਂਟਾ ਸਾਹਿਬ ਆ ਕੇ ਰਹਿਣ ਲੱਗੇ। ਔਰੰਗਜੇਬ ਨੇ ਪਹਾੜੀ ਰਾਜਿਆਂ ਨੂੰ ਗੁਰੂ ਸਾਹਿਬ ਦੀ ਚੜ੍ਹਦੀ ਕਲਾ ਵਾਲੀ ਸ਼ਕਤੀ ਨੂੰ ਰੋਕਣ ਲਈ ਗੁਪਤ ਹਦਾਇਤਾਂ ਦਿੱਤੀਆਂ।

ਗੁਰੂ ਦਸ਼ਮੇਸ਼ ਪਿਤਾ ਜੀ ਨੇ ਸ੍ਰੀ ਨਗਰ ਦੇ ਰਾਜਾ ਫਤ੍ਹੇ ਚੰਦ ਤੇ ਨਾਹਨ ਦੇ ਰਾਜਾ ਮੇਦਨੀ ਪ੍ਰਕਾਸ਼ ਦਾ ਪਰਸਪਰ ਪਿਆ ਹੋਇਆ ਵਿਰੋਧ ਹਟਾ ਕੇ ਮਿੱਤਰਤਾ ਕਰਾ ਦਿੱਤੀ। ਫਤ੍ਹੇ ਚੰਦ ਦੀ ਲੜਕੀ ਦੀ ਸ਼ਾਂਦੀ ਭੀਮ ਚੰਦ ਬਿਲਾਸਪੁਰ ਵਾਲੇ ਦੇ ਲੜਕੇ ਨਾਲ ਹੋਣੀ ਸੀ। ਗੁਰੂ ਮਹਾਰਾਜ ਜੀ ਨੇ ਉਸ ਸਮੇਂ ਦੇ ਸਿੱਕੇ ਦੇ ਮੁਤਾਬਿਕ ਸਵਾ ਲੱਖ ਰੁਪੈ ਦਾ ਤੰਬੋਲ ਭੇਜਿਆ ਜਿਸ ਵਿਚ ਸੋਨੇ ਦੇ ਗਹਿਣੇਆਂ, ਹੀਰੇ, ਸੋਨੇ ਦੇ ਬਰਤਨ, ਰੇਸ਼ਮੀ ਅਤੇ ਗਰਮ ਕੱਪੜੇ ਆਦਿ ਸ਼ਾਮਲ ਸਨ। ਇਸ ਤੰਬੋਲ ਦਾ ਮੁੱਲ ਉਸ ਸਮੇਂ ਦੇ ਸਵਾ ਲੱਖ ਰੁਪੈ ਦਾ ਸੀ।

***ਸਵਾ ਲਾਖ ਕੋ ਕਰਿ ਤੰਬੋਲ॥***
***ਬਸਤ੍ਰ ਅਜਾਇਬ ਜਿਨ ਬਹੁ ਮੋਲ।***
***ਨੰਦ ਚੰਦ ਸਭਿ ਤਯਾਰ ਕਰਾਇ।***
***ਸ੍ਰੀ ਸਤਿਗੁਰ ਕੋ ਦੀਨ ਦਿਖਾਇ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਰਾਜਾ ਭੀਮ ਚੰਦ ਸਭ ਤੋਂ ਸੋਹਣਾ, ਗੁਰੂ ਦਸ਼ਮੇਸ਼ ਜੀ ਵਲੋਂ ਭੇਜਿਆ ਤੰਬੋਲ ਵੇਖ ਕੇ ਜਲ ਬਲ ਗਿਆ, ਗੱਲ ਇਥੇ ਤੀਕਰ ਤੱਕ ਪਹੁੰਚੀ ਕਿ ਉਹ ਰਾਜਾ ਫਤ੍ਹੇ ਚੰਦ ਦੀ ਲੜਕੀ ਦਾ ਡੋਲਾ ਛੱਡ ਕੇ ਸ੍ਰੀ ਨਗਰ ਤੋਂ ਵਾਪਸ ਜਾਣ ਲਈ ਤਿਆਰ ਹੋ ਗਿਆ। ਬਹੁਤ ਸਾਰੇ ਰਾਜੇ ਉਸ ਦੇ ਨਾਲ ਸਨ। ਸਿੱਟਾ ਇਹ ਨਿਕਲਿਆ ਕਿ ਰਾਜਾ ਫਤ੍ਹੇ ਚੰਦ ਅਕਾਰਣ ਹੀ ਗੁਰੂ ਮਹਾਰਾਜ ਜੀ ਨਾਲ ਯੁੱਧ ਵਿਚ ਉਲਝ ਗਿਆ, ਪਹਾੜੀ ਰਾਜੇ ਨਾਲ ਰੱਲ ਗਏ। ਗੁਰੂ ਮਹਾਰਾਜ ਜੀ ਯੁੱਧ ਬਿਲਕੁਲ ਹੀ ਨਹੀਂ ਚਾਹੁੰਦੇ ਸਨ। ਗੁਰੂ ਮਹਾਰਾਜ ਜੀ ਦੀ ਸੈਨਾ ਵਿਚ 400 ਪਠਾਣ ਸਨ ਉਹ ਲਾਲਚ ਵਿਚ ਆ ਕੇ ਪਹਾੜੀਆਂ ਦੀ ਫੌਜਾਂ ਨਾਲ ਮਿਲ ਗਏ। ਇਸ ਯੁੱਧ ਦਾ ਕਾਰਣ ਕੇਵਲ ਭੀਮ ਚੰਦ ਬਿਲਾਸਪੁਰ ਦੇ ਰਾਜੇ ਦਾ ਅਹੰਕਾਰ ਭਰਿਆ ਵੈਰ ਸੀ, ਹੋਰ ਕੋਈ ਕਾਰਣ ਨਹੀਂ ਸੀ। ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਕਿ –

***ਫਤ੍ਹੇ ਚੰਦ ਕੋਪਾ ਤਬ ਰਾਜਾ***
***ਲੋਹ ਪਰਾ ਹਮ ਸਿਓਂ ਬਿਨ ਕਾਜਾ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਇਸ ਯੁੱਧ ਵਿਚ ਪਹਾੜੀ ਰਾਜਿਆਂ ਨੂੰ ਭਾਰੀ ਹਾਰ ਦਾ ਸਾਹਮਣਾ ਕਰਨਾ ਪਿਆ। ਯੁੱਧ ਤੋਂ ਪਹਿਲਾਂ ਜਦੋਂ ਆਪ ਪਾਉਂਟਾ ਸਾਹਿਬ ਰਿਹਾਇਸ਼ ਰਖਦੇ ਸਨ ਤਾਂ ਜਮਨਾ ਦੇ ਕੰਢੇ ਬਹੁਤ ਸਾਰਾ ਸਾਹਿਤ ਕਵੀਆਂ ਨੇ ਲਿਖਿਆ। ਉਸ ਸਮੇਂ ਸਾਰੇ ਭਾਰਤ ਵਰਸ਼ ਵਿਚੋਂ ਸੰਗਤਾਂ ਦਰਸ਼ਨ ਕਰਨ ਲਈ ਆਇਆ ਕਰਦੀਆਂ ਸਨ। ਉਸ ਸਮੇਂ ਗੁਰਮਤਿ ਦਾ ਸੰਦੇਸ਼ ਦੁਨੀਆਂ ਦੇ ਕੋਨੇ-ਕੋਨੇ ਵਿਚ ਪਹੁੰਚ ਚੁਕਿਆ ਸੀ। ਲੰਕਾ, ਅਫਗਾਨਿਸਤਾਨ, ਤਿੱਬਤ, ਆਸਾਮ ਆਦਿ ਤੋਂ ਸੰਗਤਾਂ ਆਇਆ ਕਰਦੀਆਂ ਸਨ।

ਅੱਜ ਇਕ ਸੰਗਤ ਮਹਾਰਾਜ ਜੀ ਦਾ ਪਤਾ ਕਰਕੇ ਪਾਉਂਟੇ ਸਾਹਿਬ ਦੇ ਰਸਤੇ ਜਾ ਰਹੀ ਹੈ ਤੇ ਜਾਂਦੇ-ਜਾਂਦੇ ਵਿਚਾਲੇ ਰਾਜ ਆਉਂਦਾ ਹੈ ਜਿਸ ਨੂੰ ਰਾਏਪੁਰ ਰਾਣੀ ਕਹਿੰਦੇ ਹਨ। ਉਹ ਰਾਣੀ ਗੁਰੂ ਮਹਾਰਾਜ ਜੀ ਨਾਲ ਬਹੁਤ ਪਿਆਰ ਕਰਦੀ ਸੀ, ਸਤਿਕਾਰ ਕਰਦੀ ਸੀ, ਅੰਦਰੋਂ ਸ਼ਰਧਾ ਰੱਖਦੀ ਸੀ। ਗੁਰੂ ਦਸਮੇਸ਼ ਪਿਤਾ ਦਾ ਧਿਆਨ ਹਿਰਦੇ ਵਿਚ ਧਾਰਨ ਕਰਕੇ ਭਜਨ-ਬੰਦਗੀ ਕਰਦੀ ਸੀ। ਉਸੇ ਰਾਜ ਦੇ ਅੰਦਰ ਰਾਏਪੁਰ ਰਾਣੀ ਪਾਸ ਇਕ ਛੋਟਾ ਜਿਹਾ ਜਥਾ ਜੰਗਲ ਵਿਚੋਂ ਲੰਘ ਰਿਹਾ ਸੀ ਜਿਸ ਵਿਚ ਦਸ ਬੀਬੀਆਂ, ਚਾਰ ਬੱਚੇ ਸਨ, ਦੋ ਪੁਰਸ਼ ਸਨ। ਇਨ੍ਹਾਂ ਦਾ ਕਾਫਲਾ ਤੁਰਿਆ ਜਾਂਦਾ ਸੀ। ਪਹਿਲੇ ਜ਼ਮਾਨਿਆਂ ਦੇ ਅੰਦਰ ਜੰਗਲ ਬੜੇ ਹੋਇਆ ਕਰਦੇ ਸਨ, ਵੱਡੇ-ਵੱਡੇ ਜੰਗਲ ਹੁੰਦੇ ਸਨ। ਜ਼ਮੀਨਾਂ ਵੀ ਬਹੁਤ ਹੁੰਦੀਆਂ ਤੇ

ਜੰਗਲ ਵੀ ਬਹੁਤ ਸਨ। ਰਾਏਪੁਰ ਦੇ ਨੇੜੇ ਹੀ ਇਸ ਜੰਗਲ ਵਿਚ ਇਕ ਡਾਕੂਆਂ ਦੇ ਟੋਲੇ ਨੇ ਉਨ੍ਹਾਂ ਤੇ ਆ ਕੇ ਹਮਲਾ ਕੀਤਾ ਤੇ ਜਿਸ ਵਕਤ ਬੀਬੀਆਂ ਨੇ ਦੁਹਾਈ ਮਚਾਈ ਕਿ ਕੋਈ ਹੈ ਜੋ ਸਾਡੀ ਰਾਖੀ ਕਰੇ। ਉਸ ਵੇਲੇ ਇਕ ਮਹਾਂਪੁਰਸ਼ ਬੀਤਰਾਗ ਅਵਸਥਾ ਦੇ, ਪੂਰਨ ਗੁਰਸਿੱਖੀ ਨੂੰ ਧਾਰਨ ਕੀਤਾ ਹੋਇਆ, ਗੁਰੂ ਦਾ ਰੂਪ ਹੋਏ-ਹੋਏ, ਅਭੇਦ ਅਵਸਥਾ ਦੇ ਗੁਰਸਿੱਖ ਜੋ ਸਮਾਧੀ ਵਿਚ ਲੀਨ ਸਨ, ਉਨ੍ਹਾਂ ਨੇ ਅਵਾਜ਼ਾਂ ਸੁਣੀਆਂ, ਅੱਖਾਂ ਖੋਲੀਆਂ ਤਾਂ ਧਿਆਨ ਨਾਲ ਸੁਣਿਆ ਕਿ ਕੋਈ ਮਦਦ ਲਈ ਪੁਕਾਰ ਰਿਹਾ ਹੈ ਤੇ ਫੇਰ ਸੁਣਿਆ ਕਿ ਕਿਸੇ ਨੇ ਗੁਰੂ ਦਾ ਵਾਸਤਾ ਦਿੱਤਾ ਹੈ ਕਿ ਗੁਰੂ ਦੇ ਵਾਸਤੇ ਸਾਡੀ ਕੋਈ ਮਦਦ ਕਰੋ। ਆਪ ਦੇ ਕੋਲ ਸ੍ਰੀ ਸਾਹਿਬ ਸੀ। ਉਸੇ ਸਮੇਂ ਆਪ ਨੇ ਨੰਗੇ ਪੈਰੀਂ ਜਾ ਕੇ ਡਾਕੂਆਂ ਨੂੰ ਲਲਕਾਰਿਆ ਤੇ ਯੁੱਧ ਕੀਤਾ। ਡਾਕੂ ਨੱਠ ਗਏ ਪਰ ਆਪ ਦੇ ਐਨੇ ਜ਼ਖਮ ਲੱਗੇ ਕਿ ਆਪ ਬੇਤਾਬ ਹੁੰਦੇ ਜਾਂਦੇ ਹਨ ਤੇ ਉਸੇ ਵੇਲੇ ਆਪ ਸ਼ਹਿਰ ਵੱਲ ਨੂੰ ਪੂਰੀ ਤਾਕਤ ਦੇ ਨਾਲ ਦੌੜੇ ਕਿ ਕਿਤੋਂ ਪਾਣੀ ਪੀਵਾਂ। ਪਾਣੀ ਦੀ ਪਿਆਸ ਬਹੁਤ ਲੱਗੀ ਹੋਈ ਹੈ, ਜ਼ਖਮਾਂ ਵਿਚੋਂ ਖੂਨ ਜਾ ਰਿਹਾ ਹੈ। ਜਦੋਂ ਅੱਗੇ ਗਏ ਤਾਂ ਆਪ ਨੇ ਦੇਖਿਆ ਕਿ ਇਕ ਜੋੜਾ, ਬੜੇ ਭਲੇ ਪੁਰਸ਼ ਲਗਦੇ ਹਨ ਦੇਖਣ ਨੂੰ ਤਾਂ ਬੜੀ ਸੋਧ ਦੇ ਨਾਲ ਜਲ ਲੈ ਕੇ ਜਾ ਰਹੇ ਹਨ। ਆਪ ਨੇ ਉਨ੍ਹਾਂ ਨੂੰ ਕਿਹਾ ਕਿ ਪਿਆਰਿਓ! ਮੈਨੂੰ ਜਲਦੀ ਪਾਣੀ ਪਿਲਾ ਦਿਓ, ਜਲਦੀ ਪਾਣੀ ਦਾ ਇਕ ਘੁਟ ਪਿਲਾ ਦਿਓ। ਉਨ੍ਹਾਂ ਨੇ ਕੋਈ ਧਿਆਨ ਨਹੀਂ ਦਿਤਾ।

ਕਹਿਣ ਲੱਗੇ, "ਕੀ ਗੱਲ ਤੁਹਾਨੂੰ ਮੇਰੀ ਬੇਨਤੀ ਨਹੀਂ ਸੁਣਦੀ? ਮੇਰੇ ਖੂਨ ਜਾ ਰਿਹਾ ਹੈ, ਤੁਸੀਂ ਜਲਦੀ ਮੈਨੂੰ ਪਾਣੀ ਦਾ ਇਕ ਘੁੱਟ ਪਿਲਾ ਦਿਓ। ਦੇਖੋ! ਪ੍ਰਮੇਸ਼ਰ ਦੇ ਵਾਸਤੇ।"

ਉਹ ਕਹਿਣ ਲੱਗੇ ਕਿ ਅਸੀਂ ਤਾਂ ਠਾਕਰਾਂ ਦਾ ਇਸ਼ਨਾਨ ਕਰਾਉਣਾ ਹੈ, ਉਸ ਤੋਂ ਬਾਅਦ ਭੋਗ ਲਵਾਉਣਾ ਹੈ। ਪਿਆਰਿਆ! ਇਥੇ ਇੰਤਜ਼ਾਰ ਕਰ, ਅਸੀਂ ਸਾਰਾ ਕੰਮ ਕਰਕੇ ਫੇਰ ਆਵਾਂਗੇ।

ਜ਼ਖਮੀ ਸਿੰਘ ਕਹਿਣ ਲੱਗੇ, "ਬੜਾ ਅਫਸੋਸ ਹੈ ਕਿ ਤੁਹਾਨੂੰ ਤਾਂ ਸਮਝ ਹੀ ਨਹੀਂ ਆਈ ਕਿ ਠਾਕੁਰ ਹੁੰਦਾ ਕੀ ਹੈ? ਇਹ ਕਿਹੜੇ ਚੱਕਰ ਦੇ ਵਿਚ ਪੈ ਗਏ ਪਿਆਰਿਓ! ਜੀਉਂਦੇ ਮਨੁੱਖ ਨੂੰ ਛੱਡ ਕੇ ਪੱਥਰਾਂ ਦਾ ਇਸ਼ਨਾਨ ਤੇ ਉਸ ਨੂੰ ਜਲ ਪਾਣੀ ਪਿਲਾਉਣ ਚੱਲੇ ਹੋ। ਉਸ ਨੂੰ ਤਾਂ ਪਿਆਸ ਹੀ ਨਹੀਂ ਹੈ। ਲਗਦਾ ਹੈ ਕਿ ਤੁਹਾਡੇ ਅੰਦਰ ਲੋਚਾ ਹੈ ਦਰਸ਼ਨਾਂ ਦੀ ਪਰ ਤੁਹਾਨੂੰ ਸਮਝ ਨਾ ਹੋਣ ਕਰਕੇ ਦਰਸ਼ਨ ਨਹੀਂ ਜੇ ਦੇਣ ਲੱਗਾ।"

ਬਚਨ ਹੋ ਗਿਆ ਗੁਰਸਿੱਖ ਦਾ, ਇਸ ਤਰ੍ਹਾਂ ਦੇ ਨਾਲ ਆਪ ਫੁਰਮਾਨ ਕਰਦੇ ਹਨ -

***ਧਾਰਨਾ - ਤੈਨੂੰ ਆਈ ਨਾ ਪਛਾਣ ਸੱਚੇ ਸਾਹਿਬ ਦੀ,***
***ਪੱਥਰਾਂ 'ਚ ਢੂੰਡਦਾ ਫਿਰੇਂ -2, 2.***
***ਮੇਰੇ ਪਿਆਰੇ, ਪੱਥਰਾਂ 'ਚ ਢੂੰਡਦਾ ਫਿਰੇ -2, 2.***
***ਤੈਨੂੰ ਆਈ ਨਾ ਪਛਾਣ ਸੱਚੇ ਸਾਹਿਬ ਦੀ -2***

ਆਹ! ਜਿਨ੍ਹਾਂ ਨੂੰ ਤੂੰ ਪਾਣੀ ਪਿਲਾਉਣਾ ਹੈ, ਜਾ ਕੇ ਇਸ਼ਨਾਨ ਕਰਵਾਉਣਾ ਹੈ ਉਹ ਤਾਂ ਜਾਨਦਾਰ ਨਹੀਂ ਹੈ। ਇਕ ਜੀਉਂਦੇ ਬੰਦੇ ਨੂੰ ਛੱਡ ਕੇ ਜਾ ਰਿਹਾ ਹੈਂ, ਕਿਵੇਂ ਤੈਨੂੰ ਪ੍ਰਮੇਸ਼ਰ ਮਿਲ ਜਾਏਗਾ? ਪ੍ਰਮੇਸ਼ਰ ਦਰਸ਼ਨ ਨਹੀਂ ਦੇਣ ਲੱਗਾ।

***ਕਹਾ ਭਯੋ ਜੋ ਅਤਿ ਹਿਤ ਚਿਤ ਕਰ ਬਹੁ ਬਿਧਿ ਸਿਲਾ ਪੁਜਾਈ।***
***ਪ੍ਰਾਨ ਥਕਿਓ ਪਾਹਿਨ ਕਹ ਪਰਸਤ ਕਛੁ ਕਰ ਸਿਧ ਨ ਆਈ।***
***ਅਛਤ ਧੂਪ ਦੀਪ ਅਪਰਤ ਹੈ ਪਾਹਨ ਕਛੂ ਨ ਖੈ ਹੈ।***
***ਤਾ ਮੈ ਕਹਾਂ ਸਿਧ ਹੈ ਰੇ ਜੜ ਤੋਹਿ ਕਛੂ ਬਰ ਦੈ ਹੈ।***
***ਜੋ ਜੀਅ ਹੋਤ ਤੌ ਦੇਤ ਕਛੂ ਤਹਿ, ਕਰ ਮਨ ਬਚ ਕਰਮ ਬਿਚਾਰ।***
***ਕੇਵਲ ਏਕ ਸਰਣਿ ਸੁਆਮੀ ਬਿਨ, ਯੌ ਨਹਿ ਕਤਹਿ ਉਧਾਰ।***
***(ਸ਼ਬਦ ਹਜ਼ਾਰੇ ਪਾਤਿਸ਼ਾਹੀ ੧੦)***

ਕਿਹੜੇ ਚੱਕਰ ਵਿਚ ਪੈ ਗਿਆ? ਮੈਂ ਪਾਣੀ-ਪਾਣੀ ਕਹਿੰਦਾ ਹਾਂ। ਮੈਨੂੰ ਪਾਣੀ ਦਾ ਘੁੱਟ ਪਿਲਾ ਦੇ। ਸਰੀਰ ਦਾ ਖੂਨ ਨੁਚੜ ਰਿਹਾ ਹੈ। ਵੱਡਾ ਫਟ ਲਹਿ ਗਿਆ ਹੈ।

ਉਹ ਕਹਿਣ ਲੱਗੇ ਕਿ ਦੇਖ ਗੁਰਸਿੱਖਾ! ਅਸੀਂ ਉਸ ਰਸਤੇ ਤੇ ਚੱਲੇ ਹੋਏ ਹਾਂ, ਜੋ ਰਸਤਾ ਸਾਨੂੰ ਦੱਸਿਆ ਹੋਇਆ ਹੈ। ਅਸੀਂ ਉਸੇ ਮਾਰਗ ਤੇ ਪੂਰੀ ਸ਼ਰਧਾ ਨਾਲ ਚਲ ਰਹੇ ਹਾਂ। ਜੇ ਤੈਨੂੰ ਇਹ ਸੁੱਚਾ ਜਲ ਪਿਲਾ ਦਿੱਤਾ ਤਾਂ ਠਾਕਰਾਂ ਨੂੰ ਭੋਗ ਲਗਾਉਣ ਲਈ ਇਹ ਜੂਠਾ ਹੋ ਜਾਏਗਾ। ਮਾਫ ਕਰਨਾ ਸਾਡੇ ਮਨ ਵਿਚ ਸ਼ੌਕ ਹੈ ਪ੍ਰਮੇਸ਼ਰ ਨੂੰ ਮਿਲਣ ਦਾ, ਤੂੰ ਨਰਾਜ਼ ਨਾ ਹੋ ਅਸੀਂ ਛੇਤੀ ਹੀ ਆਉਂਦੇ ਹਾਂ।

"ਓ ਪਿਆਰਿਆ! ਪ੍ਰਮੇਸ਼ਰ ਨੂੰ ਪਛਾਣ ਤਾਂ ਲੈ ਕਿਉਂ ਤੂੰ ਸਮਾਂ ਬਰਬਾਦ ਕਰ ਰਿਹਾ ਹੈਂ।" ਇਸ ਤਰ੍ਹਾਂ ਫੁਰਮਾਨ ਕਰਦੇ ਹਨ -

***ਧਾਰਨਾ - ਪ੍ਰਭ ਜੀ ਸਾਰਿਆਂ ਘਟਾਂ ਦੇ ਵਿਚ ਵਸਦੈ,***
***ਅੰਦਰੋਂ ਹੀ ਖੋਜ ਪਿਆਰਿਆ -2, 2.***
***ਅੰਦਰੋਂ ਹੀ ਜੀ, ਖੋਜ ਪਿਆਰਿਆ, -2, 2.***
***ਪ੍ਰਭ ਜੀ ਸਾਰਿਆਂ ਘਟਾਂ ਦੇ ਵਿਚ ਵਸਦੈ,-2.***

***ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ॥***
***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥***
***ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥***
***ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ॥***
***ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ॥***
***ਪੰਨਾ - 954***
***ਵਾਹੁ ਵਾਹੁ ਸਚੇ ਪਾਤਿਸ਼ਾਹ ਤੂ ਸਚੀ ਨਾਈ॥***
***ਪੰਨਾ - 947***

ਕਹਿਣ ਲੱਗੇ ਕਿ ਪਿਆਰਿਆ! ਜਿਸ ਨੂੰ ਤੂੰ ਪਾਣੀ ਨਾਲ ਨੁਹਾਉਣ ਲਈ ਜਲ ਲੈ ਕੇ ਜਾ ਰਿਹਾ ਹੈਂ, ਉਹੋ ਹੀ ਪਾਣੀ ਮੰਗ ਰਿਹਾ ਹੈ ਇਸ ਵੇਲੇ ਪਛਾਣ ਕਰ। ਪੱਥਰਾਂ ਵਿਚ ਕਿਉਂ ਢੂੰਡਦਾ ਹੈਂ ਉਹ ਤਾਂ ਹਰੇਕ ਦੇ ਅੰਦਰ ਬੋਲ ਰਿਹਾ ਹੈ।

***ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ॥***
***ਪੰਨਾ - 954***

***ਕਾਇਆ ਨਗਰੁ ਨਗਰ ਗੜ ਅੰਦਰਿ॥***
***ਸਾਚਾ ਵਾਸਾ ਪੁਰਿ ਗਗਨੰਦਰਿ॥***

*ਅਸਥਿਰੁ ਥਾਨੁ ਸਦਾ ਨਿਰਮਾਇਲੁ ਆਪੇ ਆਪੁ ਉਪਾਇਦਾ॥*
*ਅੰਦਰਿ ਕੋਟ ਛਜੇ ਹਟਨਾਲੇ॥*
*ਆਪੇ ਲੇਵੈ ਵਸਤੁ ਸਮਾਲੇ॥*
*ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ॥*
*ਭੀਤਰਿ ਕੋਟ ਗੁਫਾ ਘਰ ਜਾਈ॥*
*ਨਉ ਘਰ ਥਾਪੇ ਹੁਕਮਿ ਰਜਾਈ॥*
*ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ॥*
*ਪੰਨਾ - 1033*

ਉਹ ਵਾਹਿਗੁਰੂ ਤਾਂ ਅੰਦਰ ਰਹਿੰਦਾ ਹੈ ਜਿਸ ਨੂੰ ਤੂੰ ਮਿਲਣਾ ਹੈ, ਪਿਆਰਿਆ! ਕਿਉਂ ਟੱਕਰਾਂ ਮਾਰਦਾ ਹੈਂ, ਕਿਉਂ ਭਰਮ ਵਿਚ ਪਿਆ ਹੋਇਆ ਹੈਂ, ਉਹ ਤਾਂ ਸਭ ਅੰਦਰ ਹੀ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਵੀ ਦਰਬਾਰ ਵਿਚ ਭਾਈ ਨੰਦ ਲਾਲ ਜੀ ਆਪਣਾ ਕਲਾਮ ਸੁਣਾਉਂਦੇ ਹੋਏ।

ਗੁਰੂ ਬਿਨਾਂ ਉਸਦੇ ਦਰਸ਼ਨ ਨਹੀਂ ਹੋਣੇ, ਉਸ ਦੇ ਦਰ ਦੀ ਚਾਬੀ ਗੁਰੂ ਪਾਸ ਹੈ।

*ਦੇਹੀ ਨਗਰੀ ਊਤਮ ਥਾਨਾ॥*
*ਪੰਚ ਲੋਕ ਵਸਹਿ ਪਰਧਾਨਾ॥*
*ਊਪਰਿ ਏਕੰਕਾਰੁ ਨਿਰਾਲਮੁ ਸੁੰਨ ਸਮਾਧਿ ਲਗਾਇਆ॥*
*ਦੇਹੀ ਨਗਰੀ ਨਉ ਦਰਵਾਜੇ॥*
*ਸਿਰਿ ਸਿਰਿ ਕਰਣੈਹਾਰੈ ਸਾਜੇ॥*
*ਦਸਵੈ ਪੁਰਖੁ ਅਤੀਤੁ ਨਿਰਾਲਾ ਆਪੇ ਅਲਖੁ ਲਖਾਇਆ॥*
*ਪੰਨਾ - 1039*

ਜਿਸ ਨੂੰ ਤੂੰ ਪੂਜਦਾ ਫਿਰਦਾ ਹੈ, ਕਿਉਂ ਭੁਲੇਖਾ ਖਾ ਲਿਆ? ਕਿਸੇ ਪੂਰੇ ਮਹਾਂਪੁਰਸ਼ ਨੂੰ ਮਿਲਣਾ ਸੀ ਉਹ ਤੈਨੂੰ ਦਿਖਾ ਦਿੰਦਾ ਕਿ ਉਹ ਤਾਂ ਅੰਦਰ ਬੈਠਾ ਹੈ, ਨਿਹਾਲ ਬੈਠਾ ਹੈ -

*ਤਨ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ॥*
*ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਨਿਹਾਲਿ॥*
*ਪੰਨਾ - 1384*

*ਸਦਾ ਸਦਾ ਸਦਾ ਦਇਆਲ॥*
*ਸਿਮਰਿ ਸਿਮਰਿ ਨਾਨਕ ਭਏ ਨਿਹਾਲ॥ ਪੰਨਾ - 275*

"ਪਿਲਾ ਜਾ ਪਾਣੀ ਦਾ ਘੁੱਟ, ਐਨਾ ਕਠੋਰ ਕਿਉਂ ਹੋਇਆ ਹੈਂ?"

ਐਨਾ ਕਹਿ ਕੇ ਅਵਾਜ਼ ਬੰਦ ਹੋ ਗਈ। ਉਹ ਕਾਹਲੀ-ਕਾਹਲੀ ਤੁਰ ਪਏ ਕਿ ਛੇਤੀ -ਛੇਤੀ ਠਾਕਰਾਂ ਦਾ ਇਸ਼ਨਾਨ ਕਰਾਈਏ, ਆ ਕੇ ਇਸ ਨੂੰ ਪਾਣੀ ਜ਼ਰੂਰ ਪਿਲਾਉਣਾ ਹੈ। ਅੱਜ ਜੀਅ ਨਹੀਂ ਲਗਦਾ ਪੂਜਾ ਵਿਚ, ਹੱਥ ਥਿੜਕਦੇ ਹਨ, ਸਾਜ ਵੱਜਦਾ ਨਹੀਂ ਹੈ, ਆਰਤੀ ਉਤਾਰੀ ਨਹੀਂ ਜਾ ਰਹੀ। ਇਕੋ ਅਵਾਜ਼ ਕੰਨਾਂ ਵਿਚ ਪੈਂਦੀ ਹੈ - "ਦਰਸ਼ਨ ਨਹੀਂ ਜੇ ਦੇਣ ਲੱਗਾ।" "ਪਿਲਾ ਜਾ ਪਾਣੀ।"

ਛੇਤੀਂ ਛੇਤੀਂ ਪੂਜਾ ਕਰਨ ਤੋਂ ਬਾਅਦ ਦੋਵੇਂ ਜਣੇ ਕਾਹਲੀ-ਕਾਹਲੀ ਉਥੇ ਆਉਂਦੇ ਹਨ ਜਿਸ ਥਾਂ ਤੇ ਗੁਰਸਿੱਖ ਨੇ ਪਾਣੀ ਮੰਗਿਆ ਸੀ। ਅੱਗੇ ਕੀ ਦੇਖਦੇ ਹਨ ਕਿ ਖ਼ੂਨ ਵਗ-ਵਗ ਕੇ ਇਕ ਤਰ੍ਹਾਂ ਦਾ ਛੱਪੜ ਹੀ ਲੱਗਿਆ ਪਿਆ ਹੈ। ਹਰ ਅੰਗ ਦੇ ਵਿਚੋਂ ਜ਼ਖਮੀ ਹੋ ਕੇ ਖ਼ੂਨ ਚੱਲ ਰਿਹਾ ਹੈ ਤੇ ਬਹੁਤ ਸਾਰੇ ਪ੍ਰੇਮੀ ਉਥੇ ਖੜੇ ਹਨ ਤੇ ਸਾਰਿਆਂ ਦੇ ਨੇਤਰਾਂ ਵਿਚੋਂ ਜਲ ਜਾ ਰਿਹਾ ਹੈ ਕਿ ਦੇਖੋ! ਗੁਰਸਿੱਖ ਬੰਦਗੀ ਕਰਦਾ ਸੀ ਇਹ, ਉਨ੍ਹਾਂ ਨੂੰ ਬਚਾ ਦਿਤਾ। ਜਿਹੜੇ ਬਚਾਏ ਸਨ ਉਹ ਵੀ ਆਲੇ-ਦੁਆਲੇ ਖੜ੍ਹੇ ਹਨ। ਕਹਿੰਦੇ ਸਾਡੇ ਵਾਸਤੇ ਇਸ ਨੇ ਆਪਣੀ ਜਾਨ ਕੁਰਬਾਨ ਕਰ ਦਿੱਤੀ। ਇਹ ਗੁਰੂ ਦਾ ਪਿਆਰਾ, ਗੁਰੂ ਦੇ ਪਿਆਰ ਵਿਚ ਆਪਣੇ ਆਪ ਨੂੰ ਵਾਰ ਗਿਆ। ਨੇਤਰਾਂ 'ਚੋਂ ਜਲ ਸਾਂਭਿਆਂ ਨਹੀਂ ਜਾਂਦਾ, ਆਪ ਮੁਹਾਰੇ ਹੰਝੂ ਵਹਿ ਰਹੇ ਹਨ। ਕਹਿ ਰਹੇ ਹਨ ਕਿ ਹੇ ਸੱਚੇ ਪਾਤਿਸ਼ਾਹ! ਆਹ ਤੇਰਾ ਗੁਰਸਿੱਖ ਕੁਰਬਾਨ ਹੋ ਗਿਆ ਪਰ ਕਿਸੀ ਨੂੰ ਵੀ ਇਹ ਨਹੀਂ ਪਤਾ ਕਿ ਇਕ ਘੁਟ ਪਾਣੀ ਨੂੰ ਤਰਸਦਾ ਚਲਿਆ ਗਿਆ। ਰਾਏ ਪੁਰ ਦੀ ਰਾਣੀ ਨੂੰ ਪਤਾ ਲਗਦਾ ਹੈ। ਉਹ ਵੀ ਕਾਹਲੀ ਨਾਲ ਹਕੀਮਾਂ ਨੂੰ ਲੈ ਕੇ ਆਉਂਦੀ ਹੈ ਪਰ ਹਕੀਮਾਂ ਨੇ ਨਬਜ਼ਾਂ ਦੇਖ ਕਿਹਾ ਕਿ ਰਾਣੀ ਸਾਹਿਬਾ! ਇਹ ਤਾਂ ਇਸ ਵੇਲੇ ਸੱਚ ਖੰਡ ਪਧਾਰ ਚੁਕਿਆ ਹੈ।

ਪਾਣੀ ਨ ਪਿਲਾਉਣ ਵਾਲੇ ਪ੍ਰੇਮੀ ਬਹੁਤ ਪਛਤਾ ਰਹੇ ਹਨ। ਹੁਣ ਆਵਾਜ਼ ਆਉਂਦੀ ਹੈ ਉਨ੍ਹਾਂ ਦੇ ਕੰਨਾਂ ਵਿਚ ਕਿ 'ਠਾਕੁਰ ਦਰਸ਼ਨ ਨਹੀਂ ਜੇ ਦੇਣ ਲੱਗਾ' ਅਸੀਂ ਬੜਾ ਮਾੜਾ ਕੰਮ ਕਰਿਆ। ਐਡਾ ਪਰਉਪਕਾਰੀ ਗੁਰਸਿੱਖ, ਬ੍ਰਹਮਗਿਆਨ ਦੀ ਅਵਸਥਾ ਦਾ ਤੇ ਦੋ ਘੁਟ ਪਾਣੀ ਨਾ ਅਸੀਂ ਪਿਲਾ ਸਕੇ। ਅੰਦਰੋਂ ਜਮੀਰ ਦੀ ਆਵਾਜ਼ ਆਉਂਦੀ ਹੈ ਕਿ ਧ੍ਰਿਕਾਰ ਹੈ ਤੁਹਾਡੇ ਉਤੇ। ਕਿਹੜੇ ਰੱਬ ਨੂੰ ਤੁਸੀਂ ਭਾਲਦੇ ਫਿਰਦੇ ਹੋ, ਉਹ ਬਿਲਕੁਲ ਸਹੀ ਕਹਿੰਦਾ ਸੀ ਕਿ ਰੱਬ ਦਰਸ਼ਨ ਨਹੀਂ ਹੁਣ ਦਏਗਾ। "ਦਰਸ਼ਨ ਨਹੀਂ ਜੇ ਦੇਣ ਲੱਗਾ।" ਕੀ ਬਣਦਾ ਸੀ, ਹੁਣ ਸਮਾਂ ਬੀਤ ਗਿਆ। ਪ੍ਰਮੇਸ਼ਰ ਨੇ ਖੁਸ਼ ਹੋ ਜਾਣਾ ਸੀ

ਤੁਹਾਡੀ ਪੂਜਾ ਵਿਚ ਬਰਕਤ ਪੈਣੀ ਸੀ, ਤੁਹਾਡੇ ਪਿਆਰ ਨੂੰ ਫਲ ਲੱਗਣਾ ਸੀ ਪਰ ਤੁਸੀਂ ਤਾਂ ਬੜਾ ਉਲਟਾ ਕੰਮ ਕਰਿਆ। ਐਡਾ ਸਖਤ ਦਿਲ? ਨਾਲੇ ਰੱਬ ਨੂੰ ਮੰਨਣਾ ਤੇ ਨਾਲੇ ਸਖਤਦਿਲੀ ਕਰਨੀ। ਦੋ ਗੱਲਾਂ ਇਕੱਠੀਆਂ ਨਹੀਂ ਚਲਦੀਆਂ, ਇਕ ਘੁੱਟ ਪਾਣੀ ਦਾ ਨਾ ਪਿਲਾ ਸਕੇ। ਇਸ ਤਰ੍ਹਾਂ ਨਾਲ ਪੜ੍ਹ ਲਓ –

***ਧਾਰਨਾ – ਇਕ ਘੁੱਟ ਨਾ ਪਿਲਾਇਆ ਪਾਣੀ ਸਿਖ ਨੂੰ,***
***ਠਾਕੁਰ ਨਰਾਜ਼ ਕਰ ਲਿਆ –2, 2 .***
***ਪਿਆਰੇ ਜੀ, ਠਾਕੁਰ ਨਰਾਜ਼ ਕਰ ਲਿਆ –2, 2.***
***ਇਕ ਘੁੱਟ ਨਾ ਪਿਲਾਇਆ ਪਾਣੀ ਸਿਖ ਨੂੰ, ...–2.***

ਨਰਾਜ਼ ਕਰ ਲਿਆ ਸੱਚੇ ਠਾਕੁਰ ਨੂੰ ਕਿਉਂਕਿ ਉਸ ਦੇ ਪਿਆਰੇ ਨੂੰ ਇਕ ਘੁੱਟ ਪਾਣੀ ਨਾ ਪਿਲਾ ਸਕੇ।

***ਸੰਤਨ ਦੁਖ ਪਾਏ ਤੇ ਦੁਖੀ॥***
***ਸੁਖ ਪਾਏ ਸਾਧੁਨ ਕੇ ਸੁਖੀ॥***
***ਏਕ ਏਕ ਕੀ ਪੀਰ ਪਛਾਨੈਂ॥***
***ਘਟ ਘਟ ਕੇ ਪਟ ਪਟ ਕੀ ਜਾਨੈਂ॥***

***(ਚੌਪਈ ਪਾਤਸ਼ਾਹੀ ੧੦)***

ਪਾਣੀ ਨਾ ਪਿਲਾ ਸਕਿਆ ਤੂੰ? ਪ੍ਰਮੇਸ਼ਰ ਨੂੰ ਪਿਆਰ ਕਰਦਾ ਹੈਂ, ਪੂਜਾ ਕਰਦਾ ਹੈ, ਖੂਹ ਤੇ ਜਾ ਕੇ ਸੁੱਚਾ ਜਲ ਲਿਆਉਂਦਾ ਹੈਂ, ਤੇ ਜਦੋਂ ਪ੍ਰਮੇਸ਼ਰ ਪ੍ਰਸੰਨ ਹੋਣ ਲੱਗਿਆ ਉਸ ਵੇਲੇ ਜਵਾਬ ਦਿਤਾ ਕਿ ਮੈਂ ਤਾਂ ਨਹੀਂ ਪਾਣੀ ਪਿਲਾ ਸਕਦਾ। ਕਿੱਡੀ ਨਰਾਜ਼ਗੀ ਹੈ ਤੇ ਜੇ ਪਾਣੀ ਪਿਲਾ ਦੇਂਦੇ ਤਾਂ ਪੁੰਨ ਕਿੰਨਾ ਹੈ। ਦੋਹਾਂ ਦੀ ਜ਼ਮੀਰ ਫਟਕਾਰ ਰਹੀ ਹੈ।

***ਪੰਚ ਬਾਰ ਗੰਗ ਜਾਇ ਬਾਰ ਪੰਚ ਪ੍ਰਾਗ ਨਾਇ,***
***ਤੈਸਾ ਪੁੰਨ ਏਕ ਗੁਰਸਿਖ ਕਉ ਨਵਾਏ ਕਾ।***

***ਕਬਿੱਤ ਭਾਈ ਗੁਰਦਾਸ ਜੀ, 673***

ਪੁਰਾਣੇ ਜ਼ਮਾਨਿਆਂ ਵਿਚ ਗੁਰਸਿੱਖਾਂ ਦੇ ਅੰਦਰ ਇਹ ਰਹਿਤ ਪੱਕੀ ਤਰ੍ਹਾਂ ਸੀ। ਉਹ ਆਲਸ ਦਾ ਤਿਆਗ ਕਰਕੇ ਅੰਮ੍ਰਿਤ ਵੇਲਾ ਸੰਭਾਲਦੇ ਸਨ। ਦੋ ਵਜੇ ਉਠ ਕੇ ਖੂਹਾਂ ਤੇ ਚਲੇ ਜਾਣਾ। ਪਿੰਡ ਵਿਚ ਖੂਹ ਹੁੰਦੇ ਸਨ, ਭੌਣੀਆਂ (ਘਿਰਨੀਆਂ) ਲੱਗੀਆਂ ਹੁੰਦੀਆਂ ਤੇ ਉਥੇ ਨੌਜਵਾਨਾਂ ਨੇ ਆਪਣੇ ਲੱਕਾਂ ਨਾਲ ਲੱਜਾਂ ਬੰਨ੍ਹ ਲੈਣੀਆਂ ਤੇ ਨੱਠ ਨੱਠ ਕੇ ਪਾਣੀ ਕੱਢੀ ਜਾਣਾ ਤੇ ਇਸ਼ਨਾਨ ਕਰਨ ਵਾਲੇ ਵਾਰੀ–ਵਾਰੀ ਪਾਣੀ ਦੇ ਡੋਲ ਹੇਠਾਂ ਬੈਠ ਜਾਂਦੇ, ਉਤੇ ਡੋਲ ਪਾਣੀ ਪਾਈ ਜਾਂਦੇ ਤੇ ਉਹ ਅੰਦਰੋਂ ਅਸੀਸਾਂ ਦੇਈ ਜਾਂਦੇ ਸਨ ਕਿ ਵਾਹਿਗੁਰੂ ਤੇਰਾ ਭਲਾ ਕਰੇ, ਤੈਨੂੰ ਮਨ ਮੰਗੀਆਂ ਮੁਰਾਦਾਂ ਦੇਵੇ। ਸੇਵਾ ਕਰਦੇ ਸਨ। ਪੰਜ ਵਾਰ ਗੰਗਾ ਦੇ ਇਸ਼ਨਾਨ ਦਾ ਫਲ ਮਿਲਦਾ ਸੀ ਜੇ ਇਕ ਗੁਰਸਿੱਖ ਨੂੰ ਇਸ਼ਨਾਨ ਕਰਾਵੇ।

***ਸਿਖ ਕਉ ਪਿਲਾਇ ਪਾਨੀ ਭਾਉ ਕਰਿ ਕੁਰਖੇਤ***
***ਅਸ੍ਵਮੇਧ ਜਗ ਫਲ ਸਿਖ ਕਉ ਜਿਵਾਏ ਕਾ।***

***ਕਬਿੱਤ ਭਾਈ ਗੁਰਦਾਸ ਜੀ, 673***

ਕੁਰੂਕਸ਼ੇਤਰ ਤੇ ਦਾਨ ਕਰਨ ਦਾ ਜੋ ਫਲ ਪ੍ਰਾਪਤ ਹੁੰਦਾ ਹੈ, ਕੇਵਲ ਇਕ ਗੁਰਸਿਖ ਨੂੰ ਪਾਣੀ ਪਿਲਾਉਣ ਨਾਲ ਉਤਨਾ ਵੱਡਾ ਫਲ ਪ੍ਰਾਪਤ ਹੋ ਜਾਂਦਾ ਹੈ।

ਜਿਹੜਾ ਗੁਰਸਿੱਖ ਨੂੰ ਪ੍ਰਸ਼ਾਦਾ ਛਕਾ ਦਿੰਦਾ ਹੈ ਉਸ ਨੂੰ ਅਸ਼੍ਵਮੇਧ ਜੱਗ ਜਿੰਨਾ ਫਲ ਪ੍ਰਾਪਤ ਹੋ ਜਾਂਦਾ ਹੈ। ਅਸ਼੍ਵਮੇਧ ਯੱਗ ਸਿਰਫ ਰਾਜੇ ਹੀ ਕਰਿਆ ਕਰਦੇ ਸਨ, ਮਾੜੇ ਮੋਟਿਆਂ ਤੋਂ ਨਹੀਂ ਸੀ ਹੁੰਦਾ ਕਿਉਂਕਿ ਇਸ ਵਿਚ ਬਹੁਤ ਧੰਨ ਖਰਚ ਹੁੰਦਾ ਸੀ ਅਤੇ ਖੇਚਲ ਬਹੁਤ ਹੁੰਦੀ ਸੀ। ਬੜੀ ਮੁਸ਼ਕਲ ਨਾਲ ਯੱਗ ਸਫਲ ਹੁੰਦਾ ਸੀ।

ਜਿਸ ਵਕਤ ਮਹਾਂਭਾਰਤ ਦਾ ਯੁੱਧ ਖਤਮ ਹੋ ਗਿਆ। ਤਖਤ ਤੇ ਯੁਧਿਸ਼ਟਰ ਬੈਠ ਗਿਆ। ਭਾਰਤਵਰਸ਼ ਦਾ ਰਾਜ–ਭਾਗ ਸਾਰਾ ਇਨ੍ਹਾਂ ਕੋਲ ਆ ਗਿਆ ਤਾਂ ਅੰਦਰੋਂ ਜੀਅ ਨਹੀਂ ਲਗਦਾ, ਉਦਾਸੀ ਨੇ ਘੇਰ ਲਏ। ਬਥੇਰਾ ਕੁਝ ਹੈ ਕੋਲ, ਧਨ ਹੈ, ਦੌਲਤ ਹੈ, ਪਰ ਉਦਾਸੀ ਬੜੀ ਹੈ। ਹਉਕੇ ਆਉਂਦੇ ਹਨ ਕਿ ਐਵੇਂ ਯੁੱਧ ਹੋਇਆ। ਦੇਖੋ ਕਿੱਡੇ–ਕਿੱਡੇ ਯੋਧੇ ਅਠਾਰਾਂ ਦਿਨ ਦੇ ਅੰਦਰ ਪੰਤਾਲੀ ਲੱਖ ਬੰਦਾ ਮਰਿਆ ਸੀ, ਭਾਰਤ ਵਰਸ਼ ਛਿੱਦਾ ਪੈ ਗਿਆ। ਨੌਜਵਾਨ ਤਾਂ ਰਿਹਾ ਹੀ ਨਹੀਂ ਸੀ, ਵਰਣ ਸ਼ੰਕਰ ਔਲਾਦ ਹੋ ਗਈ ਸੀ।

ਉਸ ਵੇਲੇ ਉਦਾਸੀ ਵਿਚ ਕ੍ਰਿਸ਼ਨ ਮਹਾਰਾਜ ਜੀ ਕੋਲ ਗਏ, ਬੇਨਤੀ ਕੀਤੀ ਕਿ ਮਹਾਰਾਜ! ਚਿੱਤ ਉਦਾਸ ਹੈ, ਕੋਈ ਉਪਾਅ ਦੱਸੋ। ਕਿਵੇਂ ਪਸ਼ਚਾਤਾਪ ਅੰਦਰੋਂ ਨਿਕਲੇ। ਕ੍ਰਿਸ਼ਨ ਮਹਾਰਾਜ ਨੇ ਕਿਹਾ ਕਿ ਤੁਸੀਂ ਅਸ਼੍ਵਮੇਧ ਯੱਗ ਕਰੋ। ਸਾਰੇ ਭਾਰਤ ਵਰਸ਼ ਵਿਚ ਫਿਰਨ ਲਈ ਘੋੜਾ ਛੱਡਿਆ ਗਿਆ। ਘੋੜੇ ਦੇ ਪਿਛੇ ਚਾਰੇ ਪਾਂਡਵ – ਅਰਜਨ, ਭੀਮ, ਨਕੁਲ, ਸਹਿਦੇਵ ਸੂਰਮਿਆਂ ਸਮੇਤ ਰਾਖੀ ਕਰਨ ਲਈ ਸਨ। ਰਾਜਾ ਕੋਈ ਵੀ ਆਪਣੇ ਰਾਜ ਵਿਚੋਂ ਲੰਘਣ ਵਾਲੇ ਘੋੜੇ ਨੂੰ ਹੱਥ ਨਹੀਂ ਪਾਉਂਦਾ ਸੀ ਕਿਉਂਕਿ ਸਭ ਨੂੰ ਪਤਾ ਸੀ ਕਿ ਅਰਜਨ ਦੇ ਬਾਣ ਤੇ ਭੀਮ ਦੀ ਗਦਾ ਦਾ ਮੁਕਾਬਲਾ ਕਰਨ ਵਾਲਾ ਕੋਈ ਨਹੀਂ ਹੈ। ਚਲਦੇ–ਚਲਦੇ ਇਹ ਦੱਖਣ ਵਿਚ ਕੇਰਲਾ ਵਿਚ ਪਹੁੰਚ ਗਏ। ਉਥੇ ਇਕ ਬੜੇ ਹੀ ਪ੍ਰਤਾਪ ਵਾਲਾ, ਭਗਤੀ ਵਾਲਾ ਰਾਜਾ ਸੀ, ਉਸ ਦਾ ਨਾਂ ਸੀ ਚੰਦਰ ਹਾਂਸ। ਜਦੋਂ ਉਥੇ ਗਏ ਤਾਂ ਕ੍ਰਿਸ਼ਨ ਮਹਾਰਾਜ ਜੀ ਨਾਲ ਸਨ।

ਕ੍ਰਿਸ਼ਨ ਮਹਾਰਾਜ ਜੀ ਕਹਿਣ ਲੱਗੇ, "ਦੇਖੋ! ਹੋਰ ਥਾਂਵਾਂ ਤੇ ਤਾਂ ਤੁਹਾਡਾ ਘੋੜਾ ਕਿਸੇ ਨੇ ਫੜਿਆ ਨਹੀਂ ਪਰ ਇਹ ਪ੍ਰਭੂ ਪਿਆਰਾ ਭਗਤ ਹੈ ਤੇ ਮੈਨੂੰ ਹੱਦ ਤੋਂ ਜ਼ਿਆਦਾ ਪਿਆਰਾ ਹੈ। ਇਥੇ ਮੇਰਾ ਵੀ ਜ਼ੋਰ ਨਹੀਂ ਚਲਣਾ ਕਿਉਂਕਿ ਮੈਨੂੰ ਭਗਤ ਵਸ ਵਿਚ ਕਰ ਲੈਂਦੇ ਹਨ।"

***ਸਭੁ ਕੋ ਤੇਰੈ ਵਸਿ ਅਗਮ ਅਗੋਚਰਾ॥***
***ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ॥***

***ਪੰਨਾ – 962***

ਉਹ ਵੱਸ ਹੀ ਨਹੀਂ ਕਰਦੇ, ਸਗੋਂ ਬੰਨ੍ਹ ਲਿਆ ਕਰਦੇ ਹਨ –

***ਧਾਰਨਾ – ਰੱਬ ਵੱਸ ਭਗਤਾਂ ਨੇ ਕੀਤਾ,***
***ਪਾ ਕੇ ਤੇ ਪ੍ਰੇਮ ਡੋਰੀਆਂ –2, 2.***
***ਮੇਰੇ ਪਿਆਰੇ, ਪਾ ਕੇ ਤੇ ਪ੍ਰੇਮ ਡੋਰੀਆਂ–2, 2.***
***ਰੱਬ ਵੱਸ ਭਗਤਾਂ ਨੇ ਕੀਤਾ,.... –2.***

*ਸਭੁ ਕੋ ਤੇਰੈ ਵਸਿ ਅਗਮ ਅਗੋਚਰਾ॥*
*ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ॥*

*ਪੰਨਾ - 962*

ਕਹਿਣ ਲੱਗੇ, "ਅਰਜਨ! ਤੂੰ ਵੀ ਮੇਰਾ ਭਗਤ ਹੈਂ ਪਰ ਇਹ ਤੈਥੋਂ ਵੱਧ ਮੇਰਾ ਭਗਤ ਹੈ। ਮੈਂ ਇਸ ਦੇ ਸਾਮ੍ਹਣੇ ਕੋਈ ਜਵਾਬ ਨਹੀਂ ਦੇ ਸਕਦਾ।"

*ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ ਓਇ ਰਾਮ ਨਾਮ ਰੰਗਿ ਰਾਤੇ॥*
*ਤਿਨ ਕੀ ਸੋਭਾ ਸਭਨੀ ਥਾਈ ਜਿਨ ਪ੍ਰਭ ਕੇ ਚਰਣ ਪਰਾਤੇ॥*

*ਪੰਨਾ - 748*

ਕਹਿਣ ਲੱਗੇ, "ਇਸ ਦੇ ਅੱਗੇ ਮੈਂ ਕੁਝ ਨਹੀਂ ਕਰਨਾ ਤੇ ਇਹ ਐਨਾ ਵਲੀ ਹੈ, ਬ੍ਰਹਮਗਿਆਨੀ ਰਾਜਾ ਹੈ, ਰਾਜੇ ਜਨਕ ਵਾਂਗ ਕਿ ਇਸ ਨੂੰ ਤੂੰ ਜਿੱਤ ਨਹੀਂ ਸਕਦਾ। ਇਹ ਮੇਰੇ ਨਿਰਗੁਣ ਸਰੂਪ ਦਾ ਉਪਾਸ਼ਕ ਮੇਰਾ ਹੀ ਰੂਪ ਹੈ।"

ਕਹਿੰਦਾ, "ਮਹਾਰਾਜ! ਫੇਰ ਤਾਂ ਯੱਗ ਅਧੂਰਾ ਰਹਿ ਜਾਏਗਾ।"

ਭਗਵਾਨ ਕਹਿੰਦੇ, "ਨਹੀਂ! ਜਦੋਂ ਲੜਨ ਵਾਸਤੇ ਤੁਸੀਂ ਤਿਆਰ ਹੋਵੋਗੇ ਮੈਂ ਵਿਚ ਖੜ੍ਹ ਜਾਵਾਂਗਾ ਤੇ ਇਹ ਦੇਖ ਲਏਗਾ ਕਿ ਤੂੰ ਵੀ ਮੇਰਾ ਭਗਤ ਹੈਂ ਤੇ ਤੂੰ ਇਸ ਦੇ ਨਾਲ ਮਿੱਤਰਤਾ ਕਰ ਲਈਂ।" ਮੈਂ ਇਸ ਦਾ ਮੰਨ ਮਿੱਤਰਤਾ ਲਈ ਪ੍ਰੇਰ ਦਿੰਦਾ ਹਾਂ।

ਇਸੇ ਤਰ੍ਹਾਂ ਦੇ ਨਾਲ ਹੋਇਆ ਤੇ ਉਥੋਂ ਚੱਲ ਕੇ ਸਾਰੇ ਦੱਖਣ ਵਿਚ ਦੀ ਹੁੰਦੇ ਹੋਏ ਏਧਰ ਬਰਮਾ, ਤਿੱਬਤ, ਨੇਪਾਲ, ਤਾਸ਼ਕੰਦ ਆਦਿ ਮਾਤਹਿਤ ਕਰਕੇ ਯੱਗ ਕਰਨਾ ਸ਼ੁਰੂ ਕਰ ਦਿਤਾ। ਕਿੰਨਾ ਸਮਾਂ ਲੱਗਿਆ, ਕਿੰਨਾ ਖਰਚਾ ਹੋਇਆ, ਇਸ ਦਾ ਅੰਦਾਜਾ ਲਾਉਣਾ ਔਖਾ ਹੈ।

ਮੈਂ ਇਹ ਇਸ ਕਰਕੇ ਦਸਦਾ ਹਾਂ ਕਿ ਕਿੰਨਾ ਫਲ ਹੋਇਆ ਕਰਦਾ ਹੈ ਛੋਟੀ ਜਿਹੀ ਗੱਲ ਦਾ। ਇਸ ਤੇ ਵਿਸ਼ਵਾਸ ਲਿਆਓ ਤੁਸੀਂ। ਇਹ ਐਵੇਂ ਕੋਈ ਕਵਿਤਾਵਾਂ ਨਹੀਂ ਬਣਾਈਆਂ ਹੋਈਆਂ। ਇਹ ਦਰਗਾਹੀ ਬਾਤਾਂ ਹਨ ਸਾਰੀਆਂ।

ਸੋ ਉਹ ਯੱਗ ਕੀਤਾ ਤੇ ਉਸ ਦੇ ਵਿਚ ਕ੍ਰਿਸ਼ਨ ਮਹਾਰਾਜ ਜੀ ਨੇ ਕਿਹਾ ਕਿ ਮੈਂ ਅਤਿਥੀਆਂ ਦੇ ਚਰਨ ਧੋਵਾਂਗਾ ਤੇ ਜੂਠੀਆਂ ਪੱਤਲਾਂ ਚੁਕਾਂਗਾ। ਇਹੀ ਦੋ ਵੱਡੀਆਂ ਸੇਵਾਵਾਂ ਹੁੰਦੀਆਂ ਹਨ ਲੰਗਰ ਦੇ ਬਰਤਨ ਮਾਂਜਣੇ। ਜਿੰਨੇ ਕੋਈ ਲੰਗਰ ਦੇ ਬਰਤਨ ਮਾਂਜ ਕੇ ਸਫਾਈ ਕਰਦਾ ਹੈ ਓਨੀਂ ਹੀ ਉਸ ਦੇ ਅੰਦਰੋਂ ਮੈਲ ਖਤਮ ਹੁੰਦੀ ਤੁਰੀ ਜਾਂਦੀ ਹੈ, ਪਰਮੇਸ਼ਰ ਦਾ ਪਿਆਰ ਲੱਗ ਜਾਏਗਾ, ਵਾਹਿਗੁਰੂ ਖੁਸ਼ ਹੋ ਜਾਂਦਾ ਹੈ, ਵਾਹਿਗੁਰੂ ਆਪਣਾ ਪਿਆਰ ਬਖਸ਼ ਦਿੰਦਾ ਹੈ। ਆਪਣਾ ਲਾਇਆ ਪਿਆਰ ਨਹੀਂ ਲੱਗਿਆ ਕਰਦਾ -

*ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ॥*
*ਏਹੁ ਪਿਰਮ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ॥*

*ਪੰਨਾ - 1378*

ਉਸ ਦਾ ਪਿਆਰ ਐਡਾ ਉਚਾ ਹੈ ਕਿ ਉਸ ਦਾ ਮੁਕਾਬਲਾ ਕੋਈ ਨਹੀਂ ਕਰ ਸਕਦਾ। ਸੋ ਕਹਿਣ ਲੱਗੇ ਕਿ ਮੈਂ ਜੂਠੀਆਂ ਪੱਤਲਾਂ ਚੁਕਾਂਗਾ ਤੇ ਅਤਿਥੀਆਂ ਦੇ ਚਰਨ ਧੋਵਾਂਗਾ। ਯੱਗ ਕੀਤਾ ਗਿਆ, ਲੱਖਾਂ-ਕਰੋੜਾਂ ਰੁਪਿਆ ਖਰਚਿਆ ਗਿਆ। ਨਿਸ਼ਾਨੀ ਇਹ ਰੱਖੀ ਕਿ ਇਕ ਬਾਂਸ ਦੇ ਉਤੇ ਸੰਖ ਬੰਨ੍ਹ ਦਿਓ। ਜੇ ਉਹ ਜੋਰ ਨਾਲ ਵੱਜਿਆ ਤਾਂ ਸਮਝਾਂਗੇ ਕਿ ਯੱਗ ਸੰਪੂਰਨ ਹੋ ਗਿਆ ਹੈ।

ਪਹਿਲੇ ਸਮਿਆਂ ਵਿਚ ਅੰਮ੍ਰਿਤ ਵੇਲੇ ਉਠ ਕੇ ਨਾਮ ਜਪਣ ਵਾਲੇ ਅਖੰਡ ਪਾਠੀ ਹੋਇਆ ਕਰਦੇ ਸਨ, ਪੈਸਿਆਂ ਵਾਲੇ ਪਾਠੀ ਨਹੀਂ ਸੀ ਹੁੰਦੇ। ਅੱਜ-ਕੱਲ੍ਹ ਤਾਂ ਰੁਜ਼ਗਾਰ ਬਣਿਆ ਹੋਇਆ ਹੈ। ਆਹ ਧਮੋਟ ਵਿਚ ਜਦੋਂ ਮੈਂ ਛੋਟਾ ਸੀ ਇਹ ਗੱਲ ਨਹੀਂ ਸੀ ਹੁੰਦੀ, ਉਥੇ ਸਭ ਪ੍ਰੇਮੀ ਪਾਠੀ ਹੋਇਆ ਕਰਦੇ ਸਨ, ਇਕ ਵੀ ਬੰਦਾ ਉਦੋਂ ਪਾਠ ਕਰਨ ਦਾ ਪੈਸਾ ਨਹੀਂ ਸੀ ਲੈਂਦਾ। ਸਾਰੇ ਖੇਤੀਆਂ ਵੀ ਕਰਦੇ ਸਨ ਤੇ ਨਾਲ ਗੁਰੂ ਘਰ ਦੀ ਸੇਵਾ ਵੀ ਤਨੋਂ ਮਨੋਂ ਕਰਦੇ ਸਨ। ਆਪਣਾ ਵਿਗਾੜ ਲੈਂਦੇ ਸਨ ਪਰ ਗੁਰੂ ਦਾ ਨਹੀਂ ਸੀ ਵਿਗੜਨ ਦਿੰਦੇ। ਸੋ ਐਸੇ ਪਾਠੀ ਜੋ ਬੰਦਗੀ ਕਰਨ ਵਾਲੇ ਅੰਮ੍ਰਿਤ ਵੇਲੇ ਉਠ ਕੇ ਢਾਈ ਘੰਟੇ ਦੀ ਸਮਾਧੀ ਲਾਉਣ ਵਾਲੇ ਹੁੰਦੇ ਸਨ, ਉਹ ਪਾਠੀ ਜਦ ਪਾਠ ਕਰਦੇ ਸਨ ਤਾਂ ਨਾਰੀਅਲ ਰੱਖਿਆ ਕਰਦੇ ਸਨ। ਹੁਣ ਤਾਂ ਕਹਿੰਦੇ ਹਨ ਕਿ ਨਾਰੀਅਲ ਕਿਉਂ ਰੱਖਦੇ ਹੋ? ਹੁਣ ਤਾਂ ਗੱਲਾਂ ਹੀ ਹੋਰ ਹੋ ਗਈਆਂ। ਨਾਸਤਿਕਤਾ ਚੱਲ ਰਹੀ ਹੈ, ਪੁਰਾਣੀਆਂ ਰਹੁ-ਰੀਤਾਂ ਨੂੰ ਖਤਮ ਕਰ ਰਹੇ ਹਨ। ਨਾਰੀਅਲ ਅਰਦਾਸ ਕਰਕੇ ਰੱਖਿਆ ਜਾਂਦਾ ਸੀ ਕਿ ਸੱਚੇ ਪਾਤਸ਼ਾਹ! ਤੇਰਾ ਓਟ-ਆਸਰਾ ਲੈ ਕੇ ਅਸੀਂ ਬਾਣੀ ਦਾ ਅਖੰਡ ਜਾਪ ਕਰਨ ਲੱਗੇ ਹਾਂ ਤੇ ਤੂੰ ਬਰਕਤ ਪਾਈਂ ਕਿ ਪਾਠ ਸਫਲ ਹੋਵੇ ਤੇ ਨਿਰਵਿਘਨ ਸਮਾਪਤ ਹੋਵੇ। ਉਸ ਤੋਂ ਬਾਅਦ ਜੋ ਜਥੇਦਾਰ ਹੁੰਦਾ ਉਸ ਨੇ ਪਾਠ ਸਮੇਂ ਰੱਖਿਆ ਨਾਰੀਅਲ ਲੈ ਕੇ ਆਉਣਾ। ਪਹਿਲਾਂ ਨਾਰੀਅਲ ਰੱਖਣ ਵੇਲੇ ਸਾਰਿਆਂ ਦੇ ਸਾਹਮਣੇ ਇਸ ਨੂੰ ਖੜਕਾਇਆ ਜਾਂਦਾ ਸੀ। ਵਿਚਲਾ ਪਾਣੀ ਸੁਣਿਆ ਜਾਂਦਾ ਸੀ ਦੇਖਦੇ ਸਨ ਕਿ ਅੰਦਰ ਪਾਣੀ ਵੀ ਹੈ। ਪਾਠ ਦੀ ਸਮਾਪਤੀ ਪਿਛੋਂ ਜਦੋਂ ਨਾਰੀਅਲ ਭੰਨ ਕੇ ਵੇਖਦੇ ਸਨ ਤਾਂ ਜੇ ਵਿਚੋਂ ਸੁਆਹ ਨਿਕਲੇ ਤਾਂ ਸਮਝਿਆ ਜਾਂਦਾ ਸੀ ਕਿ ਅਖੰਡ ਪਾਠ ਨਿਰਵਿਘਨ ਸਮਾਪਤ ਹੋ ਗਿਆ। ਐਉਂ ਨਹੀਂ ਕਿ ਗੁਰੂ ਗ੍ਰੰਥ ਸਾਹਿਬ ਪੜ੍ਹ ਲਓ, ਨਾ ਭਾਈ! ਇਸ ਦੀ ਵਿਧੀ ਹੋਇਆ ਕਰਦੀ ਹੈ। ਜੇ ਵਿਧੀ ਨਾਲ ਕਰੋ ਤਾਂ ਕਾਰਜ ਰਾਸ ਹੁੰਦੇ ਹਨ। ਜਿਹੜਾ ਪਾਠ ਕਰਵਾ ਰਿਹਾ ਹੈ ਉਸ ਅੰਦਰ ਸ਼ਰਧਾ ਹੋਣੀ ਚਾਹੀਦੀ ਹੈ । ਇਹ ਬਹੁਤ ਲੰਮੀ ਬਾਤ ਹੈ ਹੁਣ ਸਮਾਂ ਨਹੀਂ ਜੋ ਮੈਂ ਇਸ ਪਾਸੇ ਜਾਵਾਂ।

ਸੋ ਨਿਸ਼ਾਨੀ ਰੱਖੀ ਗਈ ਕਿ ਬਾਂਸ ਦੇ ਨਾਲ ਇਕ ਸੰਖ ਬੰਨ੍ਹ ਦਿਓ। ਜਦੋਂ ਇਹ ਵੱਜੇਗਾ ਤੇ ਦੂਰ ਤੱਕ ਸੁਣੇਗਾ ਤਾਂ ਸਮਝ ਲਓ ਕਿ ਯੱਗ ਸੰਪੂਰਨ ਹੋ ਗਿਆ। ਪਾਂਡਵਾਂ ਨੇ ਯੱਗ ਦੀ ਸਮਾਪਤੀ ਉਪਰੰਤ ਸਾਰੇ ਰਿਸ਼ੀਆਂ-ਮੁਨੀਆਂ, ਪੰਡਤਾਂ ਨੂੰ ਭੋਜਨ ਛਕਾ ਦਿਤਾ ਪਰ ਸੰਖ ਨਾ ਬੋਲਿਆ, ਨੀਵੀਆਂ ਪਾ ਕੇ ਬਹਿ ਗਏ ਸਾਰੇ। ਕਹਿਣ ਲੱਗੇ ਕਿ ਦੇਖੋ! ਇਕੋ ਹੀ ਯੱਗ ਜ਼ਿੰਦਗੀ ਦੇ ਵਿਚ ਕਰਿਆ ਤੇ ਇਹੀ ਸਫਲ ਨਹੀਂ ਹੋਇਆ। ਕ੍ਰਿਸ਼ਨ ਮਹਾਰਾਜ ਜੀ ਕੋਲ ਆ ਗਏ ਕਿ ਮਹਾਰਾਜ! ਸਾਥੋਂ

ਭੁਲ ਕਿਥੇ ਹੋ ਗਈ, ਕਿਰਪਾ ਕਰਕੇ ਆਪ ਦੱਸੋ?

ਕ੍ਰਿਸ਼ਨ ਜੀ ਕਹਿਣ ਲੱਗੇ, "ਪਿਆਰਿਓ! ਤੁਸੀਂ ਕਿਸੇ ਅਭੇਦ ਅਵਸਥਾ ਦੇ ਮਹਾਂਪੁਰਸ਼ ਨੂੰ ਨਿਉਂਦਾ ਨਹੀਂ ਦੇ ਕੇ ਆਏ।"

ਸੂਚੀਆਂ ਪੜਤਾਲ ਕੀਤੀਆਂ ਗਈਆਂ। ਅਖੀਰ ਕਹਿਣ ਲੱਗੇ ਕਿ ਅਸੀਂ ਤਾਂ ਸਾਰਿਆਂ ਨੂੰ ਦੇ ਦਿਤੇ ਨਿਮੰਤ੍ਰਣ। ਜੇ ਅਸੀਂ ਕਿਸੇ ਨੂੰ ਭੁਲ ਗਏ ਤਾਂ ਤੁਸੀਂ ਦੱਸ ਦਿਓ।

ਭਗਵਾਨ ਕਹਿਣ ਲੱਗੇ, "ਇਸ ਵੇਲੇ ਸ਼੍ਰੋਮਣੀ ਭਗਤ ਜੋ ਹੈ ਉਹ ਬਾਲਮੀਕ ਹੈ।

ਦੋ ਬਾਲਮੀਕ ਹੋਏ ਹਨ। ਇਕ ਬ੍ਰਾਹਮਣ ਜਾਤੀ ਦਾ ਹੋਇਆ ਹੈ ਤ੍ਰੇਤੇ ਜੁਗ ਦੇ ਅੰਦਰ ਜਿਸ ਨੇ ਲਵ ਤੇ ਕੁਸ਼ ਦੀ ਪਾਲਣਾ ਕੀਤੀ ਸੀ। ਦੂਸਰਾ ਬਾਲਮੀਕ ਚੰਡਾਲ ਜਾਤੀ ਦਾ ਹੋਇਆ ਹੈ ਜਿਸ ਨੇ ਬੰਦਗੀ ਦੇ ਬਲ ਨਾਲ ਐਨੀ ਉਚੀ ਅਵਸਥਾ ਪ੍ਰਾਪਤ ਕਰ ਲਈ ਕਿ ਅੱਜ ਤੱਕ ਦੁਨੀਆਂ ਉਸ ਨੂੰ ਮੰਨਦੀ ਆਉਂਦੀ ਹੈ। ਜਿਸ ਬਾਰੇ ਬਾਣੀ ਵਿਚ ਭਗਤ ਰਵੀਦਾਸ ਜੀ ਦਾ ਫ਼ੁਰਮਾਨ ਹੈ –

***ਰੇ ਚਿਤ ਚੇਤਿ ਚੇਤ ਅਚੇਤ॥***
***ਕਾਹੇ ਨ ਬਾਲਮੀਕਹਿ ਦੇਖ॥***
***ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤਿ ਬਿਸੇਖ॥***

***ਪੰਨਾ – 1124***

ਸੋ ਕ੍ਰਿਸ਼ਨ ਮਹਾਰਾਜ ਜੀ ਕਹਿਣ ਲੱਗੇ ਕਿ ਇਸ ਵੇਲੇ ਜੇ ਕੋਈ ਸਭ ਤੋਂ ਸ੍ਰੋਮਣੀ ਭਗਤ ਹੈ ਤਾਂ ਉਹ ਬਾਲਮੀਕ ਹੈ ਜੋ ਪ੍ਰਮੇਸ਼ਰ ਦੀ ਦਰਗਾਹ ਵਿਚ ਪ੍ਰਵਾਨ ਹੋਇਆ ਹੋਇਆ ਹੈ। ਉਸ ਨੂੰ ਤੁਸੀਂ ਇਸ ਕਰਕੇ ਨਹੀਂ ਲਿਆਏ ਕਿ ਉਹ ਚੰਡਾਲ ਜਾਤੀ ਦਾ ਹੈ। ਜਾਓ! ਉਸ ਨੂੰ ਲੈ ਕੇ ਆਓ।

ਜਦੋਂ ਬਾਲਮੀਕ ਜੀ ਨੂੰ ਵਾਰੀ-ਵਾਰੀ ਪੰਜੇ ਪਾਂਡਵ ਲੈਣ ਵਾਸਤੇ ਗਏ ਤਾਂ ਉਨ੍ਹਾਂ ਨੇ ਇਕ ਸਵਾਲ ਰੱਖ ਦਿਤਾ ਕਿ ਮੈਂ ਤਾਂ ਹੀ ਜਾਵਾਂਗਾ ਜੇ ਇਕ ਜੱਗ ਦਾ ਫਲ ਮੈਨੂੰ ਦੱਵੋ। ਉਹ ਕਹਿਣ ਲੱਗੇ ਕਿ ਮਹਾਰਾਜ! ਸਾਡਾ ਤਾਂ ਅਜੇ ਪਹਿਲਾ ਜੱਗ ਹੀ ਸੰਪੂਰਨ ਨਹੀਂ ਹੋਇਆ। ਆਪ ਨੂੰ ਕਿਥੋਂ ਦੇਈਏ? ਵਾਰੀ-ਵਾਰੀ ਸਾਰੇ ਮੁੜ ਆਏ। ਉਸ ਤੋਂ ਬਾਅਦ ਕ੍ਰਿਸ਼ਨ ਮਹਾਰਾਜ ਜੀ ਨੇ ਦ੍ਰੋਪਤੀ ਨੂੰ ਭੇਜਿਆ ਤੇ ਜੁਗਤ ਸਮਝਾ ਦਿਤੀ। ਉਹ ਘਰ ਤੋਂ ਹੀ ਸ਼ਰਧਾ ਧਾਰ ਕੇ ਨੰਗੇ ਪੈਰੀ, ਬਹੁਤ ਭਾਵਨਾ ਦੇ ਨਾਲ ਤੁਰੀ ਜਾਂਦੀ ਹੈ, ਭੇਟਾ ਲਈ ਹੋਈ ਹੈ ਸੀਸ ਦੇ ਉਤੇ। ਜਾ ਕੇ ਮਹਾਂਪੁਰਸ਼ਾਂ ਦੇ ਚਰਨਾਂ ਵਿਚ ਭੇਟਾ ਧਰੀ ਤੇ ਉਸ ਤੋਂ ਬਾਅਦ ਬੇਨਤੀ ਕਰੀ ਕਿ ਮਹਾਂਪੁਰਸ਼ੋ! ਆਪ ਯੱਗ ਵਿਚ ਆ ਕੇ ਪ੍ਰਸ਼ਾਦ-ਪਾਣੀ ਛਕੋ, ਸਾਡਾ ਯੱਗ ਸੰਪੂਰਨ ਨਹੀਂ ਹੋਇਆ।

ਉਹ ਕਹਿਣ ਲੱਗੇ, "ਬੇਟਾ! ਮੇਰੀ ਜਾਤ ਛੋਟੀ ਹੈ।"

ਭਾਰਤ ਵਾਸੀਆਂ ਨੇ ਜਾਤਾਂ-ਪਾਤਾਂ ਤਾਂ ਬਾਅਦ ਵਿਚ ਬਣਾਈਆਂ। ਇਨਸਾਨ ਦੀ ਕੋਈ ਜਾਤ ਨਹੀਂ ਹੁੰਦੀ, ਇਨਸਾਨ ਇਕੋ ਹੈ ਪਰ ਬਣਾ ਦਿਤੀਆਂ ਗਈਆਂ ਸਨ। ਭਰਮ ਪੈ ਗਏ ਸਨ, ਬਹੁਤ ਭੁਲੇਖੇ ਪੈ ਗਏ ਸਨ। ਇਹ ਤਾਂ ਗੁਰੂ ਨਾਨਕ ਪਾਤਸ਼ਾਹ ਨੇ ਫ਼ੁਰਮਾਨ ਕੀਤਾ ਕਿ –

***ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥***
***ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥***

***ਪੰਨਾ – 15***

ਜਿਹੜਾ ਸਾਰਿਆਂ ਨਾਲੋਂ ਛੋਟਾ ਹੈ ਉਹ ਦੱਸੋ। ਕਹਿੰਦੇ, ਮੈਂ ਤਾਂ ਉਸ ਦੇ ਨਾਲ ਹਾਂ ਦਿਨ ਰਾਤ ਜਿਹੜੇ ਹੰਕਾਰੀ ਹਨ, ਜਾਤ ਦਾ ਅਭਿਮਾਨ ਹੈ ਉਨ੍ਹਾਂ ਨਾਲ ਸਾਡਾ ਕੀ ਸੰਬੰਧ?

ਸੋ ਬਾਲਮੀਕ ਜੀ ਨੇ ਸਵਾਲ ਰੱਖ ਦਿਤਾ ਕਿ ਇਕ ਯੱਗ ਦਾ ਫਲ ਮੈਨੂੰ ਦੇਵੋ। ਦ੍ਰੋਪਤੀ ਜੀ ਕਹਿਣ ਲੱਗੇ ਕਿ ਮਹਾਰਾਜ! ਠੀਕ ਹੈ ਆਪ ਕੋਲ ਮੈਂ ਸ਼ਰਧਾ ਧਾਰ ਕੇ ਆਈ ਹਾਂ, ਆਪ ਤ੍ਰਿਕਾਲਦਰਸ਼ੀ ਹੋ।

ਕਹਿੰਦੇ ਹਾਂ, ਬੀਬੀ! ਤੂੰ ਸ਼ਰਧਾ ਨਾਲ ਆਈ ਹੈਂ। ਤੇਰੇ ਵਿਚ ਕੋਈ ਮਾਣ ਨਹੀਂ ਹੈ, ਨਿਮਰਤਾ ਨਾਲ ਆਈ ਹੈ। ਤੇਰੀ ਯਾਤਰਾ ਪਰਵਾਨ ਹੈ।"

ਕਹਿਣ ਲੱਗੀ, "ਫੇਰ ਮਹਾਰਾਜ! ਸ਼ਾਸਤਰ ਇਹ ਕਹਿੰਦਾ ਹੈ ਕਿ ਜੇ ਸ਼ਰਧਾ ਧਾਰ ਕੇ ਬ੍ਰਹਮਗਿਆਨੀ ਮਹਾਂਪੁਰਸ਼ ਵੱਲ ਕੋਈ ਜਾਂਦਾ ਹੈ ਤਾਂ ਜਿੰਨੇ ਕਦਮ ਪੁੱਟਦਾ ਹੈ ਉਨੇ ਜੱਗਾਂ ਦਾ ਫਲ ਉਸ ਨੂੰ ਪ੍ਰਾਪਤ ਹੋ ਜਾਂਦਾ ਹੈ। ਹੁਣ ਤੁਸੀਂ ਜਾਂਦੇ ਹੋਏ ਗਿਣ ਲਿਓ, ਇਕ ਯੱਗ ਦਾ ਫਲ ਆਪਣੇ ਲਈ ਰੱਖ ਲਿਓ ਬਾਕੀ ਮੇਰੀ ਝੋਲੀ ਪਾ ਦਿਓ।"

ਉਸੇ ਵੇਲੇ ਨਾਲ ਚੱਲ ਪਏ। ਜਾ ਕੇ ਪ੍ਰਸ਼ਾਦਾ ਛਕਾਇਆ ਪਰ ਸੰਖ ਫੇਰ ਨਾ ਵੱਜਿਆ। ਕ੍ਰਿਸ਼ਨ ਮਹਾਰਾਜ ਜੀ ਨੂੰ ਫੇਰ ਬੇਨਤੀ ਕਰੀ। ਆਪ ਕਹਿਣ ਲੱਗੇ ਕਿ ਭਾਈ! ਕਿਸੇ ਨੇ ਤਰਕ ਕਰੀ ਹੈ ਬ੍ਰਹਮਗਿਆਨੀ ਮਹਾਂਪੁਰਸ਼ ਤੇ। ਸੰਤ ਤੇ ਤਰਕ ਕਰਨ ਨਾਲ ਛੇ ਕਲਾਂ ਵੈਰਾਗ ਦੀਆਂ ਨਸ਼ਟ ਹੋ ਜਾਇਆ ਕਰਦੀਆਂ ਹਨ ਤੇ ਅੰਦਰੋਂ ਨਾਸਤਿਕਤਾ, ਖੁਸ਼ਕੀ ਨਿਕਲ ਆਏਗੀ। ਨਾ ਬਾਣੀ ਪੜ੍ਹਨ ਨੂੰ ਜੀਅ ਕਰੇਗਾ, ਐਵੇਂ ਹੀ ਫੇਰ ਗੱਲਾਂ ਮਾਰਦਾ ਝੱਲਾ ਹੋਇਆ ਫਿਰਦਾ ਹੈ, ਝੱਖਾਂ ਮਾਰਦਾ ਫਿਰਦਾ ਹੈ।

ਉਸ ਵੇਲੇ ਦ੍ਰੋਪਤੀ ਕਹਿਣ ਲੱਗੀ ਕਿ ਮੈਨੂੰ ਤਰਕ ਹੋ ਗਈ ਕਿਉਂਕਿ ਮੈਂ ਛੱਤੀ ਪ੍ਰਕਾਰ ਦੇ ਭੋਜਨ ਬਣਾਏ ਸਨ ਤੇ ਇਨ੍ਹਾਂ ਨੇ ਛੱਕਣ ਵੇਲੇ ਸਾਰੇ ਛੱਤੀ ਪ੍ਰਕਾਰ ਦੇ ਭੋਜਨ ਮਿਲਾ ਕੇ ਇਕੱਠੇ ਕਰ ਲਏ ਤਾਂ ਮੇਰੇ ਮਨ ਵਿਚ ਆ ਗਿਆ ਕਿ ਛੋਟੀ ਜਾਤੀ ਦਾ ਹੋਣ ਕਰਕੇ ਇਸ ਨੂੰ ਪਤਾ ਨਹੀਂ ਕਿ ਵੱਖਰੇ-ਵੱਖਰੇ ਖਾਣੇ ਦਾ ਸੁਆਦ ਕਿਵੇਂ ਵੱਖਰਾ-ਵੱਖਰਾ ਲਈਦਾ ਹੈ।

ਫੇਰ ਬੇਨਤੀ ਕੀਤੀ ਗਈ। ਮਹਾਂਪੁਰਸ਼ਾਂ ਨੇ ਮੰਨ ਲਈ ਫੇਰ ਆ ਕੇ ਪ੍ਰਸ਼ਾਦਾ ਛਕਿਆ ਤੇ ਸੰਖ ਫੇਰ ਪੂਰੇ ਜ਼ੋਰ ਨਾਲ ਵੱਜਿਆ। ਫੇਰ ਉਨ੍ਹਾਂ ਨੂੰ ਬੇਨਤੀ ਕਰਕੇ ਦਰੋਪਤੀ ਨੇ ਪੁਛਿਆ ਕਿ ਮਹਾਰਾਜ! ਤੁਸੀਂ ਖਾਣਾ ਕਿਉਂ ਇਕੱਠਾ ਕਰ ਲਿਆ ਸੀ? ਜਦੋਂ ਛੱਤੀ ਪ੍ਰਕਾਰ ਦੇ ਭੋਜਨ ਸਨ। ਸਭ ਵੱਖਰਾ-ਵੱਖਰਾ ਸੁਆਦ ਸੀ।

ਉਹ ਕਹਿਣ ਲੱਗੇ, "ਬੇਟਾ! ਮਰਿਆਦਾ ਤੋਂ ਬਗੈਰ ਜੋ ਖਾਂਦਾ ਹੈ, ਉਹ ਪਾਪ ਖਾਂਦਾ ਹੈ। ਅੱਠ ਗ੍ਰਾਹੀਆਂ ਹੋਇਆ

ਕਰਦੀਆਂ ਹਨ ਸਾਧੂ ਦੀਆਂ, ਨੌਵੀਂ ਨਹੀਂ ਉਹ ਮੂੰਹ ਵਿਚ ਪਾਂਦਾ, ਅੱਠਾਂ ਤੇ ਹੀ ਬੱਸ ਕਰ ਦਏਗਾ।"

ਗ੍ਰਾਹੀ ਹੁੰਦੀ ਹੈ ਪੂਰੀ ਬੁਰਕੀ।

ਸੋ ਕਹਿਣ ਲੱਗੇ, "ਬਾਰਾਂ ਗ੍ਰਾਹੀਆਂ ਹੁੰਦੀਆਂ ਹਨ ਉਸ ਦੀਆਂ ਜੋ ਬਾਨ ਪ੍ਰਸਤ ਆਸ਼ਰਮ ਨੂੰ ਧਾਰਨ ਕਰਕੇ ਭਗਤੀ ਬੰਦਗੀ ਕਰਨ ਲੱਗਿਆ ਹੈ। ਸੋਲ੍ਹਾਂ ਗ੍ਰਾਹੀਆਂ ਹੋਇਆ ਕਰਦੀਆਂ ਹਨ ਗ੍ਰਿਹਸਤੀ ਦੀਆਂ ਤੇ ਚੌਵੀ ਗ੍ਰਾਹੀਆਂ ਹੁੰਦੀਆਂ ਹਨ ਬ੍ਰਹਮਚਾਰੀ ਦੀਆਂ। ਪੱਚੀ ਸਾਲ ਦੀ ਉਮਰ ਤੱਕ। ਇਸ ਤੋਂ ਵੱਧ ਜਿਹੜਾ ਖਾਣਾ ਹੈ ਉਹ ਸ਼ੁਧ ਨਹੀਂ ਹੋਇਆ ਕਰਦਾ। ਉਹ ਪਾਪ ਦਾ ਭਾਗੀ ਹੋਇਆ ਕਰਦਾ ਹੈ। ਸੋ ਬੇਟਾ ਮੈਂ ਅੱਠ ਗ੍ਰਾਹੀਆਂ ਛਕਣੀਆਂ ਸਨ ਤੇ ਮੈਂ ਭਗਵਾਨ ਨੂੰ ਭੋਗ ਲੁਆਉਂਣਾ ਸੀ।"

ਵਾਹਿਗੁਰੂ ਨੂੰ ਭੋਗ ਬ੍ਰਹਮਗਿਆਨੀਆਂ ਦਾ ਹੋਰ ਤਰ੍ਹਾਂ ਲਗਦਾ ਹੈ, ਸੰਸਾਰੀਆਂ ਦਾ ਹੋਰ ਤਰ੍ਹਾਂ ਲਗਦਾ ਹੈ। ਸੰਸਾਰੀ ਨੂੰ ਪ੍ਰਸ਼ਾਦ ਅੱਗੇ ਰੱਖ ਕੇ ਅਰਦਾਸ ਕਰਨੀ ਪੈਂਦੀ ਹੈ। ਉਸ ਚਿੰਨ੍ਹ ਨੂੰ ਜਿਸ ਤਰ੍ਹਾਂ ਕ੍ਰਿਪਾਨ ਅਸੀਂ ਫੇਰਦੇ ਹਾਂ। ਚਿੰਨ੍ਹ ਨੂੰ ਭੋਗ ਲਗਵਾ ਕੇ ਪ੍ਰਮੇਸ਼ਰ ਨੂੰ ਭੋਗ ਗਿਣਿਆ ਜਾਂਦਾ ਹੈ। ਜਿਹੜੇ ਮਹਾਂਪੁਰਸ਼ ਹੁੰਦੇ ਹਨ ਉਨ੍ਹਾਂ ਦੇ ਅੰਦਰ ਬਾਹਰ ਪ੍ਰਮੇਸ਼ਰ ਹੁੰਦਾ ਹੈ। ਉਨ੍ਹਾਂ ਦਾ ਜੋ ਮੂੰਹ ਹੈ ਉਹ ਗੁਰੂ ਦੀ ਗੋਲਕ ਹੁੰਦੀ ਹੈ। ਉਹ ਗੁਰੂ ਦਾ ਧਿਆਨ ਕਰਕੇ ਆਪਣੇ ਮੁਖ ਦੇ ਵਿਚ ਗ੍ਰਾਹੀ ਪਾਉਂਦੇ ਹਨ ਤੇ ਗੁਰੂ ਨੂੰ ਉਸੇ ਵੇਲੇ ਭੋਗ ਲੱਗ ਜਾਂਦਾ ਹੈ। ਸੋ ਕਹਿਣ ਲੱਗੇ ਕਿ ਮੈਂ ਭਗਵਾਨ ਨੂੰ ਭੋਗ ਲਗਵਾਉਣਾ ਸੀ, ਖਾਣੇ ਛੱਤੀ ਪ੍ਰਕਾਰ ਦੇ ਸਨ। ਪਤਾ ਨਹੀਂ ਉਸ ਨੂੰ ਦਹੀਂ ਚੰਗਾ ਲਗਦਾ ਸੀ ਜਾਂ ਮਿੱਠਾ ਚੰਗਾ ਲਗਦਾ ਸੀ ਜਾਂ ਮਿਰਚਾਂ ਵਾਲਾ ਜਾਂ ਖੱਟਾ। ਸੋ ਬੇਟਾ ਮੈਂ ਤਾਂ ਕਰਕੇ ਸਾਰੇ ਖਾਣੇ ਇਕੱਠੇ ਕਰੇ ਸਨ ਕਿ ਭਗਵਾਨ ਨੂੰ ਭੋਗ ਲੱਗ ਜਾਵੇ ਤੇ ਤੁਹਾਡਾ ਕਾਰਜ ਰਾਸ ਹੋ ਜਾਵੇ। ਇਸ ਕਰਕੇ ਮੈਂ ਸਾਰੇ ਖਾਣੇ ਇਕੱਠੇ ਕਰਕੇ ਭੋਗ ਲਗਵਾਇਆ।

ਸੋ ਮੈਂ ਇਹ ਬੇਨਤੀ ਕਰੀ ਹੈ ਕਿ ਇਕ ਜੱਗ ਕਰਨ ਵਾਸਤੇ ਕਿੰਨੀ ਮਿਹਨਤ ਤੇ ਕਿੰਨਾ ਖਰਚਾ ਕਰਨਾ ਪਿਆ ਤਾਂ ਪਾਡਵਾਂ ਦਾ ਇਕ ਜੱਗ ਸੰਪੂਰਨ ਹੋਇਆ। ਭਾਈ ਗੁਰਦਾਸ ਜੀ ਜਿਨ੍ਹਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਦੀ ਕੂੰਜੀ ਕਹਿੰਦੇ ਹਨ ਤੇ ਗੁਰੂ ਪੰਜਵੇਂ ਪਾਤਸ਼ਾਹ ਨੇ ਪੜ੍ਹ ਕੇ ਜਿਸ ਨੂੰ ਪ੍ਰਵਾਨਗੀ ਦਿਤੀ ਹੈ। ਆਪ ਫੁਰਮਾਨ ਕਰਦੇ ਹਨ ਕਿ –

***ਸਿਖ ਕਉ ਪਿਲਾਇ ਪਾਨੀ ਭਾਉ ਕਰਿ ਕੁਰਖੇਤ.........।***
***ਕਬਿੱਤ ਭਾਈ ਗੁਰਦਾਸ ਜੀ, 673***

ਕੁਰੂਕਸ਼ੇਤਰ ਦੇ ਦਾਨ ਦਾ ਜੋ ਫਲ ਹੁੰਦਾ ਹੈ ਉਹ ਇਕ ਸਿੱਖ ਨੂੰ ਕੇਵਲ ਪਾਣੀ ਪਿਲਾਉਣ ਨਾਲ ਹੀ ਪ੍ਰਾਪਤ ਹੋ ਜਾਇਆ ਕਰਦਾ ਹੈ।

***ਅਸੁਮੇਧ ਜਗ ਫਲ ਸਿਖ ਕਉ ਜਿਵਾਏ ਕਾ।***
***ਕਬਿੱਤ ਭਾਈ ਗੁਰਦਾਸ ਜੀ, 673***

ਬੰਦਗੀ ਕਰਨ ਵਾਲੇ ਬ੍ਰਹਮਗਿਆਨੀ ਮਹਾਂਪੁਰਸ਼ ਨੂੰ ਜੇ ਪ੍ਰਸ਼ਾਦਾ ਛਕਾ ਦਿਓ ਤਾਂ ਸਮਝ ਲਓ ਕਿ ਅਸ਼੍ਵਮੇਧ ਜੱਗ ਦਾ ਫਲ ਉਸੇ ਵੇਲੇ ਪ੍ਰਾਪਤ ਹੋ ਜਾਂਦਾ ਹੈ।

ਸੋ ਇਹ ਪ੍ਰੇਮੀ ਜਿਹੜੇ ਪੱਥਰਾਂ ਨੂੰ ਪੂਜਦੇ ਸਨ ਉਹਨਾਂ ਨੂੰ ਇਸ ਗੱਲ ਦੀ ਸਮਝ ਨਹੀਂ ਸੀ। ਸੋ ਪਾਣੀ ਨਾ ਪਿਲਾਇਆ ਤੇ ਨਾ ਪਿਲਾਉਣ ਕਰਕੇ ਉਹ ਗੁਰਮੁਖ ਪਿਆਰਾ ਸਰੀਰ ਛੱਡ ਗਿਆ। ਇਹਨਾਂ ਦੋਹਾਂ ਪ੍ਰੇਮੀਆਂ ਨੂੰ ਦਇਆ ਨਹੀਂ ਆਈ ਹਿਰਦੇ ਦੇ ਅੰਦਰ। ਪਹਿਲਾਂ ਪਾਣੀ ਉਸ ਗੁਰਸਿੱਖ ਨੂੰ ਪਿਲਾ ਦਿੰਦੇ। ਦੁਬਾਰਾ ਖੂਹ ਵਿਚੋਂ ਪਾਣੀ ਲੈ ਆਉਂਦੇ। ਕੀ ਸੀ ਇਸ ਵਿਚ? ਆਪਣੇ ਠਾਕਰਾਂ ਤੋਂ ਜਾ ਕੇ ਮਾਫੀ ਮੰਗ ਲੈਂਦੇ। ਸੋਝੀ ਨਹੀਂ ਸੀ, ਗਿਆਨ ਨਹੀਂ ਸੀ ਹਿਰਦੇ ਵਿਚ, ਕਰਮਕਾਂਡੀ ਸਨ। ਦਇਆ ਦਾ ਕਿੰਨਾ ਮਹਾਤਮ ਹੈ।

ਇੱਕ ਲੜਕੀ ਹੋਈ ਹੈ ਸੂਫੀ। ਉਸ ਦਾ ਨਾਮ ਰਾਵੀਆ ਸੀ। ਹਾਜੀਆਂ ਦਾ ਕਾਫਲਾ ਮੱਕੇ ਨੂੰ ਜਾ ਰਿਹਾ ਸੀ ਤੇ ਜਾਂਦੇ ਜਾਂਦੇ ਜਲ ਪਾਣੀ ਸਾਰਿਆਂ ਨੇ ਛਕਿਆ। ਉਸ ਤੋਂ ਬਾਅਦ ਸਾਰੇ ਤਿਆਰ ਹੋ ਕੇ ਚੱਲੇ, ਇਹ ਰਾਵੀਆਂ ਜਿਹੜੀ ਸੀ ਇਹ ਗੁਲਾਮ ਲੜਕੀ ਸੀ, ਮੁੱਲ ਖਰੀਦੀ ਸੀ, ਸੇਵਾ ਕਰਦੀ ਸੀ ਮਨੋ ਤਨੋ ਪਰ ਪ੍ਰਮੇਸ਼ਰ ਦੀ ਅਤਿ ਪਿਆਰੀ ਸੀ। ਜਦੋਂ ਸਾਰੇ ਚਲੇ ਗਏ ਤਾਂ ਇਸ ਨੇ ਦੇਖਿਆ ਕਿ ਇਕ ਕੁੱਤੀ ਖੂਹ ਦੇ ਦੁਆਲੇ ਗੇੜੇ ਕੱਢਦੀ ਹੈ, ਕਤੂਰੇ ਨਾਲ ਨੇ। ਗੋਡੇ ਲਾ ਲੈਂਦੀ ਹੈ ਖੂਹ ਦੀ ਮੌਣ ਤੇ ਹੇਠਾਂ ਨੂੰ ਗਰਦਨ ਕਰਕੇ ਕੋਸ਼ਿਸ਼ ਕਰਦੀ ਹੈ ਕਿ ਪਾਣੀ ਮੇਰੇ ਮੂੰਹ ਵਿਚ ਆ ਜਾਵੇ ਤੇ ਮੈਂ ਇਨ੍ਹਾਂ ਨੂੰ ਪਿਲਾ ਦੇਵਾਂ। ਇਹ ਵੇਖ ਕੇ ਰਾਵੀਆ ਦੇ ਮਨ ਵਿਚ ਦਇਆ ਆਈ ਤੇ ਨੇਤਰਾਂ ਵਿਚ ਜਲ ਆ ਗਿਆ ਕਿ ਹੈਂ! ਪਿਆਸੀ ਹੈ ਵਿਚਾਰੀ ਦੱਸ ਨਹੀਂ ਸਕਦੀ। ਰਾਵੀਆ ਕੋਲ ਵੀ ਲੱਜ ਡੋਲ ਕੋਈ ਨਹੀਂ ਸੀ ਤਾਂ ਇਸ ਨੇ ਉਸ ਵੇਲੇ ਕੱਪੜੇ ਪਾੜ ਕੇ ਰੱਸੀ ਵੱਟਣੀ ਸ਼ੁਰੂ ਕਰ ਦਿਤੀ, ਸਾਰੇ ਕੱਪੜੇ ਪਾੜ ਲਏ, ਇਕ ਰੱਖ ਕੇ ਜਦੋਂ ਖੂਹ ਵਿਚ ਲਟਕਾਇਆ ਤਾਂ ਪਾਣੀ ਤੱਕ ਪਹੁੰਚਿਆ ਨਾ। ਉਸ ਵੇਲੇ ਇਸ ਨੇ ਆਪਣੇ ਸਿਰ ਦੇ ਕੇਸਾਂ ਦੀ ਰੱਸੀ ਵੱਟੀ। ਉਹ ਪਾਣੀ ਤੱਕ ਪਹੁੰਚ ਗਈ। ਉਸ ਨੇ ਖੂਹ ਵਿੱਚ ਕੱਪੜਾ ਭਿਓਂ ਕੇ ਬਾਹਰ ਕੱਢ ਕੇ ਨਿਚੋੜ ਕੇ ਕਿਸੇ ਜੁਗਤ ਦੇ ਨਾਲ ਕਤੂਰਿਆਂ ਨੂੰ ਪਾਣੀ ਪਿਲਾਉਂਦੀ ਰਹੀ। ਉਸ ਕੁੱਤੀ ਤੇ ਕਤੂਰਿਆਂ ਨੇ ਪਾਣੀ ਪੀ ਕੇ ਉਪਰ ਦੇਖਿਆ ਜਿਵੇਂ ਕਹਿ ਰਹੇ ਹੋਣ ਕਿ ਹੇ ਵਾਹਿਗੁਰੂ! ਤੇਰਾ ਸ਼ੁਕਰ ਹੈ, ਤੂੰ ਪਾਣੀ ਤਾਂ ਦਿਤਾ।

ਹੁਣ ਇਸ ਦੇ ਕੋਲ ਕੋਈ ਕੱਪੜਾ ਨਹੀਂ ਸੀ। ਇਸ ਨੇ ਟਿੱਬਾ ਪੁਟਿਆ ਤੇ ਗਰਦਨ ਤੱਕ ਆਲੇ-ਦੁਆਲੇ ਰੇਤਾ ਪਾ ਲਿਆ ਤੇ ਉਥੇ ਹੀ ਬਹਿ ਗਈ। ਨਾ ਕੱਪੜਾ ਹੈ, ਨਾ ਕੋਈ ਕਾਫਲਾ ਹੈ, ਨਾ ਵਿਚਾਰੀ ਨੂੰ ਕੋਈ ਰੋਟੀ ਦੇਣ ਵਾਲਾ ਹੈ। ਉਥੇ ਬੈਠੀ ਹੈ। ਕਾਫਲਾ ਅੱਗੇ ਤੁਰ ਗਿਆ। ਹੱਜ ਦਾ ਮੌਕਾ ਆ ਗਿਆ। ਸਾਰੀ ਦੁਨੀਆਂ ਦੇ ਹਾਜੀ ਹੱਜ ਕਰਨ ਆ ਗਏ। ਇਬਰਾਹੀਮ ਉਨ੍ਹਾਂ ਦਾ ਸਭ ਤੋਂ ਵੱਡਾ ਜੱਥੇਦਾਰ ਸੀ ਉਸ ਵੇਲੇ ਦਾ ਮਾਨੀਯ ਬਜ਼ੁਰਗ।

ਉਹ ਕੀ ਦੇਖਦਾ ਹੈ ਕਿ ਕਾਅਬਾ ਨਜ਼ਰ ਹੀ ਨਹੀਂ ਆਉਂਦਾ। ਹਾਜ਼ੀ ਹੈਰਾਨ ਹੋ ਗਏ ਕਿ ਕਾਅਬਾ ਕਿੱਥੇ ਚਲਿਆ ਗਿਆ। ਉਸ ਵੇਲੇ ਦੁਆ ਕਰਦੇ ਹਨ ਕਿ ਹੇ ਅੱਲਾ ਤਾਲਾ! ਸਾਥੋਂ ਕੀ ਭੁੱਲ ਹੋ ਗਈ ਕਿ ਇਸ ਵੇਲੇ ਹਾਜੀਆਂ ਨੂੰ ਦਰਸ਼ਨ ਨਹੀਂ ਹੋ ਰਹੇ। ਅਸਮਾਨ ਦੇ ਅੰਦਰ ਗੜ ਗੜਾਹਟ ਹੋਈ, ਅਵਾਜ਼ ਆਈ ਕਿ ਹਾਜੀਓ! ਕਾਅਬਾ ਰਾਵੀਆ ਕੋਲ ਆਪਣਾ ਦਰਸ਼ਨ ਦੇਣ ਗਿਆ ਹੋਇਆ ਹੈ। ਕਹਿਣ ਲੱਗੇ ਕਿ ਕੌਣ ਹੈ ਰਾਵੀਆ? ਕਿੱਥੇ ਹੈ? ਕਹਿੰਦੇ, "ਇਥੋਂ ਸੱਠ ਕੋਹ ਤੇ ਹੈ। ਜਾਓ ਜੇ ਦਰਸ਼ਨ ਕਰਨੇ ਹਨ ਤਾਂ ਉਥੇ ਜਾ ਕੇ ਕਰ ਲਓ।"

ਕਹਿੰਦੇ ਨੇ ਕਿ -

***ਸਿਰ ਕੀ ਸੋਭਾ ਦੂਰ ਕਰ ਚੀਨੇ ਆਤਮ ਰਾਮ।***

ਵਾਹਿਗੁਰੂ ਦਾ ਧਿਆਨ ਕਰਿਆ -

***ਸਾਠ ਕੋਸ ਮੱਕਾ ਮਿਲਾ ਦੇਖ ਦਇਆ ਕੇ ਕਾਮ।***

ਸੱਠ ਕੋਹ ਅੱਗੇ ਆ ਕੇ ਮੱਕਾ ਮਿਲਿਆ। ਦਇਆ ਦਾ ਕਿੱਡਾ ਵੱਡਾ ਪਰਤਾਪ ਹੈ। ਸੋ ਪਾਣੀ ਪਿਲਾਉਣ ਦਾ ਹੀ ਕਿੰਨਾ ਵੱਡਾ ਫਲ ਹੈ। ਕੁਰੂਕਸ਼ੇਤਰ ਦਾ ਫਲ ਮਿਲਦਾ ਹੈ। ਜਿਹੜਾ ਅਸੀਂ ਪ੍ਰਸ਼ਾਦਾ ਦਿੰਦੇ ਹਾਂ ਲੰਗਰ ਦਾ ਗੁਰੂ ਨੂੰ ਘਰ ਪ੍ਰਤੀ, ਪਤਾ ਨਹੀਂ ਕਿਹੜੇ ਪ੍ਰਸ਼ਾਦੇ ਨੂੰ ਕੋਈ ਬ੍ਰਹਮਗਿਆਨੀ ਮਹਾਂਪੁਰਸ਼ ਆ ਕੇ ਛਕ ਲਵੇ। ਗੁਰੂ ਨਾਨਕ ਸਾਹਿਬ ਆਉਂਦੇ ਹਨ ਹਰੇਕ ਦੇ ਲੰਗਰ ਵਿਚ ਚੌਵੀ ਘੰਟੇ ਵਿਚ ਜਿੰਨੇ ਵੀ ਲੰਗਰ ਚਲਦੇ ਹਨ। ਜਿਸ ਦਾ ਲੰਗਰ ਸ਼ੁੱਧ ਹੋਏਗਾ, ਮਰਿਆਦਾ ਨਾਲ ਹੋਏਗਾ ਉਸ ਦੇ ਵਿਚ ਬਰਕਤਾਂ ਹੀ ਬਰਕਤਾਂ ਹੋਣਗੀਆਂ। ਜਿਥੇ ਲੰਗਰ ਵਿਚ ਕਾਣੀ ਵੰਡ ਹੋਏਗੀ, ਉਥੇ ਬਰਕਤਾਂ ਨਹੀ ਰਹਿੰਦੀਆਂ, ਉਹ ਲੰਗਰ ਫੇਲ੍ਹ ਹੋ ਜਾਇਆ ਕਰਦਾ ਹੈ। ਆਹ ਕਮੇਟੀਆਂ ਦੇ ਦੇਖੇ ਨੇ ਕਿਤੇ ਲੰਗਰ ਚਲਦੇ? ਸੰਤਾਂ ਦੇ ਆਸ਼ਰਮਾਂ ਵਿਚ ਦਿਨ ਰਾਤ ਗੁਰੂ ਕੇ ਲੰਗਰ ਚਲਦੇ ਹਨ ਕਿਉਂਕਿ ਸੰਤ ਸ਼ਰਧਾ ਵਿਚ ਰਹਿੰਦੇ ਹਨ ਅਤੇ ਨਿਸ਼ਚਾ ਰਖਦੇ ਹਨ ਕਿ ਗੁਰੂ ਨਾਨਕ ਦਾ ਲੰਗਰ ਚਲਾ ਰਹੇ ਹਾਂ।

ਜਦੋਂ ਸਾਡੇ ਰਤਵਾੜਾ ਸਾਹਿਬ ਲੰਗਰ ਚਲਿਆ ਤਾਂ ਸ੍ਰੀ ਮਾਨ ਜੀ ਕਰਨੈਲ ਸਿੰਘ ਕਹਿੰਦੇ ਸਾਨੂੰ ਕੀ ਹੁਕਮ ਹੈ? ਮੈਂ ਕਿਹਾ ਕਿ ਆਪਾਂ ਨੂੰ ਹੁਕਮ ਹੈ ਕਿ ਚੁੱਲ੍ਹਾ ਸਾਫ ਕਰ ਲਓ, ਲਿਪ ਲਓ, ਬਰਤਨ ਧੋ ਕੇ ਖੜ ਜਾਓ। ਜਿਸ ਨੇ ਸਾਰਿਆਂ ਨੂੰ ਰਿਜ਼ਕ ਦੇਣਾ ਹੈ ਉਹ ਪ੍ਰੇਰਨਾ ਕਰਕੇ ਭਿਜਵਾ ਦੇਵੇਗਾ। ਜਿਨ੍ਹਾਂ ਨੇ ਆਪਣੀ ਪ੍ਰਾਲਬਧ ਅਨੁਸਾਰ ਛਕਣਾ ਹੈ ਉਨ੍ਹਾਂ ਨੂੰ ਪ੍ਰੇਰ ਕੇ ਲੰਗਰ ਛੱਕਣ ਲਈ ਭੇਜ ਦਏਗਾ, ਆਪਣਾ ਤਾਂ ਵਿਚਾਲੇ ਕੰਮ ਹੀ ਕੋਈ ਨਹੀਂ ਹੈ। ਅਸੀਂ ਕਿਉਂ ਚਿੰਤਾ ਕਰੀਏ? ਚਿੰਤਾ ਤਾਂ ਗੁਰੂ ਨੂੰ ਹੈ ਜਿਸ ਦਾ ਲੰਗਰ ਚੱਲ ਰਿਹਾ ਹੈ। ਕਿਸੇ ਸੰਤ ਦਾ ਲੰਗਰ ਵੀ ਸੁਣਿਆ ਹੈ ਕਦੇ? ਗੁਰੂ ਕਾ ਲੰਗਰ ਹੁੰਦਾ ਹੈ।

ਸੋ ਇਸ ਤਰ੍ਹਾਂ ਛੋਟੇ ਛੋਟੇ ਕਰਮ ਹੁੰਦੇ ਹਨ ਫਲ ਬੜਾ ਵੱਡਾ ਹੁੰਦਾ ਹੈ।

ਸੋ ਹੁਣ ਉਹਨਾਂ ਰਾਏਪੁਰ ਦੇ ਦੋਹਾਂ ਪ੍ਰੇਮੀਆਂ ਨੂੰ ਰਸ ਨਹੀਂ ਆਉਂਦਾ ਪੂਜਾ ਵਿਚ। ਇਕੋ ਆਵਾਜ਼ ਆਈ ਜਾ ਰਹੀ ਹੈ, ਨਾ ਹੀ ਉਸ ਗੁਰਸਿਖ ਦੀ ਸ਼ਕਲ ਭੁਲਦੀ ਹੈ। ਉਸ ਨੇ ਜਿਹੜਾ ਬਚਨ ਕਰ ਦਿਤਾ ਦਰਸ਼ਨ ਨਹੀਂ ਜੇ ਦੇਣ ਲੱਗਾ। ਜਦੋਂ ਉਹ ਤਬੂੰਰਾ ਵਜਾਉਂਦੇ ਹਨ ਤਾਂ ਵੀ ਉਸ ਦੇ ਵਿਚੋਂ ਓਹੀ ਅਵਾਜ਼ ਨਿਕਲਦੀ ਹੈ, ਬਿਰਤੀ ਇਕਾਗਰ ਕਰਕੇ ਬੈਠਦੇ ਹਨ ਤਾਂ ਵੀ ਇਹੀ ਆਵਾਜ਼ ਆਉਂਦੀ ਹੈ। ਹੁਣ ਕੁਝ ਨਹੀਂ ਬਣ ਰਿਹਾ ਤੇ ਉਨ੍ਹਾਂ ਨੇ ਸੁਣਿਆ ਕਿ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜਿਨ੍ਹਾਂ ਦਾ ਉਹ ਗੁਰਸਿੱਖ ਸੀ ਉਹ ਪਾਉਂਟਾ ਸਾਹਿਬ ਤੋਂ ਅਨੰਦਪੁਰ ਸਾਹਿਬ ਨੂੰ ਜਾ ਰਹੇ ਹਨ ਤੇ ਮਨ ਵਿਚ ਲਾਲਸਾ ਹੋਈ ਕਿ ਹੁਣ ਅਸੀਂ ਕਤਾਰ ਵਿਚ ਖੜ੍ਹੇ ਹੋ ਜਾਵਾਂਗੇ, ਸੜਕਾਂ ਦੇ ਆਲੇ ਦੁਆਲੇ ਅਤੇ ਦਰਸ਼ਨ ਕਰ ਲਵਾਂਗੇ। ਗੁਰੂ ਦਸ਼ਮੇਸ਼ ਪਿਤਾ ਦੀਆਂ ਫੌਜਾਂ ਲੰਘ ਰਹੀਆਂ ਹਨ ਡੇਰਾ ਲੰਘ ਰਿਹਾ ਹੈ। ਰਾਏ ਦੀ ਰਾਣੀ ਬਹੁਤ ਸ਼ਰਧਾ ਦੇ ਨਾਲ ਸੁਆਗਤ ਕਰ ਰਹੀ ਹੈ। ਸਭ ਖੜ੍ਹੇ ਹਨ ਤੇ ਗੁਰੂ ਮਹਾਰਾਜ ਜੀ ਰਾਣੀ ਨੂੰ ਦਰਸ਼ਨ ਦੇਣ ਤੋਂ ਬਾਅਦ ਇਕ ਦਮ ਰਸਤੇ 'ਚੋਂ ਬਾਹਰ ਨਿਕਲ ਗਏ। ਸਾਰੇ ਸਿੰਘ ਸੜਕ ਤੋਂ ਲੰਘ ਗਏ ਪਰ ਆਪ ਹੋਰ ਪਾਸੇ ਦੀ ਹੋ ਕੇ ਡੇਰੇ ਚਲੇ ਗਏ ਜਿਸ ਥਾਂ ਤੇ ਡੇਰਾ ਲੱਗਿਆ ਹੋਇਆ ਸੀ। ਇਹ ਦੋਨੋਂ ਪ੍ਰੇਮੀ ਉਥੇ ਸਾਰਿਆਂ ਨੂੰ ਪੁਛਦੇ ਹਨ ਗੁਰੂ ਸਾਹਿਬ ਦੇਖੇ ਹਨ? ਉਹ ਕਹਿੰਦੇ ਪਤਾ ਨਹੀਂ ਕਿਸ ਨੇ ਦਰਸ਼ਨਾਂ ਵਿਚ ਕੋਈ ਭੰਗਣਾ ਪਾ ਦਿਤੀ। ਕਿਸੇ ਮਾੜੇ ਬੰਦੇ ਨੇ ਕੋਈ ਐਸਾ ਮਾੜਾ ਕੰਮ ਕਰਿਆ ਹੈ ਕਿ ਬਾਕੀਆਂ ਨੂੰ ਵੀ ਗੁਰੂ ਕੇ ਦਰਸ਼ਨ ਨਹੀਂ ਹੋਏ, ਉਸ ਨੂੰ ਤਾਂ ਹੋਣੇ ਹੀ ਕੀ ਸਨ। ਮੱਥਾ ਠਣਕ ਗਿਆ ਕਿ ਉਹ ਤਾਂ ਅਸੀਂ ਹੀ ਹਾਂ। ਜੇ ਨਹੀਂ ਹੋਏ ਤਾਂ ਸਾਡੀ ਬਦੌਲਤ ਦਰਸ਼ਨ ਨਹੀਂ ਹੋਏ ਕਿਉਂਕਿ ਉਹ ਕਹਿ ਗਿਆ ਸੀ ਕਿ ਇਹ ਗੁਰੂ ਜੀਉਂਦੇ ਠਾਕੁਰ ਨੇ। ਅਸੀਂ ਭੁਲੇਖੇ ਵਿਚ ਰਹਿ ਗਏ। ਜਦੋਂ ਗੁਰੂ ਮਹਾਰਾਜ ਜੀ ਦੇ ਡੇਰੇ ਵੱਲ ਗਏ ਤਾਂ ਸਿੰਘਾਂ ਨੇ ਰੋਕ ਦਿਤਾ ਕਿ ਅੱਗੇ ਨਹੀਂ ਜਾਣਾ। ਦਰਸ਼ਨ ਹੋ ਹੀ ਨਾ ਸਕੇ। ਇਹਨਾਂ ਨੂੰ ਪੱਕਾ ਪਤਾ ਲੱਗ ਗਿਆ ਕਿ ਆਹੀ ਠਾਕੁਰ ਹੈ ਤੇ ਦਰਸ਼ਨ ਵੀ ਇਨ੍ਹਾਂ ਦੇ ਹੀ ਹੋਣੇ ਹਨ। ਉਸ ਵੇਲੇ ਘਰ ਵਿਚ ਵਿਚਾਰ ਕਰੀ ਦੋਹਾਂ ਨੇ ਕਿ ਆਪਣਾ ਤਾਂ ਜਨਮ ਬਿਰਥਾ ਗਿਆ, ਜੀਉਂਦਾ ਠਾਕੁਰ ਤਾਂ ਇਹੀ ਹੈ-

***ਗੁਰ ਗੋਵਿੰਦੁ ਗੋੁਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥***

***ਪੰਨਾ - 442***

ਸੋ ਬੜੀ ਭੁੱਲ ਹੋ ਗਈ ਆਪਾਂ ਨੇ ਠਾਕੁਰ ਨਰਾਜ਼ ਕਰ ਲਿਆ। ਹੁਣ ਗੁਰੂ ਦੀ ਸ਼ਰਨ ਵਿਚ ਚੱਲੋ। ਕਦੇ ਤਾਂ ਰੀਝੇਗਾ, ਕਦੇ ਤਾਂ ਦਰਸ਼ਨ ਦੇ ਕੇ ਸਾਡੀ ਭੁਲ ਮੁਆਫ ਕਰੇਗਾ। ਅਮੀਰ ਬਣ ਕੇ ਨਾ ਚੱਲੀਏ, ਗਰੀਬ ਬਣ ਕੇ ਚੱਲੀਏ। ਸਾਰੀ ਜਾਇਦਾਦ ਵੇਚ ਕੇ ਪੁੰਨ-ਦਾਨ ਵਿਚ ਲਾ ਦਿਤੀ - ਕੱਪੜੇ ਲੀੜੇ। ਛੋਟੇ ਕੱਪੜੇ ਪਹਿਨ ਲਏ ਬਾਕੀ ਸਭ ਵੰਡ ਦਿਤੇ ਤੇ ਜਿਸ ਵਕਤ ਅਨੰਦਪੁਰ ਸਾਹਿਬ ਜਾਂਦੇ ਹਨ ਉਥੇ ਜਾ ਕੇ ਬੇਨਤੀ ਕਰੀ ਕਿ ਅਸੀਂ ਸੇਵਾ ਕਰਨੀ ਚਾਹੁੰਦੇ ਹਾਂ। ਭਾਈ ਕੇਸਰਾ ਸਿੰਘ ਜੀ ਇੰਚਾਰਜ ਸਨ ਗੁਰੂ ਕੇ ਬਾਗ ਦੇ। ਨਾਲ

ਇਨ੍ਹਾਂ ਨੇ ਕਿਹਾ ਕਿ ਸਾਨੂੰ ਫੁੱਲਾਂ ਦੀ ਬੜੀ ਜਾਂਚ ਹੈ। ਇਕ ਇਕ ਫੁੱਲ ਦੇ ਬੂਟੇ ਦੇ ਅੰਦਰ ਕਈ ਕਈ ਰੰਗਾਂ ਦੇ ਫੁੱਲ ਬਣਾਉਣਾ ਅਸੀਂ ਜਾਣਦੇ ਹਾਂ। ਇਕੋ ਟਾਹਣੀ ਨੂੰ ਨੀਲਾ ਫੁੱਲ ਲੱਗਿਆ ਹੋਇਆ ਹੈ ਦੂਜੀ ਨੂੰ ਲਾਲ ਹੈ, ਤੀਜੀ ਨੂੰ ਚਿੱਟਾ ਹੈ ਚੌਥੀ ਨੂੰ ਪੀਲਾ ਹੈ। ਇਹ ਸਾਡੇ ਕੋਲ ਵਿਦਿਆ ਹੈ। ਸੋ ਕਿਰਪਾ ਕਰਕੇ ਸਾਨੂੰ ਸੇਵਾ ਬਖਸ਼ੋ।

ਉਸ ਵੇਲੇ ਕੇਸਰਾ ਸਿੰਘ ਕਹਿਣ ਲੱਗਿਆ ਕਿ ਪਿਆਰਿਓ! ਗੁਰੂ ਦੀ ਸੇਵਾ ਬੜੀ ਔਖੀ ਹੁੰਦੀ ਹੈ।

***ਨਾਨਕ ਸੇਵਕੁ ਸੋਈ ਆਖੀਐ ਜੋ ਸਿਰੁ ਧਰੇ ਉਤਾਰਿ॥***
***ਸਤਿਗੁਰ ਕਾ ਭਾਣਾ ਮੰਨਿ ਲਏ ਸਬਦੁ ਰਖੈ ਉਰਧਾਰਿ॥***
***ਪੰਨਾ - 1247***

ਇਹ ਤਾਂ ਸਿਰ ਤੋਂ ਪਰ੍ਹੇ ਦੀ ਬਾਤ ਹੋਇਆ ਕਰਦੀ ਹੈ ਤੇ ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਹਨ -

***ਧਾਰਨਾ - ਮੁਰਦਾ ਹੋਇ ਕੈ ਮੁਰੀਦ ਬਣ ਜਾਵਣਾ -2, 2.***
***ਮੁਰਦਾ ਹੋਇ ਕੈ ਮੁਰੀਦ ਬਣ ਜਾਵਣਾ-2, 4.***

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।***
***ਭਾਈ ਗੁਰਦਾਸ ਜੀ ਵਾਰ 3/18***

ਇਹ ਨਹੀਂ ਕਿ ਸਾਹਮਣੇ ਬੋਲੀਂ ਜਾਵੇ, ਆਪਣੀ ਮਰਜ਼ੀ ਕਰੀ ਜਾਏ। ਜੋ ਮੁਰਦੇ ਦੀ ਹਾਲਤ ਹੁੰਦੀ ਹੈ; ਜੇ ਤਾਂ ਇਸ ਤਰ੍ਹਾਂ ਦੀ ਬਿਰਤੀ ਧਾਰਨ ਕਰਦਾ ਹੈ ਫੇਰ ਤਾਂ ਮੁਰੀਦ ਹੈ ਨਹੀਂ ਤਾਂ ਜਿਊਂਦਾ ਬੰਦਾ ਹੈ, ਅਤੇ ਉਸਦੀ ਸੇਵਾ ਨਿਹਫਲ ਜਾਂਦੀ ਹੈ ਅਤੇ ਉਸ ਨੂੰ ਕੁਝ ਨਹੀਂ ਹਾਸਲ ਹੋਇਆ ਕਰਦਾ। ਕਿਸੇ ਮਹਾਤਮਾ ਨਾਲ ਰਹਿ ਕੇ ਕਿੰਤੂ ਕਰੋ, ਬਰਾਬਰੀ ਕਰੋ, ਜਵਾਬ ਦੇਵੋ ਤਾਂ ਕੁਝ ਵੀ ਹਾਸਲ ਨਹੀਂ ਹੋਏਗਾ, ਖਾਲੀ ਰਹਿ ਜਾਏਗਾ ਬੰਦਾ। ਮਰਨਾ ਪੈਂਦਾ ਹੈ -

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥***
***ਪੰਨਾ - 1102***

ਜੇ ਗੁਰੂ ਕੋਲ 'ਮੈਂ' ਭਾਵ ਲੈ ਕੇ ਜਾਂਦਾ ਹੈ ਤਾਂ 'ਮੈਂ' ਭਾਵ ਪਰਵਾਨ ਨਹੀਂ ਗੁਰੂ ਨੂੰ, 'ਮੈਂ' ਰੂਪੀ ਹੰਗਤਾ ਤੇ ਮਮਤਾ ਨੂੰ ਮਾਰਨਾ ਪੈਂਦਾ ਹੈ ਫੇਰ ਮੁਰੀਦੀ ਪ੍ਰਾਪਤ ਹੁੰਦੀ ਹੈ -

***ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।***
***ਭਾਈ ਗੁਰਦਾਸ ਜੀ ਵਾਰ 3/18***

ਸਬਰ ਵਾਲਾ ਹੋਣਾ ਚਾਹੀਦਾ ਹੈ। ਸਬਰ ਕਿੰਨਾ ਹੈ? ਗੁਰੂ ਮਹਾਰਾਜ ਜੀ ਨੇ ਆਪ ਸਬਰ ਵਿਚ ਰਹਿ ਕੇ ਬਹੁਤ ਵੱਡਾ ਸਬਰ ਦਾ ਸਬਕ ਸਿਖਾਇਆ ਹੈ। ਗੁਰੂ ਪੰਜਵੇਂ ਪਾਤਸ਼ਾਹ ਦੇ ਉਤੇ ਜਦੋਂ ਰੇਤ ਪਾਉਣੀ ਸ਼ੁਰੂ ਕਰ ਦਿੱਤੀ, ਤਕਲੀਫਾਂ ਦਿਤੀਆਂ, ਖੜ੍ਹੇ ਕਰੀ ਰੱਖੇ ਸੌਣ ਨਹੀਂ ਦਿੱਤੇ। ਬੈਠਨ ਨਹੀਂ ਦਿੱਤੇ। ਕਈ ਦਿਨ ਬੜੇ ਤਸੀਹੇ ਦਿੱਤੇ, ਧੁੱਪ ਵਿਚ ਖੜ੍ਹਾਉਣਾ, ਪਾਣੀ ਨਹੀਂ ਦੇਣਾ, ਕੁਝ ਖਾਣ ਨੂੰ ਨਹੀਂ ਦੇਣਾ। ਅਖੀਰ ਐਸਾ ਹੋਇਆ ਕਿ ਸਾਹਮਣੇ ਤਾਂ ਸਿੱਖ ਬੰਦ ਕਰੇ ਹੋਏ ਹਨ ਤੇ ਗੁਰੂ ਮਹਾਰਾਜ ਜੀ ਨੂੰ ਤੱਤੀ ਤਵੀ ਤੇ ਬਠਾਉਣ ਦਾ ਹੁਕਮ ਹੋ ਗਿਆ ਕਿ ਇਨ੍ਹਾਂ ਨੂੰ ਉਸ 'ਤੇ ਬਿਠਾ ਦਿਓ। ਲਾਲ ਸੁਰਖ ਰੰਗ ਦੀ ਤਵੀ ਜਦੋਂ ਹੋ ਗਈ ਉਸ ਵੇਲੇ ਕਿਹਾ ਗਿਆ ਕਿ ਜਾਂ ਤਾਂ ਸਾਡੀ ਗੱਲ ਮੰਨ ਲਓ ਤੇ ਜਾਂ ਫੇਰ ਇਸ ਤਵੀ ਤੇ ਬੈਠਣਾ ਪਏਗਾ। ਮਹਾਰਾਜ ਜੀ ਕਹਿੰਦੇ ਠੀਕ ਹੈ -

***ਤੇਰਾ ਕੀਆ ਮੀਠਾ ਲਾਗੈ॥ ਪੰਨਾ - 394***

ਜੋ ਪ੍ਰਮੇਸ਼ਰ ਨੂੰ ਭਾਉਂਦਾ ਹੈ ਸਾਨੂੰ ਪਰਵਾਨ ਹੈ। ਤਖਤਾਂ ਤੇ ਵੀ ਓਹੀ ਬਿਠਾਉਂਦਾ ਹੈ ਤੇ ਤਵੀ ਵੀ ਉਸ ਨੇ ਦਿੱਤੀ ਹੋਈ ਹੈ -

***ਆਪੇ ਪਾਵਕੁ ਆਪੇ ਪਵਨਾ॥***
***ਜਾਰੈ ਖਸਮੁ ਤ ਰਾਖੈ ਕਵਨਾ॥ ਪੰਨਾ - 329***

ਪਹਿਲਾਂ ਦਿਖਾਇਆ ਗਿਆ ਤਵੀ ਉਤੇ ਆਟਾ ਪਾ ਕੇ, ਧੂੰਆਂ ਹੀ ਧੂੰਆਂ ਹੋ ਗਿਆ। ਗੁਰੂ ਮਹਾਰਾਜ ਨੂੰ ਕਹਿਣ ਲੱਗੇ, ਐਉਂ ਭੁਜ ਜਾਓਗੇ ਹੁਣ ਦੇਖ ਲਓ, ਲਾਲ ਸੁਰਖ ਹੋਈ ਪਈ ਹੈ ਤਵੀ। ਗੁਰੂ ਮਹਾਰਾਜ ਜੀ ਨੇ ਜਿਸ ਵਕਤ ਚਰਨ ਚੁਕਿਆ ਤਵੀ ਤੇ ਰੱਖਣ ਵਾਸਤੇ ਉਧਰ ਸਾਹਮਣੇ ਭਾਈ ਪ੍ਰਾਣਾ, ਨੇ ਉੱਚੀ ਆਵਾਜ਼ ਵਿੱਚ ਬੋਲ ਕੇ ਬਾਹਾਂ ਉਪਰ ਨੂੰ ਖੜ੍ਹੀਆਂ ਕਰ ਲਈਆਂ।

ਮਹਾਰਾਜ ਜੀ ਕਹਿੰਦੇ, "ਭਾਈ ਪ੍ਰਾਣਾ! ਠਹਿਰ ਜਾ, ਕੀ ਕਰਨ ਲੱਗਿਆ ਹੈਂ?"

ਕਹਿਣ ਲੱਗਿਆ, "ਸੱਚੇ ਪਾਤਿਸ਼ਾਹ! ਨਹੀਂ ਦੇਖਿਆ ਜਾਂਦਾ ਅਸਾਥੋਂ ਤੇ ਮੈਂ ਦੋਵੇਂ ਹੱਥਾਂ ਦੀ ਤਾੜੀ ਮਾਰ ਕੇ ਲਾਹੌਰ ਨੂੰ ਗਰਕ ਕਰਨ ਲੱਗਿਆ ਹਾਂ।"

ਕਹਿਣ ਲੱਗੇ, "ਪਿਆਰਿਆ! ਤਾਕਤ ਕਿਥੋਂ ਮਿਲੀ ਹੈ?"

ਕਹਿੰਦਾ, "ਮਹਾਰਾਜ! ਆਪ ਦੇ ਚਰਨਾਂ 'ਚੋਂ।"

ਹਜ਼ੂਰ ਕਹਿੰਦੇ, "ਫੇਰ! ਅਸੀਂ ਨਹੀਂ ਕਰ ਸਕਦੇ? ਦੇਖ ਕੀ ਬਣਦਾ ਹੈ, ਵਾਹਿਗੁਰੂ ਕੀ ਕਰਾਉਂਦਾ ਹੈ।

ਐਨੀ ਤਾਕਤ ਦੇ ਹੁੰਦੇ ਹੋਇਆ ਜਰ ਜਾਣਾ ਉਸ ਨੂੰ ਸਬਰ ਕਹਿੰਦੇ ਹਨ। ਈਰਾਨ ਦੇ ਬਾਦਸ਼ਾਹ ਨੇ ਕਾਜ਼ੀ, ਮੁਲਾਣੇ ਉਲਮਾਂ ਨੂੰ ਪੁਛਿਆ ਕਿ 'ਸਬਰ' ਕੀ ਹੁੰਦਾ ਹੈ ਤੇ 'ਸ਼ੁਕਰ' ਕੀ ਹੁੰਦਾ ਹੈ? ਬੜਾ ਕੁਝ ਦੱਸਿਆ ਉਨ੍ਹਾਂ ਨੇ। ਅਸੀਂ ਵੀ ਬੁੱਧੀਜੀਵੀ ਬੁਲਾਇਆ ਕਰਦੇ ਹਾਂ ਪਰ ਸਾਧੂਆਂ ਦਾ ਅਨੁਭਵ ਹੋਰ ਹੁੰਦਾ ਹੈ, ਬਹੁਤ ਗਹਿਰਾ ਹੁੰਦਾ ਹੈ, ਪਰ ਇਨ੍ਹਾ ਬੁੱਧੀ ਜੀਵੀਆਂ ਦਾ ਉਪਰਲਾ ਪੇਤਲਾ ਅਨੁਭਵ ਹੁੰਦਾ ਹੈ। ਉਸ ਦੇ ਵਿਚ ਪ੍ਰੇਰਨਾ ਨਹੀਂ ਹੁੰਦੀ, ਅਕਲ ਜਰੂਰ ਤਿੱਖੀ ਹੁੰਦੀ ਹੈ। ਜਦੋਂ ਉਸ ਦੀ ਤਸੱਲੀ ਨਾ ਹੋਈ ਤਾਂ ਕਿਸੇ ਸੂਫੀ ਪੀਰ ਨੇ ਦੱਸਿਆ ਕਿ ਇਸ ਵੇਲੇ ਦਿੱਲੀ ਵਿਚ ਬ੍ਰਹਮ ਗਿਆਨੀ ਪੀਰ ਸਰਮੱਦ ਜੀ ਹਨ, ਉਹ ਅਰਥ ਕਰ ਸਕਦੇ ਹਨ। ਰਾਜਦੂਤ ਨੂੰ ਕਹਿ ਦਿਤਾ ਕਿ ਸਰਮੱਦ ਨੂੰ ਮਿਲੋ ਤੇ ਉਨ੍ਹਾਂ ਤੋਂ ਅਰਥ ਪਤਾ ਕਰੋ। ਉਸ ਵੇਲੇ ਦਾ ਸਰਮੱਦ ਬਹੁਤ ਕਾਮਲ ਫਕੀਰ ਸੀ। ਬੈਠਾ ਰਹਿੰਦਾ ਸੀ ਬਗੈਰ

ਕੱਪੜੇ ਤੋਂ, ਨਗਨ ਰਹਿਣਾ ਇਸਲਾਮ ਦੇ ਵਿਚ ਸ਼ਰ੍ਹਾ ਦੀ ਤੌਹੀਨ ਹੈ। ਔਰੰਗਜੇਬ ਨੇ ਕਈ ਵਾਰੀ ਸ਼ਿਕਾਇਤਾਂ ਸੁਣੀਆਂ ਤੇ ਅੱਜ ਔਰੰਗਜ਼ੇਬ ਨੇ ਦੇਖਿਆ ਕਿ ਸਰਮੱਦ ਨੰਗਾ ਬੈਠਾ ਹੈ, ਮਸਜਿਦ ਦੇ ਸਾਹਮਣੇ, ਨਮਾਜ਼ੀ ਨਮਾਜ਼ ਪੜ੍ਹਨ ਆ ਰਹੇ ਹਨ। ਹਰੇਕ ਦਾ ਮਨ ਖਰਾਬ ਹੁੰਦਾ ਹੈ ਉਸ ਨੂੰ ਦੇਖ ਕੇ। ਜਦੋਂ ਔਰੰਗਜ਼ੇਬ ਹਾਥੀ ਤੋਂ ਉਤਰਿਆ ਤਾਂ ਕਹਿਣ ਲੱਗਿਆ ਕਿ ਓ ਦਰਵੇਸ਼ ਸਾਈਂ! ਤੂੰ ਸ਼ਰ੍ਹਾ ਦੀ ਤੌਹੀਨ ਕਰ ਰਿਹਾ ਹੈਂ। ਤੂੰ ਕੱਪੜਾ ਕਿਉਂ ਨਹੀਂ ਲੈਂਦਾ ਉਤੇ? ਤੇਰੇ ਕੋਲ ਕੰਬਲ ਪਿਆ ਹੈ, ਕਿਉਂ ਨਹੀਂ ਬੁਕਲ ਮਾਰਦਾ।

ਕਹਿਣ ਲੱਗੇ, "ਜੇ ਦੇਣਾ ਹੈ ਤਾਂ ਤੂੰ ਚੁਕ ਕੇ ਦੇ ਦੇ ਮੇਰੇ ਉਤੇ।"

ਜਿਸ ਵਕਤ ਔਰੰਗਜ਼ੇਬ ਚੁਕ ਕੇ ਕੰਬਲ ਉੱਤੇ ਦੇਣ ਲੱਗਿਆ ਤਾਂ ਦੇਖਿਆ ਕਿ ਕੰਬਲ ਹੇਠਾਂ ਤਾਂ ਉਸਦੇ ਪਿਓ ਸ਼ਾਹਜਹਾਨ ਦਾ ਸਿਰ ਪਿਆ ਹੈ, ਭਰਾ ਦਾਰਾ ਦਾ ਸਿਰ ਪਿਆ ਹੈ, ਕਾਮਰਾਨ ਦਾ ਪਿਆ ਹੈ, ਹੋਰ ਸਾਧੂ ਮਹਾਤਮਾਵਾਂ ਦੇ ਸਿਰ ਪਏ ਹਨ ਥੱਲੇ। ਦੇਖ ਕੇ ਡਰ ਗਿਆ ਤੇ ਪਿੱਛੇ ਹਟ ਗਿਆ।

ਕਹਿਣ ਲੱਗੇ, "ਓ! ਮੈਂ ਤੇਰੇ ਪੜਦੇ ਕੱਜਾਂ ਜਾਂ ਆਪਣਾ ਸਰੀਰ? ਐਡਾ ਗੁਨਹਗਾਰ ਬਾਦਸ਼ਾਹ ਹੈ ਤੂੰ ਤੇ ਮੈਂ ਤਾਂ ਤੇਰੇ ਔਗੁਣ ਛੁਪਾਈ ਬੈਠਾ ਹਾਂ। ਦੇ ਦੇ ਕੱਪੜਾ ਮੇਰੇ ਉਤੇ ਹੁਣ ਦਿੰਦਾ ਕਿਉਂ ਨਹੀਂ।"

ਨਹੀਂ ਦੇ ਸਕਿਆ। ਉਸ ਵੇਲੇ ਹੁਕਮ ਕਰ ਦਿਤਾ ਕਿ ਇਸ ਫਕੀਰ ਦੀ ਗਰਦਨਜ਼ਦੀ (ਗਰਜਨ ਉਕਾਰ ਦੇਣੀ) ਹੁਣੇ ਮੇਰੇ ਸਾਹਮਣੇ ਕਰ ਦਿੱਤੀ ਜਾਵੇ। ਜਲਾਦ ਆ ਗਏ, ਸਰਮੱਦ ਨੂੰ ਫੜ ਲਿਆ।

ਕਹਿਣ ਲੱਗੇ, "ਕੀ ਕਰਨ ਲੱਗੇ ਹੋ?"

ਔਰੰਗਜੇਬ ਕਹਿੰਦਾ ਕਿ ਤੈਨੂੰ ਮਾਰਨ ਲੱਗੇ ਨੇ।

ਕਹਿੰਦੇ, "ਲੈ ਫੇਰ! ਮਾਰਨ ਦਾ ਸੁਆਦ ਦੇਖਣਾ ਹੈ? ਮੇਰੀ ਚੀਚੀ ਉਂਗਲੀ ਤੇ ਚੀਰਾ ਦੇ, ਗਲਤੀ ਨਾ ਕਰ ਲਈ ਕਿਤੇ, ਭੁਲੇਖੇ ਵਿਚ ਨਾ ਰਹਿ ਜਾਈਂ।"

ਉਂਗਲੀ ਤੇ ਚੀਰਾ ਦਿੱਤਾ। ਘਰ ਤੋਂ ਸੁਨੇਹਾ ਆ ਗਿਆ ਬੇਗਮਾਂ ਦਾ ਕਿ ਪਤਾ ਨਹੀਂ ਕੀ ਹੋ ਗਿਆ ਸਾਰੇ ਬੱਚਿਆ ਦੇ, ਸਾਰੀਆਂ ਬੇਗਮਾਂ ਦੇ ਉਂਗਲੀਆਂ ਤੇ ਚੀਰੇ ਆ ਗਏ। ਓਧਰ ਔਰੰਗਜੇਬ ਦੇ ਵੀ ਚੀਰਾ ਆ ਗਿਆ।

ਸਰਮੱਦ ਪੀਰ ਕਹਿਣ ਲੱਗੇ, "ਲੈ ਵੱਢ ਗਰਦਨ! ਹੁਣੇ ਸਾਰੇ ਦੇ ਸਾਰੇ ਨਾਲ ਹੀ ਗਿਰੇ ਪਏ ਹੋਵੋਂਗੇ ਮੁਗਲ, ਤਖਤ ਤੇ ਬੈਠਣ ਵਾਲਾ ਵੀ ਨਹੀਂ ਕੋਈ ਰਹਿਣਾ।"

ਹਟ ਗਿਆ ਤੇ ਕਹਿਣ ਲੱਗਾ ਕਿ ਪੀਰ ਸਰਮੱਦ! ਮੈਂ ਸੁਣਿਆ ਤੂੰ 'ਆਰਫ' ਹੈਂ, ਮੈਂ ਤਾਂ ਐਵੇਂ ਹੀ ਝੂਠਾ ਕਹਿੰਦਾ ਸੀ ਤੈਨੂੰ ਮਾਰਨ ਨੂੰ ਤੇ ਹੁਣ ਮੈਨੂੰ ਪਤਾ ਲੱਗ ਗਿਆ ਕਿ ਤੂੰ ਤਾਂ ਅਜੇ ਦੇਹ ਅਧਿਆਸ ਵਿਚ ਫਿਰਦਾ ਹੈਂ, ਤੈਨੂੰ ਦੇਹ ਦਾ ਪਿਆਰ ਹੈ।

ਉਹ ਕਹਿਣ ਲੱਗੇ, "ਜਾਹ ਓਏ ਜਾਹ! ਤੈਨੂੰ ਚਮੜੇ ਦੀ ਲੋੜ ਹੈ, ਮੈਂ ਤੇਰੇ ਮੱਥੇ ਹੀ ਚਮੜਾ ਮੜ੍ਹ ਕੇ ਜਾਵਾਂਗਾ। ਬੇਅੰਤ ਸਾਧੂ ਸੰਤਾਂ ਨੇ ਠੀਕਰ ਫੋੜ੍ਹਿਆ ਹੈ ਤੇਰੇ ਸਿਰ, ਮੈਂ ਵੀ ਤੇਰੇ ਸਿਰ ਹੀ ਆਪਣਾ ਸਰੀਰ ਰੂਪ ਠੀਕਰਾ ਭੰਨਾਂਗਾ।"

ਔਰੰਗਜੇਬ ਨੇ ਕੈਦ ਕਰ ਦਿੱਤਾ ਤੇ ਹੁਕਮ ਦੇ ਦਿੱਤਾ ਕਿ ਇਸ ਦੇ ਇਕ ਸੌ ਇਕ ਕੋਰੜਾ ਰੋਜ਼ ਲੱਗੇ। ਇਕ ਪਿਆਲਾ ਕੇਵਲ ਇਸ ਨੂੰ ਪਾਣੀ ਦਾ ਮਿਲੇ - ਨਮਕ ਘੋਲ ਕੇ। ਓਧਰ ਉਹ ਰਾਜਦੂਤ ਆ ਜਾਂਦਾ ਹੈ ਤੇ ਦਰਬਾਰ ਵਿਚ ਜਾ ਕੇ ਪੀਰ ਸਰਮੱਦ ਨੂੰ ਮਿਲਣ ਦੀ ਇਜ਼ਾਜਤ ਲਈ ਤੇ ਜੇਲ੍ਹ ਵਿਚ ਮਿਲਣ ਚਲਿਆ ਗਿਆ। ਉਥੇ ਤਾਲੇ ਲੱਗੇ ਹੋਏ ਹਨ। ਉਹ ਕਹਿੰਦੇ ਜੀ! ਇਸ ਵੇਲੇ ਤਾਂ ਸਮਾਂ ਨਹੀਂ ਹੈ ਮਿਲਣ ਦਾ, ਜਦੋਂ ਸਮਾਂ ਹੋਏਗਾ ਉਦੋਂ ਤੁਸੀਂ ਆ ਜਾਇਓ।

ਸਰਮੱਦ ਪੀਰ ਅੰਦਰੋਂ ਹੀ ਬੋਲੇ, ਕਹਿੰਦੇ, "ਆ ਜਾਓ! ਸਾਧੂਆਂ ਨੂੰ ਮਿਲਣ ਦਾ ਕਿਹੜਾ ਸਮਾਂ ਹੁੰਦਾ ਹੈ, ਆ ਜਾ ਲੰਘ ਆ।"

ਕਹਿੰਦਾ, "ਜੀ! ਦਰਵਾਜ਼ੇ ਬੰਦ ਹਨ, ਸੱਤ ਤਾਲੇ ਲੱਗੇ ਹੋਏ ਹਨ।"

ਕਹਿੰਦੇ, "ਤੇਰੇ ਵਾਸਤੇ ਕੋਈ ਨਹੀਂ ਹੈ।"

ਜਦੋਂ ਤਾਲੇ ਦੇ ਨੇੜੇ ਜਾਂਦਾ ਹੈ ਤਾਂ ਤਾਲਾ ਖੁੱਲ੍ਹ ਕੇ ਪਰ੍ਹੇ ਗਿਰਦਾ ਹੈ ਤੇ ਦਰਵਾਜ਼ਾ ਖੁੱਲ੍ਹ ਜਾਂਦਾ ਹੈ। ਚਲਦਾ-ਚਲਦਾ ਉਸ ਸੈਲ ਵਿਚ ਚਲਿਆ ਜਾਂਦਾ ਹੈ ਜਿਥੇ ਹਨ੍ਹੇਰੇ ਸੈਲ ਵਿਚ ਸਰਮੱਦ ਨੂੰ ਕੈਦ ਕਰਿਆ ਹੋਇਆ ਸੀ।

ਕਹਿਣ ਲੱਗੇ, "ਕੀ ਕਰਨ ਆਇਆ ਹੈਂ?"

ਕਹਿੰਦਾ, "ਮੈਂ ਅਰਥ ਪੁਛਣੇ ਹਨ ਸਬਰ ਅਤੇ ਸ਼ੁਕਰ ਦੇ।"

ਕਹਿਣ ਲੱਗੇ, "ਕੱਲ੍ਹ ਨੂੰ ਆਈਂ। ਇਕ ਮਸ਼ਕ ਲਿਆਈ ਪਾਣੀ ਦੀ ਤੇ ਦੋ ਗਜ਼ ਕੱਪੜਾ ਲੈ ਆਈਂ। ਅਸੀਂ ਇਸ਼ਨਾਨ ਕਰਨਾ ਹੈ। ਮੈਂ ਨੰਗਾ ਹਾਂ। ਕੱਪੜਾ ਪਹਿਨ ਕੇ ਬਚਨ ਕਰਾਂਗਾ।"

ਅਗਲੇ ਦਿਨ ਆ ਗਿਆ ਤੇ ਨਾਲ ਪਾਣੀ ਦੀ ਭਰੀ ਹੋਈ ਮਸ਼ਕ ਤੇ ਦੋ ਗਜ਼ ਕੱਪੜਾ ਲੈ ਆਂਦਾ। ਸਰਮੱਦ ਨੇ ਇਸ਼ਨਾਨ ਕਰਿਆ ਤੇ ਉਸ ਤੋਂ ਬਾਅਦ ਕੱਪੜਾ ਤੇੜ ਪਾ ਲਿਆ। ਐਨੇ ਨੂੰ ਕੋਰੜੇ ਲਾਉਣ ਵਾਲਾ ਆ ਗਿਆ। ਪੰਜਾਹ ਕੋਰੜੇ ਇਕ ਦਮ ਉਸ ਨੇ ਮਾਰੇ ਤੇ ਸਰਮੱਦ ਹਰ ਕੋਰੜਾ ਲੱਗਣ ਤੇ ਆਪਣੀ ਉਂਗਲੀ ਹਿਲਾਈ ਜਾਂਦਾ ਹੈ। ਇਹ ਦੇਖੀ ਜਾਂਦਾ ਹੈ ਇਸ ਨੇ ਸੋਚਿਆ ਕਿ ਸ਼ਾਇਦ ਗਿਣਦਾ ਹੋਵੇ। ਜਦੋਂ ਪੰਜਾਹ ਲੱਗ ਹਟੇ ਤਾਂ ਜਲਾਦ ਦਮ ਲੈਣ ਲੱਗ ਗਿਆ।

ਤਾਂ ਪੀਰ ਸਰਮੱਦ ਬੋਲੇ, "ਤੈਨੂੰ ਅਰਥ ਸਮਝ ਵਿਚ ਆਇਆ ਕਿ ਨਹੀਂ?"

ਕਹਿੰਦਾ, "ਮੈਨੂੰ ਤਾਂ ਪੀਰ ਜੀ, ਕੁਝ ਵੀ ਸਮਝ ਵਿਚ ਨਹੀਂ ਆਇਆ।"

ਕਹਿਣ ਲੱਗੇ, "ਚੰਗਾ! ਹੁਣ ਸਮਝਾਉਂਦੇ ਹਾਂ।"

ਏਨੇ ਨੂੰ ਜਲਾਦ ਫੇਰ ਆ ਗਿਆ। ਪੀਰ ਨੇ ਰਾਜਦੂਤ ਦੇ ਅੰਤ੍ਰੀਵੀ ਨੇਤਰ ਖੋਲ੍ਹ ਦਿਤੇ, ਦਿਬਜ-ਦ੍ਰਿਸ਼ਟੀ ਦੇ ਦਿੱਤੀ। ਹੈਰਾਨ ਹੋ ਗਿਆ ਕਿ ਸਾਰੀਆਂ ਅਸਮਾਨੀ ਸ਼ਕਤੀਆਂ ਮਿੰਨਤਾਂ ਕਰ ਰਹੀਆਂ ਹਨ ਕਿ ਪੀਰ ਜੀ! ਅਸਾਥੋਂ ਇਹ ਕਹਿਰ ਨਹੀਂ ਦੇਖਿਆ ਜਾਂਦਾ। ਜੇ ਤੁਸੀਂ ਨਹੀਂ ਕੁਝ ਕਰਨਾ ਤਾਂ ਸਾਨੂੰ ਹੁਕਮ ਦੇਵੋ ਤਾਂ ਅਸੀਂ ਇਸ ਦੀਆਂ ਜੜ੍ਹਾਂ ਪੁਟੀਏ। ਉਹ ਨਾਂਹ ਵਿਚ ਉਂਗਲੀ ਹਿਲਾਈ ਜਾਂਦੇ ਹਨ। ਅਖੀਰ ਜਦੋਂ ਇਕ ਸੌ ਇਕ ਕੋਰੜਾ ਲੱਗ ਹਟਿਆ ਤਾਂ ਪੀਰ ਜੀ ਪੁੱਛਣ ਲੱਗੇ ਕਿ ਕੁਝ ਸਮਝ ਵਿਚ ਆਇਆ? ਉਹ ਕਹਿੰਦਾ ਕਿ ਨਹੀਂ ਪੀਰ ਜੀ।"

ਕਹਿਣ ਲੱਗੇ, "ਉਸ ਤੋਂ ਵੱਧ ਕੀ ਹੁੰਦਾ ਹੈ? ਦੇਖ! ਐਨੀਆਂ ਤਾਕਤਾਂ ਦਾ ਮਾਲਕ ਹਾਂ। ਜੇ ਮੈਂ ਇਕ ਫੁਰਨਾ ਕਰ ਦੇਵਾਂ ਤਾਂ ਉਸੇ ਵੇਲੇ ਸਾਰੀ ਦਿੱਲੀ ਗਰਕ ਹੋ ਜਾਏਗੀ ਪਰ ਸਬਰ ਦੇ ਵਿਚ ਆਇਆ ਹੋਇਆ ਮੈਂ ਕੁਝ ਨਹੀਂ ਕਰ ਰਿਹਾ ਕਿ ਜੋ ਪ੍ਰਮੇਸ਼ਰ ਕਰ ਰਿਹਾ ਹੈ ਹੋਈ ਜਾ ਰਿਹਾ ਹੈ।"

ਸੋ -

***ਸਬਰ ਮੰਝ ਕਮਾਣ ਏ ਸਬਰੁ ਕਾ ਨੀਹਣੋ॥***
***ਸਬਰ ਸੰਦਾ ਬਾਣੁ ਖਾਲਕੁ ਖਤਾ ਨ ਕਰੀ॥***
***ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨਿ੍॥***
***ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ॥***
***ਸਬਰੁ ਏਹੁ ਸੁਆਉ ਜੇ ਤੂੰ ਬੰਦਾ ਦਿੜੁ ਕਰਹਿ॥***
***ਵਧਿ ਥੀਵਹਿ ਦਰੀਆਉ ਟੁਟਿ ਨ ਥੀਵਹਿ ਵਾਹੜਾ॥***

***ਪੰਨਾ - 1384***

ਹਿਰਦੇ ਵਿਚ ਸਬਰ ਨੂੰ ਕਮਾਨ ਬਣਾਉ। ਚਿਲਾ ਵੀ ਸਬਰ ਵਾਲਾ ਹੋਵੇ, ਸਬਰ ਦਾ ਤੀਰ ਹੋਵੇ, ਐਸਾ ਤੀਰ ਚਲਿਆ ਕਦੇ ਬਿਰਥਾ ਨਹੀਂ ਹੁੰਦਾ। ਸਬਰ ਵਾਲੇ ਸਬਰ ਵਿਚ ਰਹਿੰਦੇ ਹਨ, ਹੰਗਤਾ ਨੂੰ ਜਲਾ ਦਿੰਦੇ ਹਨ ਅਤੇ ਪ੍ਰਭੂ ਰੂਪ ਹੋਏ ਕਿਸੇ ਨੂੰ ਆਪਣਾ ਭੇਤ ਨਹੀਂ ਦਿੰਦੇ, ਜਿੰਦਗੀ ਦਾ ਮਨੋਰਥ ਸਬਰ ਹੈ ਜੋ ਦ੍ਰਿੜ ਕਰਨਾ ਚਾਹੀਦਾ ਹੈ। ਏਹ ਨਾਲੇ ਦੀ ਥਾਂ ਵੱਧ ਕੇ ਦਰਿਆ ਬਣ ਜਾਂਦਾ ਹੈ।

ਆਪਣਾ ਆਪ ਮਮਤਾ, ਹੰਗਤਾ ਵਲੋਂ ਮੁਰਦਾ ਬਣਾ ਕੇ ਰੱਖੇ ਅਤੇ ਮੁਲ ਖਰੀਦੇ ਗੁਲਾਮ ਵਾਂਗੂ ਪ੍ਰਭੂ ਨਾਲ ਵਰਤੇ -

***ਗੋਲਾ ਮੁਲ ਖਰੀਦੁ ਕਾਰੇ ਜੋਵਣਾ।***

***ਭਾਈ ਗੁਰਦਾਸ ਜੀ ਵਾਰ 3/18***

ਜਿਸ ਤਰ੍ਹਾਂ ਗੁਲਾਮ ਹੁੰਦਾ ਹੈ ਉਸ ਦਾ ਅਧਿਕਾਰ ਕੋਈ ਨਹੀਂ ਹੁੰਦਾ। ਇਕ ਰਾਜੇ ਨੇ ਇੱਕ ਗੁਲਾਮ ਖਰੀਦ ਲਿਆ, ਬੜਾ ਚੰਗਾ ਸੀ। ਉਹ ਕਹਿਣ ਲੱਗਿਆ ਕਿ ਹੇ ਗੁਲਾਮ! ਤੇਰਾ ਨਾਂ ਕੀ ਹੈ? ਤੂੰ ਕਦੋਂ ਸੌਣਾ ਚਾਹੁੰਦਾ ਹੈ? ਕਦੋਂ ਜਾਗਣਾ ਚਾਹੁੰਦਾ ਹੈ? ਕਿਹੋ-ਜਿਹੇ ਤੂੰ ਕੱਪੜੇ ਪਾਉਣੇ ਚਾਹੁੰਦਾ ਹੈਂ? ਕਿਹੋ ਜਿਹਾ ਤੂੰ ਖਾਣਾ, ਖਾਣਾ ਚਾਹੁੰਦਾ ਹੈ? ਤੈਨੂੰ ਖਾਸ ਰਿਆਇਤ ਦਿੱਤੀ ਜਾਏਗੀ ਕਿਉਂਕਿ ਮੈਨੂੰ ਐਉਂ ਲੱਗਿਆ ਹੈ ਕਿ ਤੂੰ ਕੋਈ ਬਹੁਤ ਸੁਲਝੀ ਹੋਈ ਰੂਹ ਹੈਂ।

ਗੁਲਾਮ ਕਹਿਣ ਲੱਗਿਆ ਕਿ ਬਾਦਸ਼ਾਹ ਸਲਾਮਤ! ਮੈਂ ਤਾਂ ਗੁਲਾਮ ਹਾਂ। ਗੁਲਾਮ ਦਾ ਕੋਈ ਅਧਿਕਾਰ ਨਹੀਂ ਹੁੰਦਾ। ਜਿਸ ਦਿਨ ਜੀਅ ਕਰਦਾ ਹੈ ਗਰਦਨ ਵੱਢ ਦਿਓ, ਅੱਗ ਵਿਚ ਸੁੱਟ ਦਿਓ, ਉਬਲਦੇ ਪਾਣੀ ਵਿਚ ਸੁੱਟ ਦਿਓ, ਗੁਲਾਮ ਦੀ ਕਿਹੜੀ ਫਰਿਆਦ ਹੈ?" ਦੂਸਰਾ ਜਦੋਂ ਮੈਂ ਆਜ਼ਾਦ ਸੀ ਮੇਰਾ ਵੱਡਾ ਨਾਉਂ ਸੀ, ਹੁਣ ਮੇਰੇ ਨਾਂ ਦਾ ਕੀ ਹੈ ਜਿਹੜਾ ਵੀ ਤੁਹਾਡਾ ਜੀਅ ਕਰਦਾ ਹੈ ਕੁੱਤਾ ਰੱਖ ਦਿਓ, ਬਿੱਲਾ ਰੱਖ ਦਿਓ। ਜਿਹੜਾ ਨਾਉਂ ਤੁਸੀਂ ਪੁਕਾਰ ਦਿਆ ਕਰੋਗੇ ਮੈਂ ਹਾਜ਼ਰ ਹੋ ਜਾਇਆ ਕਰਾਂਗਾ।

ਫੇਰ ਆ ਗਈ ਖਾਣੇ ਦੀ ਰੁਚੀ। ਜਦੋਂ ਮੈਂ ਅਜ਼ਾਦ ਸੀ ਤਾਂ ਸਾਰੀਆਂ ਰੁਚੀਆਂ ਸਨ ਪਰ ਹੁਣ ਤਾਂ ਚਾਹੇ ਜੂਠੇ ਖੁਆ ਦਿਓ, ਚਾਹੇ ਫਿਕੇ, ਚਾਹੇ ਨਮਕੀਨ, ਚਾਹੇ ਮਿਰਚਾਂ ਵਾਲੇ, ਜਿਹੋ-ਜਿਹੇ ਤੁਹਾਨੂੰ ਭਾਉਂਦੇ ਹਨ ਓਹ-ਜਿਹੀ ਖੁਰਾਕ ਦੇਈ ਜਾਓ। ਬੈਲਾਂ, ਗਾਈਆਂ ਨੇ ਕਦੇ ਕਿਹਾ ਹੈ ਕਿ ਸਾਨੂੰ ਆਹ ਚੀਜ਼ ਨਾ ਪਾ। ਜੋ ਬਲਦਾਂ ਦੀ ਹਾਲਤ ਉਹ ਸਾਡੀ ਹਾਲਤ। ਬਾਕੀ ਰਿਹਾ ਕੱਪੜੇ ਪਹਿਨਣੇ। ਜਿਹੜੇ ਤੁਹਾਡੀਆਂ ਅੱਖਾਂ ਨੂੰ ਚੰਗੇ ਲੱਗਦੇ ਹਨ ਉਹ ਪੁਆ ਦਿਓ। ਜੇ ਪਾਟੇ ਹੋਏ ਚੰਗੇ ਲਗਦੇ ਹਨ ਉਹ ਪੁਆ ਦਿਓ, ਮੈਲੇ ਚੰਗੇ ਲਗਦੇ ਹਨ ਤਾਂ ਮੈਲੇ ਪੁਆ ਦਿਓ।

ਫੇਰ ਹੈ ਸੌਣਾ ਤੇ ਜਾਗਣਾ। ਜਦੋਂ ਅਜ਼ਾਦ ਸੀ ਤਾਂ ਮੰਜਿਆਂ ਦੇ ਹੇਠ ਪਹੀਏ ਲੱਗੇ ਹੋਏ ਸਨ। ਜੇ ਮੀਂਹ ਆ ਜਾਂਦਾ ਤਾਂ ਨੌਕਰ ਚਾਰਪਾਈ ਖਿੱਚ ਕੇ ਅੱਗੇ ਬਰਾਂਡੇ ਵਿਚ ਕਰ ਦਿੰਦੇ ਸਨ, ਮੈਂ ਨਹੀਂ ਸੀ ਉਠਦਾ। ਹੁਣ ਤੁਸੀਂ ਜਦੋਂ ਅਵਾਜ਼ ਮਾਰ ਦਿਤੀ ਤਾਂ ਮੈਂ ਉਠ ਖੜ੍ਹਨਾ ਹੈ। ਜਦੋਂ ਤੁਸੀਂ ਕਹਿ ਦਿਤਾ ਕਿ ਜਾਹ! ਸੌਂ ਜਾ ਤਾਂ ਮੈਂ ਸੌਂ ਜਾਵਾਂਗਾ।

ਸੋ ਕਹਿੰਦੇ ਜੇ ਮੁਰੀਦ ਬਣਨਾ ਹੈ ਤਾਂ ਇਹੋ-ਜਿਹਾ ਬਣਨਾ ਪੈਣਾ ਹੈ।

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।***
***ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।***
***ਗੋਲਾ ਮੁਲ ਖਰੀਦੁ ਕਾਰੇ ਜੋਵਣਾ।***
***ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।***
***ਪੀਹਣਿ ਹੋਇ ਜਦੀਦ ਪਾਣੀ ਢੋਵਣਾ।***
***ਪਖੇ ਦੀ ਤਾਗੀਦ ਪਗ ਮਲਿ ਧੋਵਣਾ।***
***ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ।***
***ਦਰ ਦਰਵੇਸ ਰਸੀਦ ਪਿਰਮ ਰਸ ਭੋਵਣਾ।***
***ਚੰਦ ਮੁਮਾਰਖ ਈਦ ਪੁਗ ਖਲੋਵਣਾ।***

***ਭਾਈ ਗੁਰਦਾਸ ਜੀ ਵਾਰ 3/18***

ਸੋ ਇਸ ਤਰ੍ਹਾਂ ਦੇ ਨਾਲ -

ਜੇ ਪੁੱਗਣਾ ਹੈ, ਪ੍ਰਵਾਨ ਹੋਣਾ ਹੈ ਤਾਂ ਐਸੀ ਜ਼ਿੰਦਗੀ ਧਾਰਨ ਕਰਨੀ ਪੈਣੀ ਹੈ -

***ਜੇ ਗੁਰੁ ਝਿੜਕੇ ਤ ਮੀਠਾ ਲਾਗੈ ਜੇ ਬਖਸੇ ਤ ਗੁਰ ਵਡਿਆਈ॥***

***ਪੰਨਾ - 758***

***ਜੇ ਪਾਸਿ ਬਹਾਲਹਿ ਤਾ ਤੁਝਹਿ ਅਰਾਧੀ***
***ਜੇ ਮਾਰਿ ਕਢਹਿ ਭੀ ਧਿਆਈ॥***
***ਜੇ ਲੋਕੁ ਸਲਾਹੇ ਤਾ ਤੇਰੀ ਉਪਮਾ***
***ਜੇ ਨਿੰਦੈ ਤ ਛੋਡਿ ਨ ਜਾਈ॥*** ***ਪੰਨਾ - 757***

***'ਚਲਦਾ'***

✱✱✱✱✱✱✱

# ਰੰਗਲੇ ਸੱਜਣ

## ਬਿਸਮਾਦੀ ਵੀਰ ਸਿਰੀ ਭਾ: ਜੋਗਿੰਦਰ ਸਿੰਘ ਜੀ (ਰਾਇਪੁਰ ਨਿਵਾਸੀ)

ਸਦਾ ਇਕ-ਰਸ ਬਿਸਮਾਦ ਰੰਗਾਂ ਵਿਚ ਰਹਿਣ ਵਾਲੇ ਗੁਰਮਤਿ ਸੁਗੰਧੀ ਦੇ ਰਸ-ਰਸੀਅੜੇ ਭੌਰੇ, ਇਸ ਜਥੇ ਦੇ ਗੰਭੀਰ ਥੰਮ੍ਹ ਜੋ ਹੋਇ ਗੁਜ਼ਰੇ ਹਨ, ਤਾਂ ਇਹ ਭਾਈ ਜੋਗਿੰਦਰ ਸਿੰਘ ਜੀ ਹਨ, ਜਿਨ੍ਹਾਂ ਦਾ ਸਰੀਰਕ ਜਨਮ ਤਾਂ ਪਿੰਡ ਰਾਇਪੁਰ, ਨਾਰੰਗਵਾਲ ਦੇ ਨਿਕਟ ਹੋਇਆ, ਪਰ "ਸਤਿਗੁਰ ਕੈ ਜਨਮੇ ਗਵਨੁ ਮਿਟਾਇਆ" ਵਾਲਾ ਜਨਮ ਜਦ ਹੋਇਆ, ਤਾਂ ਬੜੇ ਚਲੂਲੇ ਰੰਗਾਂ ਵਿਚ ਹੋਇਆ। ਜਦੋਂ ਦੀ ਵੀ ਇਨ੍ਹਾਂ ਨੇ ਗੁਰਮਤਿ ਦੇ ਅਦੁਤੀ ਜੀਵਨ ਦੀ ਸੁਰਤ ਸੰਮਾਲੀ, ਓਦੋਂ ਦੇ ਹੀ ਇਹ ਗੁਰਮਤਿ-ਰਸਾਇਣੀ-ਨਾਮ ਵਿਖੇ ਹੀ ਲਿਵ-ਮਗਨ ਰਹੇ ਅਤੇ ਨਾਮ-ਰੰਗਾਂ ਦੇ ਤੁਫੈਲ ਗੁਰਮਤਿ ਗ੍ਰਿਹਸਤ ਜੀਵਨ ਦੇ ਵਿਚ ਐਸੇ ਮਹਿਵ ਹੋਏ, ਜਿਸ ਦੀ ਮਿਸਾਲ ਲੱਭਣੀ ਅਸੰਭਵ ਹੈ। ਧੁਰ ਲਿਖਤੀ ਸੰਜੋਗਾਂ ਅਨੁਸਾਰ ਭਾਈ ਜੋਗਿੰਦਰ ਸਿੰਘ ਜੀ ਪਟਿਆਲਾ ਰਿਆਸਤ ਦੇ ਅਹਿਲਕਾਰਾਂ ਵਿਚੋਂ ਇਕੋ ਇਕ ਗੁਰਮੁਖ ਜੀਵਨੀ ਵਾਲੇ ਸਰਦਾਰ ਸਨ।

ਸਾਨੂੰ ਇਨ੍ਹਾਂ ਦੇ ਪਹਿਲੇ ਦਰਸ਼ਨ ਪਟਿਆਲੇ ਵਿਖੇ ਡਾਕਟਰ ਸਰਦਾਰਾ ਸਿੰਘ ਜੀ ਦੇ ਪਾਸ ਹੀ ਹੋਏ, ਉਦੋਂ ਇਹ ਬੜੇ ਹੀ ਹੋਨਹਾਰ ਨਵ-ਯੁਵਕ ਸਨ। ਗੁਜਰਵਾਲ ਨਿਵਾਸੀ ਡਾਕਟਰ ਸਰਦਾਰਾ ਸਿੰਘ ਜੀ ਭੀ ਇਕ ਚੋਟੀ ਦੇ ਸਿਦਕੀ ਗੁਰਮਤਿ ਰਹਿਣੀ ਦੇ ਪੂਰੇ ਸੂਰੇ ਗੁਰਮੁਖ ਜਨ ਹੋ ਗੁਜ਼ਰੇ ਹਨ। ਇਨ੍ਹਾਂ (ਡਾਕਟਰ ਸਰਦਾਰਾ ਸਿੰਘ) ਦੀ ਖਿਚ ਨਾਲ ਹੀ ਖਿਚੇ ਹੋਏ ਅਸੀਂ ਅਕਸਰ ਪਟਿਆਲੇ ਜਾਇਆ ਕਰਦੇ ਸੀ। ਜਦੋਂ ਵੀ ਅਸੀਂ ਜਾਣਾ ਤਾਂ ਓਦੋਂ ਹੀ ਉਥੇ ਥੋੜ੍ਹੇ ਮਿੰਟ ਅੱਗੇ ਪਿਛੇ ਇਸ ਨਵ-ਯੁਵਕ ਵੀਰ ਭਾਈ ਜੋਗਿੰਦਰ ਸਿੰਘ ਜੀ ਨੇ ਆ ਜਾਣਾ ਅਤੇ ਨਿਰੀਆਂ ਗੁਰਮਤਿ ਦੀਆਂ ਗੋਸ਼ਟਾਂ ਵਿਚ ਹੀ ਲਗੇ ਰਹਿਣਾ। ਜਦੋਂ ਅਸੀਂ (ਦਾਸ ਅਤੇ ਡਾਕਟਰ ਸਰਦਾਰਾ ਸਿੰਘ ਜੀ ਨੇ) ਪਰਸਪਰ ਗੁਰਮਤਿ ਦੀਆਂ ਗੱਲਾਂ ਕਰਨੀਆਂ ਤਾਂ ਇਨ੍ਹਾਂ ਬੜੇ ਧਿਆਨ ਦੇ ਕੇ ਸੁਣਨੀਆਂ। ਅਸੀਂ ਡਾਕਟਰ ਸਾਹਿਬ ਪਾਸੋਂ ਇਸ ਵੀਰ ਦੀ ਗੈਰ-ਹਾਜ਼ਰੀ ਵਿਚ ਪੁਛਣਾ ਕਿ ਇਹ ਬੜਾ ਹੀ ਸ਼ਰਧਾਲੂ ਅਤੇ ਹੋਣਹਾਰ ਵੀਰ ਜਾਪਦਾ ਹੈ, ਇਸਨੂੰ ਅਸਾਡੇ ਤੁਸਾਡੇ ਪਾਸ ਆਉਣ ਦਾ ਮੁਸ਼ਕ ਕਿਵੇਂ ਆ ਜਾਂਦਾ ਹੈ? ਤਾਂ ਉਹਨਾਂ (ਡਾਕਟਰ ਸਰਦਾਰਾ ਸਿੰਘ) ਨੇ ਆਖਣਾ ਕਿ ਇਹ ਸਚਮੁਚ ਬੜਾ ਹੀ ਸ਼ਰਧਾਵਾਨ ਵੀਰ ਹੈ, ਹਮੇਸ਼ਾ ਗੁਰਮਤਿ ਸਤਿਸੰਗ ਦੀ ਭਾਲ ਵਿਚ ਰਹਿੰਦਾ ਹੈ, ਉਚ ਗੁਰਮਤਿ ਜੀਵਨ ਮੁਤਲਾਸ਼ੀ ਹੈ। ਸਿਵਾਏ ਸਤਸੰਗੀ ਗੁਰਸਿਖ ਜਨਾਂ ਦੇ ਸੰਗ ਤੋਂ ਹੋਰ ਐਰੀ ਗੈਰੀ ਸੰਗਤ ਵਿਚ ਨਹੀਂ ਕਦੇ ਜਾਂਦਾ। ਅੰਮ੍ਰਿਤ ਛੱਕਣ ਲਈ ਬੜੀ ਹੀ ਉਤਾਵਲਾ ਰਹਿੰਦਾ ਹੈ। ਗੁਰਮਤਿ ਅਸੂਲਾਂ ਨੂੰ ਇਸ ਨੇ ਪਹਿਲਾਂ ਹੀ ਘੋਖ ਘੋਖ ਕੇ ਅੰਤਰ-ਆਤਮੇ ਗ੍ਰਹਿਣ ਕਰ ਲੀਤਾ ਹੋਇਆ ਹੈ। ਹੁਣ ਉਸ ਉਤਮ ਸੰਜੋਗ ਸਮੇਂ ਦਾ ਉਡੀਕਵਾਨ ਹੈ ਜਦੋਂ ਕਿ "ਪੰਚ ਪਰਵਾਣ ਪੰਚ ਪਰਧਾਨੁ" ਉਚ-ਜੀਵਨੀ-ਗੁਰਮੁਖ ਪੰਜਾਂ ਪਿਆਰਿਆਂ ਦਾ ਸੰਗਮ ਜੁੜੇ ਤਾਂ ਉਥੋਂ ਇਹ ਅੰਮ੍ਰਿਤ ਛਕ ਕੇ ਸੁਰਜੀਤ ਹੋਵੇ।

ਏਸੇ ਪ੍ਰਕਾਰ ਹੀ ਇਹ ਮੁਬਾਰਕ ਜੀਵਨ ਵਾਲਾ ਜੀਅੜਾ ਤਕੜਾ ਚਿਰ ਗੁਰਸਿੱਖੀ ਦਾ ਉਮੈਦਵਾਰ ਹੀ ਹੋ ਕੇ ਗੁਰ-ਸੰਗਤਾਂ ਵਿਚ ਵਿਚਰਦਾ ਰਿਹਾ। ਗੁਰਮਤਿ ਅਸੂਲਾਂ ਨੂੰ ਪਹਿਲਾਂ ਹੀ ਦ੍ਰਿੜ ਕਰ ਕੇ ਅਤੇ ਦ੍ਰਿੜ੍ਹਤਾ ਸਹਿਤ ਘੋਖ-ਵਿਚਾਰ ਕੇ ਇਸ ਨੇ ਆਪਣੀ ਅਰਧੰਗੀ ਵੀ ਆਪਣੇ ਨਾਲ ਜਹਾਜ਼ੇ ਚਾੜ੍ਹਨ ਲਈ ਤਿਆਰ ਕਰ ਲਈ ਸੀ। ਓੜਕ ਉਹ ਉਤਮ ਦਿਵਸ ਸੰਜੋਗੜਾ ਆ ਹੀ ਗਿਆ ਜਦੋਂ ਕਿ ਇਹ ਵਡਭਾਗੀ ਜੋੜਾ ਜਹਾਜ਼ੇ ਚੜ੍ਹ ਕੇ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਹੋ ਗਿਆ ਅਤੇ ਐਸਾ ਤਿਆਰ-ਬਰ-ਤਿਆਰ ਹੋਇਆ ਕਿ ਇਹ ਗੁਰਮੁਖ ਜੋੜੀ ਗੁਰਮਤਿ-ਗ੍ਰਿਹਸਤ-ਜੀਵਨ ਵਿਚ ਇਕ ਅਦੁੱਤੀ ਜੀਵਨ ਵਾਲੀ ਹੋਈ ਹੈ।

ਗੁਰਮੁਖ ਭੈਣ ਹਰਬੰਸ ਕੌਰ ਇਨ੍ਹਾਂ ਦੀ ਸੁਪਤਨੀ ਸੀ, ਜਿਨ੍ਹਾਂ ਦਾ ਸੰਖੇਪ ਜੀਵਨ ਪਹਿਲਾਂ ਆ ਚੁਕਾ ਹੈ। ਸਿਰੀ ਭਾਈ ਜੋਗਿੰਦਰ ਸਿੰਘ ਜੀ ਰਿਆਸਤੀਏ ਅਹਿਲਕਾਰ ਹੋਣ ਕਰਕੇ ਸਾਰੇ ਪਟਿਆਲੇ ਵਿਖੇ ਸਰਦਾਰ ਹੀ ਕਹਾਂਵਦੇ ਸਨ ਅਤੇ ਗੁਰਮਤਿ ਮੰਡਲਾਂ ਵਿਖੇ ਭਾਈ ਜੋਗਿੰਦਰ ਸਿੰਘ ਕਰਕੇ ਪ੍ਰਸਿਧ ਸਨ। ਅੰਮ੍ਰਿਤ ਛੱਕਣ ਸਾਰ ਇਨ੍ਹਾਂ ਦੀ ਗੁਰਮਤਿ ਸੰਬੰਧੀ ਵਿਚਾਰ ਹੋਰ ਵੀ ਦਸ-ਗੁਣੀ ਅਧਿਕ ਗੰਭੀਰ ਹੋ ਗਈ। ਜਿਸ ਨਾਲ ਵੀ ਇਹ ਵੀਚਾਰ ਕਰਨ ਬੈਠਦੇ ਸਨ, ਉਸ ਨੇ ਇਸ ਗੰਭੀਰ ਵੀਚਾਰ ਦਾ ਜੋ ਰਸ ਉਠਾਇਆ, ਸੋ ਉਹ ਹੀ ਜਾਣਦਾ ਹੈ। ਗੁਰਮਤਿ-ਖੋਜੀ-ਪ੍ਰਾਣੀਆਂ ਨੂੰ ਗੁਰਮਤਿ ਗੰਭੀਰਤਾ ਵਾਲੀ ਵੀਚਾਰ-ਕਸੌਟੀ ਅਤਿਅੰਤ ਹੀ ਗੁਣਕਾਰੀ ਹੁੰਦੀ ਸੀ। ਜਿਸ ਨਾਲ ਵੀ ਇਨ੍ਹਾਂ ਨੇ ਗੁਰਮਤਿ ਵੀਚਾਰਨੀ ਗੋਸ਼ਟੀ ਕੀਤੀ, ਉਹ ਤਤਕਾਲ ਹੀ ਗੁਰੂ ਘਰ ਦਾ ਸ਼ਰਧਾਲੂ ਬਣ ਗਿਆ। ਬੜੇ ਹੀ ਗਹਿਰੇ ਗੰਭੀਰੇ ਗੁਰਮਤਿ ਵਡੀਰੇ ਗੁਰਮੁਖ ਸੱਜਣ ਇਹ ਵੀਰ ਜੋਗਿੰਦਰ ਸਿੰਘ ਜੀ ਹੋਏ ਹਨ। ਗੁਰਸਿਖਾਂ ਦੀ ਗੁਰਮਤਿ-ਮਾਲਾ ਦੀ ਲੜੀ ਵਿਚ ਪ੍ਰੋਤੇ ਹੋਏ ਇਹ ਇਕ ਅਦਭੁਤ ਮਾਣਕ ਮੋਤੀ ਸਦਾ ਦਮਕਦੇ ਚਮਕਦੇ ਉਚ ਗੁਰਪੁਰੀ ਖਿਆਲਾਂ ਦੀਆਂ ਹਰ-ਦਮ ਚੜ੍ਹਦੀਆਂ ਕਲਾਂ ਵਿਚ ਹੀ ਖੇਡਦੇ ਸਨ। ਵਡੇ ਸਿਕਦਾਰੀ ਰਿਆਸਤੀ ਸਰਦਾਰੀ ਅਹਿਲਕਾਰੀ ਵਿਚ ਇਹ ਲਿਪਾਏ-ਮਾਨ ਹੋਏ ਹੀ ਨਹੀਂ, ਦੁਨਿਆਵੀ ਵਡ-ਮਨਸਬਦਾਰੀ ਇਨ੍ਹਾਂ ਨੂੰ ਪੋਹੀ ਹੀ ਨਹੀਂ। ਸਭ ਤੋਂ ਉਤਮ ਗੱਲ ਇਹ ਹੈ ਕਿ ਇਨ੍ਹਾਂ ਦੀ ਸੰਸਾਰਕ ਪਾਏਦਾਰੀ ਦੀ ਉਚਤਾ ਨਾਲੋਂ ਗੁਰਮੁਖਤਾਈ ਵਾਲੀ ਸੁਚਤਾ ਸਦਾ ਨਿਰਾਲੀ ਤੇ ਵਿਲੱਖਣੀ ਹੀ ਰਹੀ। ਗੁਰਮਤਿ ਰਹਿਤ-ਰਹਿਣੀ ਵਿਚ ਸਦਾ ਨਿਪੁੰਨ ਹੀ ਰਹੇ, ਬਰਸਾਂ ਬੱਧੀ ਵਿਡਾਣੀ ਚਾਕਰੀ ਕੀਤੀ, ਪਰ ਨਿਰੰਕਾਰੀ ਰੰਗਾਂ ਵਿਚ ਕੀਤੀ, ਕਦੇ ਵੀ ਪ੍ਰਮਾਰਥੀ ਔਜ ਤੋਂ ਹੇਠਾਂ ਨਹੀਂ ਹੋਏ। ਉਸ ਵਕਤ ਦੇ ਮਹਾਰਾਜਾ ਪਟਿਆਲਾ ਨੇ ਇਨ੍ਹਾਂ ਨੂੰ ਅਨੇਕਾਂ ਵਾਰ ਟੁੰਬਿਆ ਕਿ ਜੇ ਦਾੜ੍ਹਾ ਚੜ੍ਹਾ ਲਿਆ ਕਰੋ ਤਾਂ ਤੁਸਾਨੂੰ ਉੱਚ ਪਦਵੀ ਤੇ ਚੜ੍ਹਾ ਦੇਈਏ, ਪਰ ਗੁਰੂ ਵਰਸਾਏ ਗੁਰਮੁਖ ਪਿਆਰੇ ਭਾਈ ਜੋਗਿੰਦਰ ਸਿੰਘ ਜੀ ਕਦੇ ਵੀ ਚਕਮੇ ਹੇਠ ਨਹੀਂ ਆਏ। ਅਨੇਕਾਂ

ਬਰਸਾਂ ਹੀ ਅਹਿਲਕਾਰੀ ਕਰਦਿਆਂ ਗੁਜ਼ਰ ਗਏ, ਪਰ ਸਦ ਸਦੀਵ ਹੀ ਇਨ੍ਹਾਂ ਨੇ ਆਪਣਾ ਦਾੜ੍ਹਾ ਗੁਰਮੁਖੀ ਦਾੜ੍ਹਾ ਹੀ ਰਖਿਆਸ ਜੈਸਾ ਕਿ ਇਨ੍ਹਾਂ ਦੀ ਨਿਜ ਸੁਪਤਨੀ ਨੇ ਸੀਸ ਦਸਤਾਰੇ ਦੀ ਰਹਿਤ ਕਦੇ ਨਹੀਂ ਤਿਆਗੀ ਸੀ, ਅਨੇਕਾਂ ਅਹਿਲਕਾਰਨੀਆਂ ਰਾਣੀਆਂ ਪਟਰਾਣੀਆਂ ਨੇ ਉਸ ਸੁਭਾਗ ਬੀਬੀ ਹਰਬੰਸ ਕੌਰ ਨੂੰ ਬਥੇਰੇ ਕੁਸੰਗ ਪ੍ਰੇਰੇ ਦਿੱਤੇ।

ਸਾਡੇ ਜੇਲ੍ਹ ਯਾਤਰਾ ਜਾਣ ਤੋਂ ਪਹਿਲਾਂ ਵੀਰ ਜੋਗਿੰਦਰ ਸਿੰਘ ਜੀ ਨਾਰੰਗਵਾਲ ਪ੍ਰੇਮ-ਫੇਰੀ ਪਾਉਂਦੇ ਹੀ ਰਹਿੰਦੇ ਸਨ। ਸਾਡੇ ਮਿਲਣ ਲਈ ਅਤੇ ਸਤਸੰਗ ਮੇਲੇ ਲਈ ਜਦੋਂ ਵੀ ਇਨ੍ਹਾਂ ਨੂੰ ਪਟਿਆਲੇ ਬੈਠਿਆਂ ਉਠਾਉ ਉਠਿਆ ਓਦੋਂ ਹੀ ਤੁਰੰਤ ਤੁਰ ਪੈਂਦੇ ਸੀ। ਦਿਨ ਨਹੀਂ ਦੇਖਿਆ ਕਦੇ ਰਾਤ ਨਹੀਂ ਦੇਖੀ, ਕਦੇ ਛੁਟੀ ਨਹੀਂ ਮੰਗੀ, ਕਦੇ ਕਿਸੇ ਨੂੰ ਦਰਖਾਸਤ ਨਹੀਂ ਦਿਤੀ, ਪਰ ਇਨ੍ਹਾਂ ਨੇ ਸਤਿਸੰਗ-ਸਮਾਗਮ ਕੋਈ ਨਹੀਂ ਛਡਿਆ ਸੀ। ਗੁਰੂ ਦੀ ਐਸੀ ਕ੍ਰਿਪਾਲਤਾ ਇਨ੍ਹਾਂ ਤੇ ਸੀ, ਕਿਸੇ ਇਨ੍ਹਾਂ ਦੇ ਅਫਸਰ ਨੇ ਇਨ੍ਹਾਂ ਨੂੰ ਕਦੇ ਕੁਝ ਨਹੀਂ ਕਿਹਾ ਜਾਂ ਪੁਛਿਆ ਸੀ। ਸਰੀਰ ਕਰਕੇ ਭਾਵੇਂ ਕਮਜ਼ੋਰ ਸਿਹਤ ਵਾਲੇ ਸਨ, ਪ੍ਰੰਤੂ ਇਨ੍ਹਾਂ ਨੇ ਅਨੇਕਾਂ ਅਖੰਡ ਪਾਠ ਸਮਾਗਮ ਅਤੇ ਅਖੰਡ ਕੀਰਤਨ ਸਮਾਗਮ ਸਾਰੇ ਦੇ ਸਾਰੇ ਇਕ-ਆਸਣੀ ਸਮਾਧੀ ਵਿਚ ਬੈਠ ਕੇ ਸੁਣੇ। ਇਨ੍ਹਾਂ ਸਮਾਗਮਾਂ ਵਿਚ ਇਨ੍ਹਾਂ ਨੇ ਕਦੇ ਕੁਛ ਖਾਣ ਪੀਣ ਦੀ ਪਰਵਾਹ ਨਹੀਂ ਕੀਤੀ, ਬੈਠੇ ਬਿਠਾਇਆਂ ਹੀ ਅਚਿੰਤ ਅਹਾਰ ਛਕਣ ਨੂੰ ਮਿਲੇ ਤਾਂ ਛਕ ਲੈਂਦੇ ਸਨ, ਕਦੇ ਆਪਣੀ ਰੁਚੀ ਤੋਂ ਖਾਣ ਪੀਣ ਦੀ ਮੰਗ ਨਹੀਂ ਕੀਤੀ। ਹਕੀਕਤ ਇਹ ਹੈ ਕਿ ਪਰਲੇ ਦਰਜੇ ਦੇ ਨਾਮ-ਅਹਾਰੀ ਹੋਣ ਕਰਕੇ ਸਿਮਰਨ ਵਿਚ ਹੀ ਮਸਤ ਰਹਿੰਦੇ ਸਨ, ਸਿਮਰਨ ਦਾ ਅਗਾਧ ਸੁਆਦ ਇਨ੍ਹਾਂ ਨੂੰ ਆ ਚੁਕਿਆ ਸੀ, ਜਿਸ ਦੇ ਮੁਕਾਬਲੇ ਵਿਚ ਆਨ-ਭੋਜਨੀ-ਅਹਾਰ ਇਨ੍ਹਾਂ ਨੂੰ ਹੇਚ ਪ੍ਰਤੀਤ ਹੁੰਦੇ ਸਨ। ਵਾਧੇ ਦੀ ਗੱਲ ਜਿਹੜੀ ਅਸੀਂ ਇਨ੍ਹਾਂ ਵਿਚ ਵੇਖੀ ਉਹ ਇਹ ਸੀ, ਦਫਤਰ ਦਾ ਕੰਮ ਕਰਦਿਆਂ ਹੋਇਆਂ ਇਨ੍ਹਾਂ ਦੀ ਸਿਮਰਨ-ਕਲਾ ਕਦੇ ਨਹੀਂ ਖੁੰਝੀ ਸੀ ਅਤੇ ਸਿਮਰਨ-ਰੰਗਾਂ ਵਿਚ ਤਿਰਬੁਡ ਹੋਏ ਭੀ ਆਪਣਾ ਸੰਸਾਰੀ ਮਨਸਬੀ ਕਾਰਜ ਪੂਰਾ ਪੂਰਾ ਨਿਭਾਈ ਜਾਂਦੇ ਸਨ, ਉਸ ਵਿਚ ਕਦੇ ਗਲਤੀ ਨਹੀਂ ਹੋਈ। ਊਠਤ ਬੈਠਤ ਸੋਵਤ ਜਾਗਤ ਇਨ੍ਹਾਂ ਦਾ ਸਿਮਰਨ ਸਦਾ ਹੀ ਸਹਿਜ ਬਿਵਸਥਾ ਵਿਚ ਚਲਦਾ ਰਹਿੰਦਾ ਸੀ, ਅਜਰ ਨੂੰ ਜਰਨ ਵਿਚ ਇਨ੍ਹਾਂ ਦੀ ਖਾਸ ਨਿਪੁੰਨਤਾ ਸੀ ਅਤੇ ਪਹਿਲੇ ਪਹਿਲ ਨਾਮ ਕਮਾਈ ਕਰਨ ਵਿਚ ਬੜੀ ਦ੍ਰਿੜਤਾ ਸਹਿਤ ਜੁਟੇ ਰਹਿੰਦੇ ਸਨ। ਪਹਿਲੀ ਅਵਸਥਾ ਦੀ ਕਮਾਈ ਇਨ੍ਹਾਂ ਨੇ ਪੁਗ ਚੁਕੇ ਆਤਮ-ਅਭਿਆਸੀਆਂ ਦੇ ਸਨਮੁਖ ਅਤੇ ਸੰਗ ਸਾਥ ਬੈਠ ਕੇ ਕੀਤੀ ਅਤੇ ਜੋ ਇਨ੍ਹਾਂ ਦੇ ਹੱਡ ਬੀਤੀ, ਸੋ ਬਿਨਾਂ ਲੁਕ ਲਪੇਟ ਦੇ ਸਪੱਸ਼ਟ ਜ਼ਾਹਰ ਕਰ ਦਿੱਤੀ।

## ਆਤਮ-ਚਮਤਕਾਰਾਂ ਦੇ ਅਜਬ ਨਜ਼ਾਰੇ –

ਇਕ ਵਾਰ ਦਾ ਜ਼ਿਕਰ ਹੈ ਕਿ ਸਿਰੀ ਭਾਈ ਜੋਗਿੰਦਰ ਸਿੰਘ ਜੀ ਬੜੇ ਚਾਉ ਉਮਾਉ ਦੇ ਨਾਲ ਪਟਿਆਲੇ ਤੋਂ ਚੱਲ ਕੇ ਸਾਡੇ ਪਾਸ ਨਾਰੰਗਵਾਲ ਆ ਗਏ, ਅਤੇ ਇਹ ਧਾਰਨਾ ਧਾਰ ਕੇ ਆਏ ਕਿ ਐਤਕੀਂ ਅਤੁਟ ਕਮਾਈਆਂ ਕਰ ਕੇ ਆਤਮ-ਰੰਗਾਂ ਦੇ ਅਤਿ ਉਚੜੇ ਔਜ ਦੀਆਂ ਮੌਜਾਂ ਮਾਣ ਕੇ ਛਡਣੀਆਂ ਹਨ। ਅਸੀਂ ਇਨ੍ਹਾਂ ਦੀ ਦ੍ਰਿੜ੍ਹਤਾ ਦੇਖ ਕੇ ਇਨ੍ਹਾਂ ਨੂੰ ਬੇਨਤੀ ਕੀਤੀ ਕਿ ਆਪ ਦੀ ਦ੍ਰਿੜ੍ਹਤਾ ਬੜੀ ਮੁਬਾਰਕ ਹੈ, ਪ੍ਰੰਤੂ ਪ੍ਰਮਾਰਥ ਦੇ ਮਾਰਗ ਵਿਚ ਬਹੁਤੇ ਹੱਠ ਕੀਤੇ ਨਹੀਂ ਪੁਗਦੇ, ਗੁਰੂ ਕਰਤਾਰ ਦੀ ਨਦਰ ਮਿਹਰ ਦੇ ਪ੍ਰਾਇਣ ਹੋ ਕੇ ਅਭਿਆਸ ਕਮਾਈ ਕਰੀ ਜਾਣਾ ਨਾਮ ਅਭਿਆਸੀ ਗੁਰਸਿਖ ਜਗਿਆਸੂ ਦਾ ਆਮ ਫਰਜ਼ ਹੈ, ਸਤਿਗੁਰ ਦੇ ਦ੍ਰਿੜ੍ਹਾਏ, ਧੀਰਜ ਧਰਾਏ, ਧੁਰ ਧੁਰੇ ਉਤੇ ਲਗੇ (ਜੁਟੇ) ਤੁਰੇ ਜਾਣਾ ਚਾਹੀਦਾ ਹੈ ਅਤੇ ਵਾਹਿਗੁਰੂ ਦੇ ਦਰ ਉਤੇ ਪ੍ਰਵਾਣ ਪੈਣ ਅਤੇ ਪੁਜਣ ਪੁਗਣ ਦੀ ਆਸ ਗੁਰੂ ਤੇ, ਕਿਰਪਾ-ਪ੍ਰਾਇਣ ਹੋ ਕੇ, ਛਡ ਰਖਣੀ ਚਾਹੀਦੀ ਹੈ, ਜੈਸੇ ਕਿ ਗੁਰਵਾਕ ਹੈ,

***ਸਤਿਗੁਰ ਕੀ ਧਰ ਲਾਗਾ ਜਾਵਾ***
***ਗੁਰ ਕਿਰਪਾ ਤੇ ਹਰਿ ਦਰੁ ਲਹੀਆ॥***

ਇਹ ਗੁਰਵਾਕ ਸੁਣ ਕੇ ਤਾਂ ਉਹ ਤਾਬੜ ਤੋੜ ਇਸ ਹੁਕਮ ਦੀ ਕਮਾਈ ਕਰਨ ਪਰ ਤਤਪਰ ਹੋ ਗਏ, ਕਿਉਂਕਿ ਉਹ ਗੁਰੂ-ਹੁਕਮਾਂ ਦੇ ਅਨਿੰਨ ਆਗਿਆਕਾਰ ਤੇ ਅਨੁਸਾਰੀ ਸਨ। ਅਜਿਹੀ ਅਨਿੰਨਤਾ ਵਾਲੀ ਸ਼ਰਧਾ ਦੇ ਸ਼ਰਧਾਲੂ ਅਸੀਂ ਵਿਰਲੇ ਹੀ ਇਨ੍ਹਾਂ ਜੈਸੇ ਗੁਰਸਿਖ ਦੇਖੇ ਹਨ। ਉਸ ਰਾਤ ਨਾਰੰਗਵਾਲ ਹੀ ਪ੍ਰੇਮ-ਕੁਟੀਆ ਵਿਚ ਭੂਮ-ਆਸਨੀ ਸਫਾਂ ਵਿਛਾ ਕੇ ਨਾਮ ਅਭਿਆਸ ਦੇ ਆਤਮ-ਤਰੰਗੀ-ਰੰਗ-ਜਨ ਜੋ ਕਮਾਈਆਂ ਕਰਨ ਵਿਚ ਜੁਟੇ ਹੋਏ ਸਨ, ਉਨ੍ਹਾਂ ਦੇ ਨਾਲ ਲਗਵੇਂ ਹੀ ਭਾਈ ਜੋਗਿੰਦਰ ਸਿੰਘ ਵੀ ਆ ਜੁਟੇ। ਅਜ ਰਾਤ ਭਾਈ ਜੋਗਿੰਦਰ ਸਿੰਘ ਜੀ ਨੇ ਪਹਿਲਾ ਚਮਤਕਾਰ ਇਹ ਵੇਖਿਆ ਕਿ ਅਤੁਟ ਆਤਮ-ਅਭਿਆਸ ਕਮਾਈ ਕਰਦੇ ਕਰਦੇ ਇਹ ਇਕ-ਦਮ ਗੜੂੰਦ ਹੋ ਗਏ। ਪਹਿਲਾ ਹੀ ਵਿਸਮਾਦ-ਝਲਕਾ ਇਹਨਾਂ ਨੇ ਦੇਖਿਆ ਸੀ ਅਤੇ ਅਜਰ ਨੂੰ ਨਹੀਂ ਜਰਿਆ ਸੀ ਕਿ ਬੇਹਤਾਸ਼ਾ ਹੋ ਕੇ ਪੁਕਾਰ ਉਠੇ ਕਿ ਭਾਈ ਸਾਹਿਬ, ਇਹ ਕੀ ਹੋਇਆ, ਸਾਰੇ ਪਿੰਡ ਦੇ ਕੁੱਤੇ ਮੇਰੇ ਅੰਦਰ ਹੀ ਭੌਂਕ ਰਹੇ ਹਨ ਅਤੇ ਕਈ ਚੱਕੀਆਂ ਵੀ ਮੇਰੇ ਅੰਦਰ ਚਲ ਰਹੀਆਂ ਹਨ। ਅਸੀਂ ਕਿਹਾ, "ਭਾਈ ਵੀਰ ਜੀ, ਘਬਰਾਉਣ ਦੀ ਕੋਈ ਗੱਲ ਨਹੀਂ, ਅਜੇ ਤਾਂ ਸਾਰੇ ਬ੍ਰਹਿਮੰਡ ਦੇ ਚੱਕਰ ਤੁਹਾਡੇ ਅੰਦਰ ਚਲਦੇ ਤੁਸਾਂ ਨੂੰ ਪ੍ਰਤੀਤ ਹੋਣੇ ਹਨ, ਤੁਸੀਂ ਇਨ੍ਹਾਂ ਸੰਸਾਰਕ ਚੱਕਰ-ਚੱਕੀਆਂ ਤੋਂ ਅਪਰੰਪਰ ਹੋ ਕੇ ਕੇਵਲ ਨਾਮ-ਰੰਗਾਂ ਦੀ ਬਿਸਮਾਦ-ਖੇਡ ਵਿਚ ਹੀ ਆਪਣੀ ਸੁਰਤੀ ਬਿਰਤੀ ਰੱਖਣੀ ਹੈ, ਹੋਰ ਕਿਸੇ ਪਾਸੇ ਨਹੀਂ ਅਟਕਣ ਦੇਣੀ।" ਸਤ ਬਚਨ ਕਹਿ ਕੇ ਉਥੇ ਹੀ ਜੁਟ ਪਏ, ਨਾਮ ਜਪਣ ਵਿਚ। ਜਪਦੇ ਜਪਦੇ ਕੋਈ ਅੱਧੇ ਘੰਟੇ ਪਿਛੋਂ ਇਕ-ਦਮ ਉਠ ਕੇ ਦੋ ਹੱਥ ਜੋੜ ਕੇ ਖੜੇ ਹੋ ਗਏ। ਉਹਨਾਂ ਦੇ ਮੁਖ ਤੇ ਤਰੇਲੀਆਂ ਆਈਆਂ ਵੇਖ ਕੇ ਅਸੀਂ ਉਨ੍ਹਾਂ ਨੂੰ ਮਲਕੜੇ ਜਿਹੇ ਫੇਰ ਬੁਸ਼ਾਰਤ ਦਿਤੀ ਕਿ ਘਾਬਰਨਾ ਨਹੀਂ। ਪਰ ਭਾਈ ਜੋਗਿੰਦਰ ਸਿੰਘ ਜੀ ਦੋ ਚਾਰ ਮਿੰਟ ਗੁਪਤ ਬਿਨੈ ਜੋਦੜੀਆਂ ਕਰ ਕੇ ਬੈਠ ਗਏ ਅਤੇ ਕਹਿਣ ਲਗੇ ਕਿ "ਅੱਜ ਅਸਾਥੋਂ ਏਦੂੰ ਅਗੇ ਨਹੀਂ ਚਲਿਆ ਜਾਂਦਾ, ਡਾਢੀ ਅਟਕਾਰ ਇਹ ਪਈ ਹੈ ਕਿ ਅਸਾਡਾ ਸਾਰਾ ਸੂਖਮ ਸਰੀਰ ਜਿੰਦੜੀ ਸਹਿਤ ਇਕ ਨਿੱਕੀ ਸੂਈ ਦੇ ਨੱਕੇ ਜਿੰਨੀ ਸੁਰਾਖਨੀ ਵਿਚ ਦੀ ਮੱਲੋ ਮੱਲੀ ਲੰਘਿਆ ਜਾ ਰਿਹਾ ਹੈ, ਜਿਸ ਨੂੰ ਦੇਖ ਕੇ ਸਾਨੂੰ ਭੈ-ਭਰਾਂਤੀ ਉਪਜ ਰਹੀ ਹੈ, ਮਤੇ ਬਿਨਾਸਕਾਰੀ ਨਾ ਹੋ ਜਾਵੇ।" ਅਸੀਂ ਸੁਣ ਕੇ ਹੱਸ ਪਏ ਅਤੇ ਉਹਨਾਂ ਦੇ ਨਮਿਤ

ਅਜਰ ਨੂੰ ਜਰਨ ਦੀ ਅਰਦਾਸ ਕੀਤੀ, ਜਿਸ ਤੋਂ ਉਹ ਸਹਿਜ ਰੰਗਾਂ ਵਿਚ ਆਏ ਅਤੇ ਮੁੜ ਕਦੇ ਨਹੀਂ ਘਬਰਾਏ।

ਇਕ ਬੜੀ ਅਨੂਪਮ ਖੇਡ ਹੈ ਕਿ ਉਹਨਾਂ ਦੀ ਸਾਰੀ ਸੰਤਾਨ, ਆਯੂ ਦੇ ਪਹਿਲੇ ਪਹਿਲ ਛੋਟੀ ਅਵਸਥਾ ਦੇ ਦਿਨਾਂ ਵਿਚ ਬੜੇ ਹੀ ਉਚ ਆਤਮ-ਰੰਗਾਂ ਵਿਚ ਖੇਡਣ ਵਾਲੀ ਹੋਈ ਹੈ। ਪਿਛੋਂ ਜਾ ਕੇ ਐਸੇ ਬਾਕੇ ਵਗੇ ਕਿ ਸਾਰਿਆਂ ਦੇ ਅੰਦਰ ਹੀ ਸੁੰਨਤਾ ਵਰਤ ਗਈ। ਅਨਿੰਨ ਗੁਰਸਿੱਖੀ ਦੀ ਦ੍ਰਿੜ੍ਹਤਾ ਹੋਣ ਕਰਿ ਦੰਪਤੀ ਦੇ ਗੁਰਮਤਿ ਖਿਆਲਾਂ ਦੀ ਇਹ ਦੈਵੀ ਰਵਸ਼ ਸੀ ਕਿ ਬੱਚਿਆਂ ਦੇ ਜਨਮਣ ਅਨੁਸਾਰ ਹੀ ਉਨ੍ਹਾਂ ਨੂੰ ਜਨਮ-ਗੁੜ੍ਹਤੀ ਨਾਮ-ਅੰਮ੍ਰਿਤ ਦੀ ਹੀ ਦਿਤੀ ਜਾਂਦੀ ਸੀ, ਅਤੇ ਪੂਰਨ ਗੁਰਮਤਿ ਸੰਸਾਕਰ ਦ੍ਰਿੜ੍ਹਾਏ ਜਾਂਦੇ ਸਨ। ਜਿਸ ਦਾ ਤਤਸਾਰ ਸਿੱਟਾ ਇਹ ਪ੍ਰਗਟ-ਪਹਾਰੇ ਨਿਕਲਿਆ ਕਰਦਾ ਸੀ ਕਿ ਅਨਿੰਨ ਗੁਰਸਿਖ ਸਿਰੀ ਭਾਈ ਜੋਗਿੰਦਰ ਸਿੰਘ ਜੀ ਦੀ ਅੰਸ ਤੋਂ ਅਤੇ ਅਤਿ ਗੁਰਮੁਖ ਪਿਆਰੀ ਭੈਣ ਹਰਬੰਸ ਕੌਰ ਜੀ ਦੀ ਕੁਖ ਤੋਂ ਜਾਈ ਉਲਾਦ ਜੰਮਦੇ ਔਲੀਆਂ ਵਾਲੀ ਹੀ ਪ੍ਰਸਿਧੀ ਨੂੰ ਪ੍ਰਾਪਤ ਹੋਈ। ਚਾਹੇ ਇਹ ਪ੍ਰਸਿਧ ਚਮਤਕਾਰ ਥੋੜੇ ਦਿਨ ਹੀ ਰਹਿੰਦੇ ਸਨ, ਅਵਾਇਲ ਉਮਰ ਵਿਚ ਬਹੁਤੇ ਅਸਰ ਪਜ਼ੀਰ ਸਨ। ਪਰ ਇਸ ਗੱਲ ਵਿਚ ਰੰਚਕ ਸੰਦੇਹ ਨਹੀਂ ਕਿ ਉਕਤ ਚਮਤਕਾਰ ਸੰਸਾਰਕ ਦੇਖਣ ਪਰਖਣ-ਹਾਰਿਆਂ ਲਈ ਬੜੇ ਹੀ ਦੰਗ ਕਰਨਹਾਰੇ ਸਨ।

ਉਨ੍ਹਾਂ ਦਾ ਸਭ ਤੋਂ ਪਹਿਲਾਂ ਜਨਮਿਆ ਭੁਝੰਗੀ ਅਨੰਦ ਸਿੰਘ ਤੇ ਸਭ ਤੋਂ ਪਹਿਲੀ ਪ੍ਰਗਟ ਹੋਈ ਤੇ ਸਭ ਸੰਤਾਨ ਤੋਂ ਛੋਟੀ ਬੀਬੀ ਚਰਨ ਕੌਰ ਦੇ ਮੁਢ-ਕਦੀਮੀ ਹਾਲਾਤ ਗੁਰਮਤਿ-ਰੰਗਾਂ ਵਾਲੇ ਅਸੀਂ ਆਪਣੇ ਅੱਖੀਂ ਡਿਠੇ ਹਨ। ਭੁਝੰਗੀ ਅਨੰਦ ਸਿੰਘ ਤਾਂ ਅਸਾਡੇ ਜੇਲ੍ਹ ਯਾਤਰਾ ਜਾਣ ਤੋਂ ਪਹਿਲਾਂ ਹੀ ਪ੍ਰਗਟ ਹੋ ਚੁਕਾ ਸੀ। ਉਹ ਇਕ ਬੜੀ ਹੀ ਚਮਤਕਾਰੀ ਜ਼ਿੰਦਗੀ ਵਾਲਾ ਭੁਝੰਗੀ ਹੋਇਆ ਹੈ। ਅਜੇ ਉਹਦੀ ਬੜੀ ਛੋਟੀ ਉਮਰ ਸੀ, ਮਸਾਂ ਹੀ ਬੋਲਣ ਚਾਲਣ ਲਗਿਆ ਸੀ, ਜਦ ਕਿ ਉਸ ਦੀ ਬੋਲ ਚਾਲ ਬੜੇ ਹੀ ਚੜ੍ਹਦੀਆਂ ਕਲਾਂ ਵਾਲੇ ਸਿੰਘ ਭੁਝੰਗੀਆਂ ਵਾਲੇ ਸੀ, ਅਤੇ ਡੂੰਘੇ ਫਕੀਰੀ ਰੰਗਾਂ ਦੇ ਆਤਮ-ਇਜ਼ਹਾਰ ਉਸ ਦੀ ਰਸਨਾ ਤੋਂ ਹੋਇਆ ਕਰਦੇ ਸਨ। ਰਿਆਸਤ ਦੇ ਬੜੇ ਬੜੇ ਅਮੀਰ ਕਬੀਰ ਉਸ ਦੇ ਦਰਸ਼ਨ ਕਰਨ ਭਾਈ ਜੋਗਿੰਦਰ ਸਿੰਘ ਦੇ ਘਰ ਆਇਆ ਕਰਦੇ ਸਨ। ਨਾਮਧਾਰੀ ਸ਼੍ਰੇਣੀ ਦੇ ਉਚ ਅਵਸਥਾ ਵਾਲੇ ਨਾਮਧਾਰੀ ਸਿੰਘਾਂ ਨੇ ਇਸ ਭੁਝੰਗੇ ਦੇ ਦਰਸ਼ਨ-ਦੀਦਾਰੇ ਕਰਦੇ ਹੀ ਰਹਿਣਾ, ਕਦੇ ਕੋਈ ਆ ਗਿਆ, ਕਦੇ ਕੋਈ ਆ ਗਿਆ। ਉਨ੍ਹਾਂ ਨਾਮਧਾਰੀ ਸਿੰਘਾਂ ਦਾ ਇਹ ਦਾਅਵਾ ਸੀ, ਕਿ ਇਹ ਭੁਝੰਗੀ ਅਨੰਦ ਸਿੰਘ ਉਸ ਨਾਮਧਾਰੀ ਭੁਝੰਗੀ ਦਾ ਅਵਤਾਰ ਹੈ, ਜੋ ਬਾਬਾ ਰਾਮ ਸਿੰਘ ਦੇ ਸਮੇਂ ਨਾਮਧਾਰੀ ਤਹਿਰੀਕ ਵਿਚ ਹੋਰ ਨਾਮਧਾਰੀ ਸਿੰਘਾਂ ਦੇ ਸੰਗ ਸਾਥ ਤੋਪ ਅਗੇ ਉਡਾਇਆ ਗਿਆ ਸੀ। ਅਸੀਂ ਤਾਂ ਇਸ ਗੱਲ ਦੇ ਕਾਇਲ ਨਹੀਂ ਸਾਂ, ਕਿਉਂਕਿ ਅਸਾਡੀ ਯਕੀਨੀ ਸ਼ਰਧਾ ਇਹ ਹੈ, ਨਿਸ਼ਕਾਮ ਸ਼ਹੀਦ ਰੂਹ ਮੁੜ ਕੇ ਜਨਮ ਮਰਨ ਦੇ ਗੇੜ ਵਿਚ ਨਹੀਂ ਪੈ ਸਕਦੀ। ਪਰ ਇਸ ਵਿਚ ਵੀ ਸ਼ਕ ਨਹੀਂ ਕਿ ਉਸ ਭੁਝੰਗੀ ਅਨੰਦ ਸਿੰਘ ਦੀਆਂ ਗੱਲਾਂ ਬੜੀਆਂ ਹੀ ਅਸਚਰਜ ਸਨ। ਆਮ ਸਿੱਖਾਂ ਦੀਆਂ ਅੰਦਰਲੀਆਂ ਗੱਲਾਂ ਬੁਝ ਲੈਣ ਵਿਚ ਭੁਝੰਗੀ ਅਨੰਦ ਸਿੰਘ ਨੂੰ ਬੜਾ ਕਮਾਲ ਹਾਸਲ ਸੀ। ਜਦ ਕਦੀ ਪਟਿਆਲੇ ਸਿਰੀ ਭਾਈ ਜੋਗਿੰਦਰ ਸਿੰਘ ਦੇ ਗ੍ਰਿਹਿ ਵਿਖੇ ਅੰਮ੍ਰਿਤ ਸਮਾਗਮ ਹੋਇਆ ਕਰਦਾ ਸੀ, ਤਾਂ ਅਕਸਰ ਅੰਮ੍ਰਿਤ-ਅਭਿਲਾਖੀਆਂ ਦੀ ਪੜਚੋਲ ਲਈ ਪੰਜਾਂ ਪਿਆਰਿਆਂ ਤੋਂ ਪਹਿਲਾਂ ਇਸ ਭੁਝੰਗੇ ਦੇ ਦ੍ਰਿਸ਼ਟੀ ਗੋਚਰ ਕਰਾ ਲਿਆ ਕਰਦੇ ਸਾਂ।

ਇਕ ਵਾਰ ਮੇਰੇ ਸਾਮ੍ਹਣੇ ਦਾ ਜ਼ਿਕਰ ਹੈ ਕਿ ਇਕ ਉਘਾ ਰਿਆਸਤੀ ਪ੍ਰਚਾਰਕ ਅੰਮ੍ਰਿਤ ਛਕਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਜੁੜੀ ਹੋਈ ਸੰਗਤ ਦੇ ਸਾਹਮਣੇ ਆ ਹਾਜ਼ਰ ਹੋਇਆ। ਇਸ ਸਮਾਗਮ ਵਿਚ ਭੁਝੰਗੀ ਅਨੰਦ ਸਿੰਘ ਵੀ ਬੈਠਾ ਸੀ; ਤਦੋਂ ਇਸ ਭੁਝੰਗੇ ਨੇ ਪੁਕਾਰ ਕੇ ਸਾਨੂੰ ਆਖਿਆ ਕਿ ਇਸ ਅੰਮ੍ਰਿਤ ਅਭਿਲਾਖੀ ਉਪਦੇਸਕ ਦੇ ਬੜੇ ਹੀ ਗੁਝੇ ਪਾਪ-ਕਰਮ ਹਨ, ਜਿਨ੍ਹਾਂ ਨੂੰ ਜਦ ਤਾਈਂ ਇਹ ਸਾਫ ਤੌਰ ਤੇ ਪੰਜਾਂ ਪਿਆਰਿਆਂ ਅੱਗੇ ਪ੍ਰਗਟ ਨਾ ਕਰ ਦੇਵੇ, ਓਦੋਂ ਤਾਈਂ ਸਮਝੋ ਕਿ ਇਸ ਦੇ ਅੰਦਰ ਮੈਲ ਹੈ, ਪੂਰਨ ਪਾਹ ਚੜ੍ਹੇ ਬਿਨਾਂ ਇਸ ਤੇ ਰੰਗ ਨਹੀਂ ਚੜ੍ਹੇਗਾ।

ਉਹ ਅਭਿਲਾਖੀ ਜਨ ਇਹ ਸੁਣ ਕੇ ਛਪਾਲ ਹੋ ਕੇ ਤੇ ਧੜੰਮ ਕਰ ਕੇ ਡੰਡਉਤ ਪਰਨੇ ਭਰੀ ਸੰਗਤ ਵਿਚ ਗੁਰੂ ਗ੍ਰੰਥ ਸਾਹਿਬ ਜੀ ਅਗੇ ਡਿਗ ਪਿਆ। ਉਸ ਨੂੰ ਇਹ ਹੋਸ਼ ਹਵਾਸ ਨਹੀਂ ਰਹੀ ਕਿ ਫਰਸ਼ ਤੇ ਡਿਗਣ ਕਰਕੇ ਉਸ ਦੇ ਮੱਥੇ ਪੁਰ ਜਖਮ ਆ ਗਿਆ ਸੀ, ਉਸ ਦੇ ਅੰਦਰੋਂ ਇਹੋ ਹੀ ਦੁਹਾਈ ਵਾਹੋਦਾਹੀ ਨਿਕਲ ਰਹੀ ਹੈ ਕਿ ਮੈਨੂੰ ਜ਼ਰੂਰ ਬਖਸ਼ਵਾ ਦਿਓ, ਮੈਂ ਬੜਾ ਪਾਪ-ਕਰਮੀ ਉਗਰ ਪਾਪੀ ਹਾਂ। ਅਸਲ ਗੱਲ ਇਹ ਹੈ ਕਿ ਇਹ ਇਸ ਭੁਝੰਗੀ ਅਨੰਦ ਸਿੰਘ ਦੇ ਛੋਟੀ ਉਮਰ ਵਿਚ ਹੀ ਆਤਮ-ਚਮਤਕਾਰੀ ਕੌਤਕ ਦੇਖ ਕੇ ਇਸ ਉਗਰ ਪਾਪੀ ਅੰਮ੍ਰਿਤ-ਅਭਿਲਾਖੀ ਉਪਦੇਸ਼ਕ ਜਨ ਨੂੰ ਜਥੇ ਪਾਸੋਂ ਅੰਮ੍ਰਿਤ ਛਕਣ ਦੀ ਤੀਬਰ ਅਭਿਲਾਖਾ ਹੋ ਚੁੱਕੀ ਸੀ। ਹੁਣ ਜਦੋਂ ਇਸ ਭੁਝੰਗੇ ਨੇ ਉਸ ਦੇ ਇਸ ਗੁਝੇ ਪਾਪ ਅੰਦਰਲੇ ਫੋਲਦੇ ਹੋਏ ਰੇਖ ਵਿਚ ਮੇਖ ਮਾਰੀ ਤਾਂ ਇਸ ਦੀ ਯਕੀਨੀ ਸ਼ਰਧਾ ਹੋਰ ਵੀ ਵਧ ਗਈ। ਇਸ ਨੂੰ ਇਹ ਸਰਧਾਉਣ ਵਾਲੀ ਇਹ ਅਨੋਖੀ ਗੱਲ ਸਪੱਸ਼ਟ ਪ੍ਰਤੀਤ ਹੋ ਗਈ ਸੀ ਕਿ ਜਿਸ ਜਥੇ ਦੇ ਭੁਝੰਗੀ ਅਨੰਦ ਸਿੰਘ ਸਾਰਖੇ ਕੇਵਲ ਸਤਾਂ ਸਾਲਾਂ ਦੀ ਛੋਟੀ ਉਮਰ ਵਾਲੇ ਭੁਝੰਗੀਆਂ ਦੀ ਇਹ ਅਤਿ ਵਿਲੱਖਣੀ ਉਤਮ ਦਸ਼ਾ ਹੈ, ਉਸ ਜਥੇ ਦੇ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਲਾਜ਼ਮੀ ਤੌਰ ਤੇ ਅੰਮ੍ਰਿਤ ਛਕਣ-ਹਾਰਿਆਂ ਦੀ ਕਾਇਆਂ ਪਲਟ ਜਾਣੀ ਅਤੇ ਅਮਰ-ਜ਼ੀਸਤੀ ਜ਼ਿੰਦਗੀ ਹੋ ਜਾਣੀ ਪਰਮ ਜ਼ਰੂਰੀ ਹੈ। ਤਾਂ ਤੇ ਇਸ ਪ੍ਰਾਸਚਿਤਕੀ ਗੁਨਾਹਾਂ ਦੀ ਉਘੜ ਉਠੀ ਢਲਵੀਂ ਹਾਲਤ ਵਿਚ ਹੀ ਇਸ ਨੂੰ ਪੰਜਾਂ ਪਿਆਰਿਆਂ ਦੇ ਪੇਸ਼ ਕੀਤਾ ਗਿਆ। ਪੰਜਾਂ ਪਿਆਰਿਆਂ ਦੀ ਹਜ਼ੂਰੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਹੋ ਕੇ ਜੋ ਜੋ ਅੰਦਰਲੇ ਪਾਪ ਏਸ ਦੇ ਉਘੜੇ, ਇੰਨ ਬਿੰਨ ਇਹੀ ਪਾਪ ਇਹ ਭੁਝੰਗੀ ਸਾਨੂੰ ਐਨ ਅੰਤਰਿੰਗ ਵਿਚ ਬਾਹਰ ਦਸ ਚੁਕਿਆ ਸੀ, ਅਸੀਂ ਪਰਖ ਪੇਖ ਕੇ ਹੈਰਾਨ ਪ੍ਰੇਸ਼ਾਨ ਰਹਿ ਗਏ।

ਏਸੇ ਪ੍ਰਕਾਰ ਦੀਆਂ ਅਨੇਕਾਂ ਅਦਭੁਤ ਗੱਲਾਂ ਅਸੀਂ ਏਸ ਭੁਝੰਗੀ ਅਨੰਦ ਸਿੰਘ ਦੀਆਂ ਪਰਖੀਆਂ ਪੇਖੀਆਂ। ਪਿਛੋਂ ਅਸੀਂ ਛੇਤੀ ਹੀ ਜੇਲ੍ਹ ਅੰਦਰ ਪਧਾਰ ਗਏ ਤੇ ਅਸਾਡੇ ਪਿਛੋਂ ਸਮਾਂ ਪਾ ਕੇ ਇਹ ਭੁਝੰਗੀ ਭੀ ਪ੍ਰਲੋਕ ਨੂੰ ਪਧਾਰ ਗਿਆ। ਇਹ ਪਤਾ

ਨਹੀਂ ਕਿ ਕਿਸ ਉਮਰ ਦਾ ਹੋ ਕੇ ਪਧਾਰਿਆ। ਕਿਉਂਕਿ ਸਾਡੀ ਬੜੀ ਲੰਮੀ ਉਮਰ-ਕੈਦ ਸੀ, ਪਰ ਪਿਛੋਂ ਆ ਕੇ ਜੇਲ੍ਹੋਂ ਬਾਹਰ ਆਉਣ ਪਰ ਸਾਨੂੰ ਜਦੋਂ ਇਹ ਪਤਾ ਲਗਿਆ ਕਿ ਭੁਝੰਗੀ ਅਨੰਦ ਸਿੰਘ ਦੀ ਪਿਛਲੀ ਉਮਰ ਉਸੇ ਅਲੌਕਿਕ ਆਤਮ ਅਵਸਥਾ ਵਾਲੀ ਨਹੀਂ ਰਹੀ, ਬਿਲਕੁਲ ਗਿਰ ਚੁਕੀ ਸੀ, ਸਾਨੂੰ ਬੜੀ ਹੈਰਾਨੀ ਉਪਜੀ।

ਬਾਕੀ ਦੇ ਭੁਝੰਗੀ ਭੁਝੰਗਣਾਂ ਤਾਂ ਸਾਡੇ ਜੇਲ੍ਹ ਜਾਣ ਤੋਂ ਪਿਛੋਂ ਹੀ ਪੈਦਾ ਹੋਏ ਸਨ, ਤਾਂ ਤੇ ਸਾਨੂੰ ਉਨ੍ਹਾਂ ਦੀ ਅਵਾਇਲ ਉਮਰ ਵਿਚ ਦੀ ਅਵਸਥਾ ਤੋਂ ਉੱਕੀ ਹੀ ਬੇ-ਖਬਰੀ ਹੈ। ਹਾਂ, ਸਭ ਤੋਂ ਛੋਟੀ ਭੁਝੰਗਣ ਬੀਬੀ ਚਰਨ ਕੌਰ ਸਾਡੇ ਜੇਲ੍ਹ ਤੋਂ ਰਿਹਾ ਹੋ ਕੇ ਆਉਣ ਪਰ ਕੇਵਲ 3-4 ਸਾਲ ਦੀ ਹੀ ਸੀ, ਉਸ ਦੀ ਆਤਮ ਅਵਸਥਾ ਦੇ ਉਸੇ ਤਿੰਨ ਚਾਰ ਸਾਲਾ ਉਮਰ ਵਿਚਲੇ ਆਤਮ-ਕੌਤਕ ਜੋ ਅਸੀਂ ਆਪਣੀ ਅੱਖੀਂ ਦੇਖੇ ਹਨ, ਬੜੇ ਹੀ ਅਨੂਪਮ ਹਨ। ਇਸ ਭੁਝੰਗਣ ਨੂੰ ਭਾਈ ਜੋਗਿੰਦਰ ਸਿੰਘ ਜੀ ਨੇ ਆਪਣੀ ਗੋਦ ਵਿਚ ਲੈ ਕੇ ਅਖੰਡ ਪਾਠ ਅਤੇ ਅਖੰਡ ਕੀਰਤਨੀ ਸਮਾਗਮਾਂ ਦਾ ਅਨੰਦ ਲੈਣਾ। ਕਈ ਵੇਰ ਪਰਤੱਖ ਵੇਖਣ ਵਿਚ ਆਇਆ ਕਿ ਇਸ ਨਿੱਕੀ ਜਿਹੀ ਬਾਲੜੀ ਨੇ ਆਪਣੀ ਪਵਿੱਤਰ-ਆਤਮਾ-ਪਿਤਾ ਜੀ ਦੀ ਗੋਦ ਵਿਚ ਪਏ ਪਏ ਹੀ ਉਹ ਨਾਮ ਦਾ ਖੰਡਾ ਖੜਕਾਉਣਾ ਅਤੇ ਗਗਨੀਂ ਜਾ ਚੜ੍ਹਨਾ, ਜਿਸ ਦੇ ਅਝੱਲ ਤੇ ਪ੍ਰਤਾਪੀ ਚੇਹਰੇ ਤੇ ਆਏ ਅਕਸ ਨੂੰ ਝਲ ਨਹੀਂ ਸਕੀਦਾ ਸੀ। ਜਦ ਇਸ ਬੱਚੀ ਦੇ ਸੁਆਸ ਦਸਵੇਂ ਦੁਆਰ ਤੋਂ ਉਤਰਨੇ, ਤਾਂ ਇਸ ਨੇ ਆਪਣੀ ਤੋਤਲੀ ਜ਼ਬਾਨ ਨਾਲ ਆਗਮ ਨਿਗਮ ਦੀਆਂ ਉਹ ਅਲੌਕਿਕ ਤੇ ਅਗੰਮੀ ਗੱਲਾਂ ਦਸਣੀਆਂ ਕਿ ਸੁਣਨ- ਹਾਰਿਆਂ ਨੇ ਭੀ ਵਿਸਮਾਦ ਰੰਗਾਂ ਵਿਚ ਹੀ ਲੀਨ ਹੋ ਜਾਣਾ। ਸੱਤ ਅੱਠ ਸਾਲ ਦੀ ਉਮਰ ਵਿਚ ਇਸ ਨਿੱਕੀ ਜਿੰਦੜੀ ਨੇ ਵਡੇ ਤੋਂ ਵਡੇ ਸਾਕੇ ਕਰ ਦਿਖਾਏ। ਪਟਿਆਲੇ ਭਾਈ ਜੋਗਿੰਦਰ ਸਿੰਘ ਜੀ ਦੇ ਗ੍ਰਹਿ ਵਿਖੇ ਅਕਸਰ ਸੰਗਤਾਂ ਆਉਂਦੀਆਂ ਜਾਂਦੀਆਂ ਰਹਿੰਦੀਆਂ ਸਨ ਤੇ ਬੜਾ ਅਤੁੱਟ ਲੰਗਰ ਚਲਦਾ ਰਹਿੰਦਾ ਸੀ। ਸਾਰੀਆਂ ਸੰਗਤਾਂ ਨੂੰ ਲੰਗਰ ਛਕਾਉਣ ਦੀ ਅਤੇ ਬਿਸਤਰੇ ਆਦਿ ਸੰਗਤ ਲਈ ਵਿਛਾਉਣ ਦੀ ਅਣਥਕ ਸੇਵਾ ਇਸ ਨਿਕੀ ਜਿਹੀ ਭੁਝੰਗਣ ਨੇ ਆਪਣੀ ਹੱਥੀਂ ਕਰਨੀ ਅਤੇ ਕਰਦੀ ਨੇ ਕਦੇ ਨਾ ਰੱਜਣਾ, ਨਾ ਥੱਕਣਾ, ਫਿਰਦੀ ਤੁਰਦੀ ਸੇਵਾ ਕਰਦੀ ਦਾ ਅਖੰਡਕਾਰ ਅਭਿਆਸ ਲਗਾਤਾਰ ਚਲਦਾ ਰਹਿਣਾ। ਪਰ ਪਤਾ ਨਹੀਂ ਪੂਰਬ ਜਨਮ ਦੇ ਕਰਮਾਂ ਤੇ ਪਿਛਲੇ ਕਰਮਾਂ ਅਨੁਸਾਰ ਅਜਿਹਾ ਗੇੜਾ ਆਇਆ ਕਿ ਨਿਘਰਦੀ ਕਲਾ ਇਕ-ਦਮ ਵਰਤ ਗਈ, ਵਡੀ ਹੋਈ ਤੇ ਹੋਰ ਹੀ ਕੁਰੰਗ ਹੋ ਗਏ।

ਹੁਣ ਇਹਨਾਂ ਦੀ ਸਭ ਤੋਂ ਵੱਡੀ ਬੀਬੀ ਸ਼ਰਨ ਕੌਰ ਦਾ ਗੁਰਮਤਿ-ਅਨੰਦ ਕਾਰਜ-ਕ੍ਰਿਸ਼ਮਾ ਵਰਨਣ ਕੀਤਾ ਜਾਣਾ ਇਸ ਮੌਕੇ ਤੇ ਪੂਰਾ ਢੁਕਦਾ ਹੈ। ਇਸ ਗੁਰਮਤਿ ਕਾਰਜ ਸੰਬੰਧੀ ਸਿਰੀ ਭਾਈ ਜੋਗਿੰਦਰ ਸਿੰਘ ਜੀ ਦੀ ਸਿਦਕ-ਪੁੰਜ-ਗੁਰਮਤਿ-ਰਹਿਤ-ਰਹਿਣੀ ਵਾਲਾ ਅਤਿ ਉੱਚਾ ਭਰੋਸਾ ਭੀ ਖੂਬ ਪਰਗਟ ਹੋਵੇਗਾ ਅਤੇ ਰਹਿੰਦੀ ਦੁਨੀਆ ਤਾਈਂ ਕਾਇਮ ਰਹੇਗਾ।

ਮੇਰੀ ਆਪਣੀ ਬੱਚੀ ਬੀਬੀ ਦਲੇਰ ਕੌਰ ਦਾ ਅਨੰਦ ਕਾਰਜ ਨਾਰੰਗਵਾਲ ਸਾਡੇ ਗ੍ਰਹਿ ਵਿਖੇ ਰਚਿਆ ਗਿਆ। ਹੋਰ ਗੁਰਮੁਖ ਸੱਜਣਾਂ ਦੀ ਸ਼੍ਰੇਣੀ ਵਿਚ ਇਸ ਅਨੰਦ ਕਾਰਜ ਉਤੇ ਸਿਰੀ ਭਾਈ ਜੋਗਿੰਦਰ ਸਿੰਘ ਜੀ ਵੀ ਨਾਰੰਗਵਾਲ ਆਏ ਹੋਏ ਹਨ ਅਤੇ ਉਹਨਾਂ ਦੀ ਸਭ ਤੋਂ ਵੱਡੀ ਬੱਚੀ ਸ਼ਰਨ ਕੌਰ ਵੀ ਉਹਨਾਂ ਦੇ ਨਾਲ ਆਈ ਹੈ। ਬੀਬੀ ਦਲੇਰ ਕੌਰ ਦੇ ਕਾਰਜ ਨਮਿਤ ਅਖੰਡਪਾਠ ਹੋ ਰਿਹਾ ਹੈ, ਸਰੋਤੇ ਜਨ ਅਖੰਡ ਪਾਠ ਸੁਣ ਰਹੇ ਹਨ। ਸਿਰੀ ਭਾਈ ਜੋਗਿੰਦਰ ਸਿੰਘ ਜੀ ਮੇਰੇ ਪਾਸ ਬੈਠੇ ਅਖੰਡ ਪਾਠ ਸੁਣਨ ਦਾ ਅਨੰਦ ਲੈ ਰਹੇ ਹਨ। ਮਾਸਟਰ ਜੋਗਿੰਦਰ ਸਿੰਘ ਜੀ ਬੜੂੰਦੀ ਵਾਲੇ ਅਖੰਡ ਪਾਠ ਕਰ ਰਹੇ ਸਨ। ਉਹਨਾਂ ਦਾ ਅਖੰਡ ਪਾਠ ਕੀ, ਅਰਸ਼ੋਂ ਕੁਰਸੋਂ ਫੁੱਲਾਂ ਦੀ ਵਰਖਾ ਹੋ ਰਹੀ ਹੈ। ਅਤੀ ਅਦਭੁਤ ਅਖੰਡ ਪਾਠ ਬੜੇ ਹੀ ਆਤਮ-ਤਰੰਗਾਂ ਵਿਚ ਮਾਸਟਰ ਜੋਗਿੰਦਰ ਸਿੰਘ ਜੀ ਕਰ ਰਹੇ ਹਨ। ਚਿਹਰੇ ਤੇ ਰੰਗ ਚਲੂਲੇ ਚੜ੍ਹੇ ਹੋਏ ਹਨ, ਥੋੜਾ ਥੋੜਾ ਦਾੜ੍ਹਾ ਚਾਰ ਚੁਫੇਰੇ ਮੁਖਾਰਬਿੰਦ ਤੇ ਆਇਆ ਹੋਇਆ ਹੈ।

ਸਿਰੀ ਭਾਈ ਜੋਗਿੰਦਰ ਸਿੰਘ ਜੀ ਦੀ ਆਤਮ-ਬਿਰਤੀ ਉਤੇ ਇਸ ਅਖੰਡ ਪਾਠ ਕਰ ਰਹੇ ਪਾਠੀ ਮਾਸਟਰ ਜੋਗਿੰਦਰ ਸਿੰਘ ਜੀ ਦਾ ਬੜਾ ਹੀ ਸੁੰਦਰ ਤੇ ਡੂੰਘਾ ਅਸਰ ਪਿਆ। ਪਾਠ ਸੁਣਦੇ ਸੁਣਦੇ ਮੈਨੂੰ ਟੁੰਬ ਕੇ, ਪਰ ਧੀਰੇ ਧੀਰੇ ਉਹਨਾਂ ਨੇ ਇਹ ਕਹਿਣਾ ਅਰੰਭ ਕੀਤਾ, "ਅਸਾਡੀ ਬੱਚੀ ਸ਼ਰਨ ਕੌਰ ਵਾਸਤੇ ਇਹੋ ਜਿਹਾ ਹੀ ਵਰ ਚਾਹੀਦਾ ਹੈ।" ਮੇਰੇ ਮੂੰਹੋਂ ਨਿਕਲਿਆ ਕਿ ਇਹੋ ਜਿਹਾ ਇਹੋ ਹੀ ਹੈ। ਮੈਥੋਂ ਇਹ ਗੱਲ ਸੁਣਨ ਸਾਰ ਹੀ ਸਿਰੀ ਭਾਈ ਜੋਗਿੰਦਰ ਸਿੰਘ ਜੀ ਨੇ ਪੂਰਨ ਦ੍ਰਿੜ੍ਹਤਾ ਸਹਿਤ ਇਹ ਗੱਲ ਕਹਿ ਦਿਤੀ ਕਿ ਬਸ ਏਸੇ ਭੁਝੰਗੀ ਨਾਲ ਹੀ ਬੀਬੀ ਸ਼ਰਨ ਕੌਰ ਦਾ ਅਨੰਦ ਕਾਰਜ ਕਰ ਦਿਓ ਅਤੇ ਇਥੇ ਹੀ ਕਰ ਦਿਓ। ਬੀਬੀ ਦਲੇਰ ਕੌਰ ਦੇ ਅਨੰਦ ਦੇ ਪਿਛੋਂ ਹੀ ਨਾਲ ਦੇ ਨਾਲ ਕਰ ਦਿਓ। ਵਰ ਦਾ ਘਰ ਘਾਮ ਨਹੀਂ ਦੇਖਿਆ, ਧਨ ਧਾਮ ਨਹੀਂ ਪੁਛਿਆ, ਜਾਤ ਗੋਤ ਤਾਂ ਕੀ ਪੁਛਣੀ ਸੀ, ਬਸ ਅਨੰਦ ਕਾਰਜ ਕਰਨ ਲਈ ਤਤਪਰ ਹੋ ਗਏ। ਮੇਰੇ ਮੂੰਹੋਂ ਇਹ ਗੱਲ ਨਿਕਲੀ ਕਿ ਠੀਕ ਹੈ, ਐਸਾ ਹੀ ਹੋਵੇਗਾ ਜੈਸਾ ਆਪ ਨੇ ਚਿਤਵਿਆ ਹੈ, ਪਰੰਤੂ ਇਕ ਗੱਲ ਮੈਂ ਅਰਜ਼ ਕਰਦਾ ਹਾਂ, ਇਸ ਦਾ ਸਵੀਕਾਰ ਕਰਨਾ ਪਰਮ ਜ਼ਰੂਰੀ ਹੈ। ਉਹ ਇਹ ਹੈ ਕਿ ਬੱਚੀ ਸ਼ਰਨ ਕੌਰ ਨੂੰ ਇਹ ਵਰ ਭੁਝੰਗੀ ਅੱਖੀਂ ਵਿਖਾਇਆ ਜਾਵੇ। ਸਿਰੀ ਭਾਈ ਜੋਗਿੰਦਰ ਸਿੰਘ ਨੇ ਸਿਰ ਮੱਥੇ ਤੇ ਇਹ ਗੱਲ ਸਵੀਕਾਰ ਕੀਤੀ, ਮੈਨੂੰ ਆਖਿਆ, "ਹੁਣੇ ਹੀ ਬੇਬੇ ਕਰਤਾਰ ਕੌਰ ਜੀ (ਬੀਬੀ ਦਲੇਰ ਕੌਰ ਦੀ ਮਾਤਾ) ਨੂੰ ਸੱਦ ਕੇ ਕਹਿ ਦੇਵੋ ਕਿ ਬੀਬੀ ਸ਼ਰਨ ਕੌਰ ਨੂੰ ਹੇਠਾਂ ਜਾ ਕੇ ਇਹ ਸਾਰੀ ਹੀ ਵਾਰਤਾ ਸਮਝਾ ਦੇਵੇ।

ਚੁਨਾਂਚਿ ਬੀਬੀ ਦਲੇਰ ਕੌਰ ਦੀ ਮਾਤਾ ਕਰਤਾਰ ਕੌਰ ਜੀ (ਸਾਡੀ ਸੁਪਤਨੀ) ਨੇ ਹੇਠਾਂ ਜਾ ਕੇ ਬੀਬੀ ਸ਼ਰਨ ਕੌਰ ਪਾਸ ਜਾ ਕੇ ਇਹ ਜ਼ਿਕਰ ਕੀਤਾ, "ਮਕਾਨ ਦੀ ਉਪਰਲੀ ਮੰਜ਼ਲ ਤੇ ਅਖੰਡ ਪਾਠ ਹੋ ਰਿਹਾ ਸੀ ਕਿ ਬੀਬੀ ਸ਼ਰਨ ਕੌਰ ਜੀ, ਤੇਰੇ ਪਿਤਾ ਭਾਈ ਜੋਗਿੰਦਰ ਸਿੰਘ ਜੀ ਤੇ ਤੇਰੇ ਤਾਇਆ ਜੀ (ਦਾਸ ਵੱਲ ਇਸ਼ਾਰਾ ਕਰਕੇ) ਨੇ ਤੇਰੇ ਅਨੰਦ ਕਾਰਜ ਦੇ ਸੰਬੰਧ ਲਈ ਇਕ ਵਰ ਟੋਲਿਆ ਹੈ, ਜਿਸ ਬਾਰੇ ਉਹਨਾਂ ਤੇਰੀ ਸੰਮਤੀ ਲੈਣ ਲਈ ਮੈਨੂੰ ਪ੍ਰੇਰਿਆ ਹੈ।"

ਇਸ ਦੇ ਉੱਤਰ ਵਿਚ ਅਸਾਡੀ ਹੰਸਲੀ ਭੈਣ ਬੀਬੀ

ਹਰਬੰਸ ਕੌਰ ਦੇ ਕੁਖੋਂ ਜਾਈ ਅਤੇ ਸਿਰੀ ਭਾਈ ਜੋਗਿੰਦਰ ਸਿੰਘ ਜੀ ਦੀ ਅੰਸ ਤੋਂ ਉਤਪੰਨ ਹੋਈ ਬੱਚੀ, ਬੀਬੀ ਸ਼ਰਨ ਕੌਰ ਨੇ ਕਿਹਾ ਸੋਹਣਾ ਉਤਰ ਦਿੱਤਾ, ਕਰਤਾਰ ਕੌਰ ਨੂੰ ਕਹਿਣ ਲਗੀ, "ਤਾਈ ਜੀ, ਮੇਰੇ ਪੁਛਣ ਕੀ ਕੀ ਲੋੜ ਹੈ? ਜਿਥੇ ਸਿਰੀ ਭਾਈ ਸਾਹਿਬ ਤਾਇਆ ਜੀ ਅਤੇ ਮੇਰੇ ਪਿਤਾ ਜੀ ਮੇਰਾ ਸਾਕ ਕਰਦੇ ਹਨ, ਉਨਵਾਂ ਤੋਂ ਸਰੇਸ਼ਟ ਤੇ ਉਤਮ ਚਿਤਵਨੀ ਕੌਣ ਚਿਤਵ ਸਕਦਾ ਹੈ। ਜੋ ਕੁਛ ਉਹ ਕਰ ਰਹੇ ਹਨ, ਮੇਰੇ ਭਲੇ ਲਈ ਕਰ ਰਹੇ ਹਨ, ਮੈਨੂੰ ਹਰਗਿਜ਼ ਕੋਈ ਇਤਰਾਜ਼ ਨਹੀਂ।"

ਇਤਨੇ ਨੂੰ ਐਨ ਏਸੇ ਸਮੇਂ ਹੀ ਗੁਰੂ ਨੇਤ ਅਨੁਸਾਰ ਮਾਸਟਰ ਜੋਗਿੰਦਰ ਸਿੰਘ ਜੀ ਬੜੂੰਦੀ ਵਾਲੇ ਉਪਰੋਂ ਅਖੰਡ ਪਾਠ ਕਰਦੇ ਹੇਠਾਂ ਪੌੜੀਆਂ ਰਾਹੀਂ ਉਤਰ ਆਏ, ਕਿਉਂਕਿ ਪਾਠੀ ਦੀ ਬਦਲੀ ਹੋ ਚੁਕੀ ਸੀ। ਮਾਸਟਰ ਜੋਗਿੰਦਰ ਸਿੰਘ ਜੀ ਦੇ ਦੋਨੋਂ ਪੈਰ ਜਮਾਂਦਰੂ ਹੀ ਵਿੰਗ-ਤੜਿੰਗੇ ਅਤੇ ਲੂੰਜੇ ਮੁੰਜੇ ਜਿਹੇ ਸਨ। ਜਦੋਂ ਉਪਰੋਂ ਆਉਂਦੇ ਮਾਸਟਰ ਜੋਗਿੰਦਰ ਸਿੰਘ ਜੀ ਦੋਹਾਂ ਮਾਵਾਂ ਧੀਆਂ ਗੱਲਾਂ ਕਰਦੀਆਂ ਦੇ ਪਾਸ ਦੀ ਲੰਘੇ ਤਾਂ ਕਰਤਾਰ ਕੌਰ ਨੇ ਬੀਬੀ ਸ਼ਰਨ ਕੌਰ ਜੀ ਨੂੰ ਇਸ਼ਾਰਾ ਕਰ ਕੇ ਕਿਹਾ, "ਇਹ ਭੁਝੰਗੀ ਹੈ ਜਿਸ ਦਾ ਰਿਸ਼ਤਾ ਤੇਰੇ ਨਾਲ ਕਰਨਾ ਚਾਹੁੰਦੇ ਹਾਂ, ਤੂੰ ਸਿਆਣੀ ਬੀਬੀ ਹੈਂ, ਦੇਖ ਲੈ! ਇਸ ਭੁਝੰਗੀ ਦੇ ਪੈਰ ਇਹੋ ਜਿਹੇ ਹੀ ਜਮਾਂਦਰੂ ਹਨ, ਤੇਰੇ ਤਾਇਆ ਜੀ ਨੇ ਤੇ ਤੇਰੇ ਪਿਤਾ ਜੀ ਨੇ ਇਸੇ ਕਰਕੇ ਇਹ ਭੁਝੰਗੀ ਦਿਖਾਣ ਲਈ ਮੈਨੂੰ ਪ੍ਰੇਰਿਆ ਹੈ ਕਿ ਮਤੇ ਬੀਬੀ ਦਾ ਕੋਈ ਪਿਛੋਂ ਇਤਰਾਜ਼ ਹੋਵੇ।"

ਇਹ ਸੁਣ ਕੇ ਬੀਬੀ ਸ਼ਰਨ ਕੌਰ ਜੀ ਨੇ ਜੋ ਉਤਰ ਆਪਣੀ ਤਾਈ ਜੀ ਨੂੰ ਦਿਤਾ, ਉਹ ਬੜਾ ਹੀ ਦੰਗ ਕਰਨ ਵਾਲਾ ਹੈ। ਇਸ ਕਲਜੁਗ ਦੇ ਸਮੇਂ ਵਿਚ ਇਹੋ ਜਿਹੀਆਂ ਸਤੋਗੁਣੀ ਬੀਬੀਆਂ ਬਹੁਤ ਹੀ ਵਿਰਲੀਆਂ ਹਨ, ਜੋ ਇਸ ਪ੍ਰਕਾਰ ਦਾ ਉਤਰ ਦੇਣ। ਬੜੀ ਸਰਧਾ ਦੇ ਰੰਗ ਵਿਚ ਰੰਗੀਜ ਕੇ ਬੀਬੀ ਬੋਲੀ, "ਤਾਈ ਜੀ! ਉਸ ਬੀਬੀ ਦੁਖਭੰਜਨੀ ਵਾਲੀ ਦੇ ਵਰ ਨਾਲੋਂ ਭੀ ਇਹ ਵਰ ਅਧਿਕ ਅਣ-ਉਕਤ ਹੈ, ਜਿਸ ਨੂੰ ਉਸ ਦੇ ਪਿਤਾ ਨੇ ਇਕ ਪਿੰਗਲੇ ਨਾਲ ਵਿਆਹਤ ਕਰ ਦਿਤਾ ਸੀ? ਅਤੇ ਇਹ ਆਪ ਨੂੰ ਪਤਾ ਹੀ ਹੈ ਕਿ ਉਸ ਪਿੰਗਲੇ ਨਾਲ ਵਿਆਹਤ ਬੀਬੀ ਦੀ ਸ਼ਰਧਾ ਨੂੰ ਕੀ ਫਲ ਲਗੇ, ਇਹ ਪ੍ਰਸੰਗ ਪ੍ਰਸਿਧ ਹੈ, ਏਥੇ ਦਸਣ ਦੀ ਲੋੜ ਨਹੀਂ। ਮੈਨੂੰ ਹਰ ਹਾਲਤ ਵਿਚ ਇਹ ਵਰ ਸਿਰ ਮੱਥੇ ਤੇ ਪਰਵਾਨ ਹੈ।"

ਇਹ ਉਤਰ ਸੁਣ ਕੇ ਕਰਤਾਰ ਕੌਰ ਜੀ ਦੰਗ ਰਹਿ ਗਏ, ਅਤੇ ਉਸ ਦੇ ਰਾਹੀਂ ਅਸੀਂ ਸੁਣ ਕੇ ਵੀ ਅਤਿਅੰਤ ਪ੍ਰਸੰਨ ਹੋਏ। ਸਾਡਾ ਦੋਹਾਂ ਦਾ ਜੀਅ ਕਰੇ ਕਿ ਬੱਚੀ ਬੀਬੀ ਦੇ ਚਰਨਾਂ ਨੂੰ ਪੂਜੀਏ। ਜਿਸ ਕਿਸੇ ਨੇ ਵੀ ਇਹ ਗੱਲ ਸੁਣੀ, ਸਭ ਦੰਗ ਰਹਿ ਗਏ ਅਤੇ ਬੜੇ ਪ੍ਰਸੰਨ-ਚਿਤ ਹੋਏ।

ਗੱਲ ਕੀ, ਬੀਬੀ ਦਲੇਰ ਕੌਰ ਦੇ ਅਨੰਦ ਦੇ ਪਿਛੋਂਹੀ ਨਾਲ ਲਗਦਾ ਹੀ ਇਸ ਜੋੜੀ ਦਾ ਅਨੰਦ ਕੀਤਾ ਗਿਆ, ਅਰਥਾਤ, ਸਿਰੀ ਮਾਸਟਰ ਜੋਗਿੰਦਰ ਸਿੰਘ ਜੀ ਦਾ ਅਨੰਦ ਸਿਰੀ ਭਾਈ ਜੋਗਿੰਦਰ ਸਿੰਘ ਦੀ ਸਪੁੱਤਰੀ ਬੀਬੀ ਸ਼ਰਨ ਕੌਰ ਦੇ ਨਾਲ ਉਥੇ ਹੀ ਹੋ ਗਿਆ, ਨਾ ਕੋਈ ਜੰਞ ਆਈ, ਨਾ ਕੋਈ ਦਾਜ ਦਹੇਜ ਦਿਤਾ ਗਿਆ, ਨਾ ਕੋਈ ਸਾਕ ਅੰਗ ਕਬੀਲਾ ਸਦਿਆ ਗਿਆ। ਅਨੰਦ ਕਾਰਜ ਦੀ ਤਿਆਰੀ ਕਰ ਕੇ ਤਾਂ ਭਾਈ ਜੋਗਿੰਦਰ ਸਿੰਘ ਜੀ ਵੀ ਨਹੀਂ ਸਨ। ਉਹ ਤਾਂ ਬੀਬੀ ਦਲੇਰ ਕੌਰ ਜੀ ਦੇ ਅਨੰਦ ਕਾਰਜ ਦੇਖਣ ਲਈ ਆਪਣੀ ਸਪੁੱਤਰੀ ਸਮੇਤ ਸਾਡੇ ਸੱਦੇ ਹੋਏ ਮੇਲੀ ਬਣ ਕੇ ਆਏ ਸਨ। ਸਿਰੀ ਭਾਈ ਜੋਗਿੰਦਰ ਸਿੰਘ ਜੀ ਦੀ ਸਪੁੱਤਰੀ ਸਿਰੀ ਬੀਬੀ ਸ਼ਰਨ ਕੌਰ ਦੇ ਸਿਦਕ-ਭਰੋਸੇ ਦੀ ਅਨਿੰਨਤਾ ਵਾਲੀ ਨਜ਼ੀਰ, ਜੋ ਸਦਾ ਕਾਇਮ ਦਾਇਮ ਰਹੇਗੀ ਆਪ ਦੇਖ ਹੀ ਚੁੱਕੇ ਹੋ। ਏਧਰ ਜੋ ਸਿਰੀ ਭਾਈ ਜੋਗਿੰਦਰ ਸਿੰਘ ਜੀ ਨੇ ਆਪਣੀ ਸਪੁੱਤਰੀ ਦੇ ਪੂਰਨ ਗੁਰਮਤਿ ਅਨੁਸਾਰ ਅਨੰਦ ਕਰਨ ਦੇ ਪੂਰਨੇ ਪਾਏ, ਉਹ ਵੀ ਅੱਜ ਤਕ ਨਾ ਕਿਸੇ ਨੇ ਪਾਏ ਹਨ, ਨਾ ਕਿਸੇ ਨੇ ਸੌਖੇ ਹੀ ਪਾਵਣੇ ਹਨ। ਆਨਨ ਫਾਨਨ ਅਨੰਦ ਕਾਰਜ ਹੋ ਗਿਆ। ਉਦੋਂ ਹੀ ਪਤਾ ਲਗਾ ਜਦੋਂ ਪਰਕਰਮਾ ਲਈਆਂ ਗਈਆਂ। ਸਾਰਾ ਪਿੰਡ ਨਾਰੰਗਵਾਲ ਦਾ ਢਕੋ ਢਕੀ ਇਹ ਅਦੁੱਤੀ ਅਨੰਦ ਕਾਰਜ ਦੇਖ ਰਿਹਾ ਹੈ, ਸਾਰੇ ਪਿੰਡ ਨਿਵਾਸੀ ਨਾਰੰਗਵਾਲ ਵਾਲਿਆਂ ਨੂੰ ਇਹ ਵੀ ਪਤਾ ਹੈ ਕਿ ਸਿਰੀ ਭਾਈ ਜੋਗਿੰਦਰ ਸਿੰਘ ਜੀ ਰਾਇਪੁਰ ਦੇ ਹੀ ਰਹਿਣ ਵਾਲੇ ਹਨ। ਇਨ੍ਹਾਂ ਚਹੁੰਆਂ ਪੰਜਾਂ ਸਾਊ ਅਖਵਾਉਣ ਵਾਲਿਆਂ ਪਿੰਡਾਂ ਦੇ ਲੋਕਾਂ ਨੂੰ ਸਾਊ ਹੋਣ ਦਾ ਬੜਾ ਹੀ ਗਰੂਰ ਗਰਬ ਗੁਮਾਨ ਹੈ। ਗੁਰਮਤਿ ਤੋਂ ਵਾਂਜੇ ਹੋਏ ਇਨ੍ਹਾਂ ਪਿੰਡਾਂ ਦੇ ਸਾਰੇ ਅਨਮਤੀ ਲੋਕ ਇਸ ਗੱਲ ਦਾ ਬੜਾ ਹੀ ਗਰਬ ਗੁਮਾਨ ਰਖਦੇ ਹਨ। ਗਰੇਵਾਲ ਗੋਤ ਨੂੰ ਇਹ ਬੜੀ ਉਚ ਕੁਲਤਾ ਵਾਲੀ ਪਦਵੀ ਦਿੰਦੇ ਹਨ। ਇਨ੍ਹਾਂ ਪਿੰਡਾਂ ਦੀਆਂ ਲੜਕੀਆਂ ਬੜੂੰਦੀ ਆਦਿਕ ਪਿੰਡਾਂ ਦੀਆਂ ਵਿਚ ਕਦੇ ਨਹੀਂ ਵਿਆਹੀਆਂ ਵਰੀਆਂ ਗਈਆਂ, ਬਲਕਿ ਬੜੂੰਦੀ ਸਾਰਖੇ ਪਿੰਡਾਂ ਦੀਆਂ ਅਣਗਿਣਤ ਲੜਕੀਆਂ ਨਾਰੰਗਵਾਲ ਆਦਿਕ ਗਰੇਵਾਲ ਪਿੰਡਾਂ ਵਿਚ ਵਿਆਹੀਆਂ ਵਰੀਆਂ ਜਾਂਦੀਆਂ ਰਹੀਆਂ ਹਨ। ਸਿਰੀ ਭਾਈ ਜੋਗਿੰਦਰ ਸਿੰਘ ਜੀ ਨੇ ਇਸ ਕਾਣ-ਕਨੌਡ ਨੂੰ ਭੀ ਪੈਰਾਂ ਤਲੇ ਮਸਲ ਦਿਤਾ, ਕੋਈ ਪਰਵਾਹ ਨਹੀਂ ਕੀਤੀ, ਕੇਵਲ ਗੁਰਮਤਿ ਦੀ ਹੀ ਪਰਵਾਹ ਰਖੀ।

ਪਿਛੋਂ ਖੁੰਢ-ਕੌਂਸਲ ਵਿਚ ਇਸ ਭਾਵ ਦੀ ਚਰਚਾ ਹੋਣ ਲੱਗੀ ਕਿ ਇਸ ਜੋਗਿੰਦਰ ਸਿੰਘ ਨੇ, ਜੋ ਪਟਿਆਲੇ ਦਾ ਬੜਾ ਅਹਿਲਕਾਰ ਬਣਿਆ ਫਿਰਦਾ ਹੈ, ਆਪਣੀ ਸੁਚੱਜੀ ਅਤੇ ਸੁਲੱਖਣੀ ਲੜਕੀ ਨੂੰ ਇਕ ਲੂੰਜੇ ਜਿਹੇ ਲੜਕੇ ਨਾਲ ਵਿਆਹ ਦਿੱਤਾ ਤੇ ਉਸ ਦਾ ਰਿਸ਼ਤਾ ਬੜੂੰਦੀ ਕਰ ਦਿਤਾ। ਇਹ ਚਰਚਾ ਕਈ ਦਿਨ ਖੁੰਢ-ਕੌਂਸਲ-ਮਜਲਸਾਂ ਵਿਚ ਚਲਦੀ ਰਹੀ, ਪਰ ਸਾਡੇ ਸਾਹਮਣੇ ਆ ਕੇ ਨਾ ਕੋਈ ਬੋਲੇ, ਨਾ ਕੋਈ ਕੂਏ। ਸਾਨੂੰ ਇਨ੍ਹਾਂ ਦੀ ਚੁੰਚ-ਚਰਚਾ ਦੀ ਕੀ ਪ੍ਰਵਾਹ ਸੀ? ਸਿਰੀ ਭਾਈ ਜੋਗਿੰਦਰ ਸਿੰਘ ਤਾਂ ਬੜੇ ਹੀ ਬੇਪ੍ਰਵਾਹੀ ਰੰਗਾਂ ਵਿਚ ਖੇਡਦੇ ਸਨ। ਸਾਰੇ ਸਿਖ-ਮੰਡਲਾਂ ਵਿਚ ਇਸ ਅਦੁਤੀ ਅਨੰਦ ਕਾਰਜ ਦੀ ਬੜੀ ਹੀ ਖੁਸ਼ਧਾਮੀ ਧਾਂਤ ਪੈ ਗਈ ਸੀ।

ਇਨ੍ਹਾਂ ਦੋਹਾਂ ਅਨੰਦ ਕਾਰਜਾਂ ਨੂੰ ਕਰ ਕੇ ਗੁਰਮੁਖਾਂ ਦੀ ਸਾਰੀ ਸੰਗਤ, ਮਾਸਟਰ ਪਾਰਟੀ ਸਮੇਤ, ਭੁਝੰਗੀ ਬਲਬੀਰ ਸਿੰਘ

ਜੀ ਦੇ ਅਨੰਦ ਕਾਰਜ ਲਈ ਪਿਆਨੇ ਕਰ ਗਈ। ਅਸਾਡੇ ਵਾਪਸ ਆਉਂਦਿਆਂ ਨੂੰ ਲੋਕਾਂ ਦੀ ਚਵਾਂ-ਚਵੀਂ ਭੀ ਮਿਟ ਗਈ। ਐਸੀ ਚਰਚਾ ਚਾਰ ਦਿਨ ਦੀ ਹੀ ਹੁੰਦੀ ਹੈ। ਓਧਰ ਬਲਬੀਰ ਸਿੰਘ ਦੇ ਗੁਰਮਤਿ ਅਨੰਦ ਕਾਰਜ ਦੀ ਵੀ ਐਸੀ ਹੀ ਸ਼ਲਾਘਾ ਹੋਣ ਲੱਗੀ, ਜਿਸ ਨੇ ਆਮ ਲੋਕ-ਲਾਜੀ ਚਰਚਾਵਾਂ ਸਾਰੀਆਂ ਮੱਠੀਆਂ ਪਾ ਦਿਤੀਆਂ। ਸਿਰੀ ਭਾਈ ਜੋਗਿੰਦਰ ਸਿੰਘ ਜੀ ਨੇ ਤਿੰਨੇ ਅਨੰਦ ਕਾਰਜਾਂ ਦਾ ਅਨੰਦ ਭੁੰਚ ਕੇ ਆਪਣੀ ਸਪੁਤਰੀ ਬੀਬੀ ਸ਼ਰਨ ਕੌਰ ਸਮੇਤ ਵਾਪਸ ਪਟਿਆਲੇ ਚਲੇ ਗਏ। ਮਾਸਟਰ ਜੋਗਿੰਦਰ ਸਿੰਘ ਜੀ ਵੀ ਪਟਿਆਲੇ ਜਾ ਕੇ ਬੀਬੀ ਸ਼ਰਨ ਕੌਰ ਨੂੰ ਬੜੂੰਦੀ ਲੈ ਆਏ, ਜੋ ਹੁਣ ਤਾਈਂ ਬੜੀ ਹੀ ਸੁਖੀ ਵਸਦੀ ਰਸਦੀ ਹੈ। ਜੈਸਾ ਇਸ ਜੋੜੀ ਦਾ ਪਵਿੱਤਰ ਪਾਵਨ ਰਿਸ਼ਤਾ ਹੋਇਆ ਹੈ, ਕਿਸੇ ਵਿਰਲੀ ਜੋੜੀ ਦਾ ਹੋਣਾ ਹੈ ਅਤੇ ਜੈਸੀ ਇਹ ਜੋੜੀ ਸੁਖੀ ਵਸ ਰਹੀ ਹੈ, ਐਸੀ ਕੋਈ ਵਿਰਲੀ ਜੋੜੀ ਹੀ ਸੁਖੀ ਵਸਦੀ ਹੈ। ਸ੍ਰੀ ਮਾਨ ਭਾਈ ਜੋਗਿੰਦਰ ਸਿੰਘ ਜੀ ਦੀਆਂ ਖੁਸ਼ੀਆਂ ਦੀ ਤਾਂ ਹੱਦ ਕੋਈ ਨਹੀਂ।

ਸ੍ਰੀ ਮਾਨ ਭਾਈ ਜੋਗਿੰਦਰ ਸਿੰਘ ਜੀ ਰਾਇਪੁਰ ਨਿਵਾਸੀ ਸਾਡੇ ਜੇਲ੍ਹ ਜਾਣ ਤੋਂ ਪਿਛੋਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਸਾਡੇ ਇਲਾਕੇ ਦੇ ਪ੍ਰਤੀਨਿਧ ਮੈਂਬਰ ਵੀ ਚੁਣੇ ਜਾ ਚੁਕੇ ਸਨ। ਜਦੋਂ ਇਸ ਸਾਰੀ ਸ਼੍ਰੋਮਣੀ ਪ੍ਰਬੰਧਕ ਕਮੇਟੀ ਨੂੰ ਗੋਰਾ ਗੌਰਮਿੰਟ ਨੇ ਬਾਗੀ ਗਰਦਾਨ ਕੇ ਜੇਲ੍ਹਾਂ ਅੰਦਰ ਨਜ਼ਰਬੰਦ ਕਰ ਦਿਤਾ ਸੀ, ਉਨ੍ਹਾਂ ਵਿਚ ਹੀ ਦੂਜੇ ਜਥੇ ਵਿਚ ਸਾਡੇ ਵੀਰ ਸਿਰੀ ਭਾਈ ਜੋਗਿੰਦਰ ਸਿੰਘ ਜੀ ਵੀ ਦੋ ਸਾਲ ਲਈ ਕੈਦ ਕਰ ਦਿਤੇ ਗਏ। ਚਾਹੇ ਉਨ੍ਹਾਂ ਦੀ ਸਿਹਤ ਉਸ ਸਮੇਂ ਬੜੀ ਹੀ ਕਮਜ਼ੋਰ ਸੀ, ਪਰ ਉਹ ਸਾਰੇ ਮੈਂਬਰਾਂ ਦੇ ਨਾਲ ਕੈਦ ਹੋਣ ਲਈ ਸਭ ਤੋਂ ਮੂਹਰਲੇ ਮੋਰਚੇ ਵਿਚ ਸਨ। ਸਿਰੀ ਭਾਈ ਜੋਗਿੰਦਰ ਸਿੰਘ ਜੀ ਦੀ ਦਲੀਲ ਅਤੇ ਗੁਰਮਤਿ ਗੰਭੀਰਤਾ ਦੇ ਦਿਮਾਗ ਵਾਲੇ ਵਿਰਲੇ ਗੁਰਮੁਖ ਸੱਜਣ ਹੀ ਖਾਲਸਾ ਪੰਥ ਵਿਚ ਪੈਦਾ ਹੋਏ ਹਨ ਅਤੇ ਅਗੇ ਨੂੰ ਹੋਣਗੇ।

ਸਾਡੇ ਜੇਲ੍ਹ ਜਾਣ ਤੋਂ ਪਹਿਲਾਂ ਭਾਈ ਜੋਗਿੰਦਰ ਸਿੰਘ ਸਮੇਤ ਭਾਈ ਆਤਮਾ ਸਿੰਘ ਮੋਗਾ ਨਿਵਾਸੀ ਅਤੇ ਇਕ ਦੋ ਹੋਰ ਸੱਜਣਾਂ ਦੇ, ਕਿਸੇ ਮੱਤ-ਭੇਦ ਦੇ ਕਾਰਨ ਸਾਥੋਂ ਰੁਠ ਗਏ ਸਨ। ਪਰ ਜਦੋਂ ਸਾਡਾ ਪੁਲੀਟੀਕਲ ਮੁਕੱਦਮਾ ਲਾਹੌਰ ਸਾਜ਼ਸ਼ ਕੇਸ ਦਾ ਅਰੰਭ ਹੋਇਆ ਤਾਂ ਭਾਈ ਜੋਗਿੰਦਰ ਸਿੰਘ ਜੀ ਅਤੇ ਭਾਈ ਆਤਮਾ ਸਿੰਘ ਜੀ ਮੋਗਾ ਨਿਵਾਸੀ ਨੇ ਆਪਣੇ ਆਪ ਹੀ ਸਾਡੀ ਡੀਫੈਂਸ ਲਈ ਆਪਣੇ ਆਪ ਨੂੰ ਪੇਸ਼ ਕੀਤਾ। ਬਿਰਹਾ ਭਰੇ ਦਰਦਾਂ ਵਿਚ ਉਹ ਸਾਲ ਉਨ੍ਹਾਂ ਨੇ ਗੁਜ਼ਾਰੇ। ਜਿੰਨਾ ਚਿਰ ਅਸੀਂ ਜੇਲ੍ਹਾਂ ਦੇ ਅੰਦਰ ਰਹੇ, ਉਹ ਵੈਰਾਗ ਭਰੀ ਬਿਰਹਾ ਵਿਚ ਹੀ ਦਰਦ-ਰੰਜਾਣੇ ਹੋ ਕੇ ਬਾਹਰ ਵਿਚਰਦੇ ਰਹੇ। ਸਾਡੇ ਬਾਹਰ ਆਉਣ ਦੀ ਸੋਇ ਸੁਣਨ ਸਾਰ ਸਾਨੂੰ ਮਿਲਣ ਲਈ ਬੜੀ ਉਚੇਚੀ ਹੁਬ ਨਾਲ ਖੁਦ ਨਾਰੰਗਵਾਲ ਆਏ। ਫੇਰ ਕੀ ਸੀ, ਐਸਾ ਸੰਜੋਗ-ਮਿਲਾਵਾ ਹੋਇਆ, ਕਿ ਸਾਰੀ ਉਮਰ ਮਿਲੇ ਹੀ ਰਹੇ, ਕਦੇ ਵਿਛੜੇ ਹੀ ਨਹੀਂ, ਅਸਾਡੇ 16 ਸਾਲ ਪਿਛੋਂ ਜੇਲ੍ਹ ਤੋਂ ਵਾਪਸ ਰਿਹਾ ਹੋਣ ਪਰ ਸੰਗਤਾਂ ਦੇ ਵਹੀਰ ਇਸ ਦਾਸਰੇ ਨੂੰ ਮਿਲਣ ਲਈ ਨਾਰੰਗਵਾਲ ਆਉਂਦੇ ਹੀ ਰਹੇ। ਅਖੰਡ ਕੀਰਤਨ ਦੀਆਂ ਧੁਨੀਅ ਗੂੰਜਦੀਆਂ ਰਹੀਆਂ।

ਅਖੰਡ ਪਾਠਾਂ ਤੇ ਅਖੰਡ ਕੀਰਤਨਾਂ ਦੇ ਸਮਾਗਮਾਂ ਦੀ ਤੇ ਆਉਣ ਵਾਲੀਆਂ ਸੰਗਤਾਂ ਦੀ ਬਹੁਲਤਾ ਦੇਖ ਕੇ ਸਿਰੀ ਭਾਈ ਜੋਗਿੰਦਰ ਸਿੰਘ ਜੀ ਨੇ ਗੁਰਮੁਖ ਪਿਆਰੇ ਬਾਬੂ ਮੱਲ ਸਿੰਘ ਜੀ ਆਦਿਕ ਸਾਡੇ ਸੁਹਿਰਦ ਸਜਣਾਂ ਦੇ ਨਾਲ ਇਹ ਗੁਰਮਤਾ ਕੀਤਾ ਕਿ ਅਖੰਡ ਕੀਰਤਨਾਂ ਅਤੇ ਅਖੰਡ ਪਾਠਾਂ ਦੇ ਸਮਾਗਮਾਂ ਲਈ ਹੇਠਾਂ ਥੋੜੀ ਜਗ੍ਹਾ ਤੇ ਗੁੰਜਾਇਸ਼ ਘਟ ਹੋਣ ਕਰਕੇ, ਉਪਰ ਦੁਹਾਸਮਾਂ ਕਮਰਾ ਖੁਲ੍ਹਾ ਬਰਾਂਡੇ ਸਮੇਤ ਤਾਮੀਰ ਕੀਤਾ ਜਾਵੇ। ਸੋ ਇਹ ਉਪਰਲਾ ਨਵੀਨ ਸਜਿਆ ਚੁਬਾਰਾ, ਜਿਥੇ ਬਿਅੰਤ ਗੁਰਮੁਖ ਸੰਗਤਾਂ ਆ ਜੁੜਦੀਆਂ ਹਨ, ਉਕਤ ਸਤਿਸੰਗ ਸਮਾਗਮੀ ਅਸਥਾਨ ਸਿਰੀ ਭਾਈ ਜੋਗਿੰਦਰ ਸਿੰਘ ਜੀ ਦੀ ਖਾਸ ਯਾਦਗਾਰ ਹੈ।

ਜਿੰਨੀਆਂ ਭੀ ਗੁਰਮਤਿ ਸੰਬੰਧੀ ਧਰਮ-ਪੁਸਤਕਾਂ ਅਸੀਂ ਲਿਖੀਆਂ ਹਨ ਤੇ ਸਤਿਗੁਰੂ ਨੇ ਸਾਥੋਂ ਲਿਖਾਈਆਂ ਹਨ, ਇਹ ਬਹੁਤਾ ਭਾਈ ਜੋਗਿੰਦਰ ਸਿੰਘ ਜੀ ਦੀ ਪ੍ਰੇਰਨਾ ਦਾ ਹੀ ਸਦਕਾ ਹੈ। ਉਹ ਵੀਰ ਸਿਰੀ ਭਾਈ ਜੋਗਿੰਦਰ ਸਿੰਘ ਜੀ ਗੁਰਮਤਿ ਅਸੂਲਾਂ ਦੀ ਮਹੱਤਤਾ ਨੂੰ ਗੁਰਬਾਣੀ ਦੀ ਸ਼ਬਦਾਵਲੀ ਵਿਚ ਹੀ ਗੁੰਫਤ ਕਰਨ ਦੇ ਅਤਿ ਦਰਜੇ ਦੇ ਮੁਸ਼ਤਾਕ ਸਨ। ਸਭ ਤੋਂ ਪਹਿਲੀ ਪੁਸਤਕ "ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਬੁੱਤ-ਪ੍ਰਸਤੀ ਹੈ?" ਸਿਰੀ ਭਾਈ ਜੋਗਿੰਦਰ ਸਿੰਘ ਜੀ ਨੇ ਹੀ ਪ੍ਰੇਰ ਕੇ ਸਾਥੋਂ ਲਿਖਵਾਈ ਸੀ। ਅਜੇ ਅਸੀਂ ਜੇਲ੍ਹ ਨਹੀਂ ਗਏ ਸਾਂ, ਕਿ ਅਸਾਡੇ ਬਾਹਰ ਹੁੰਦਿਆਂ ਹੀ ਇਹ ਪੁਸਤਕ ਪਹਿਲੀ ਐਡੀਸ਼ਨ ਛਪ ਚੁਕੀ ਸੀ, ਪਰ ਅਸੀਂ ਆਪਣਾ ਨਾਉਂ ਇਸ ਪੁਸਤਕ ਦੇ ਕਰਤਾ ਦੀ ਹੈਸੀਅਤ ਵਿਚ ਨਹੀਂ ਛਪਾਇਆ ਸੀ। ਸਾਡੇ ਜਾਣ ਪਿਛੋਂ ਅਕਾਲੀ ਲਹਿਰ ਦੇ ਦਿਨਾਂ ਵਿਚ ਕਿਸੇ ਸੱਜਣ ਨੇ ਟਾਈਟਲ-ਪੇਜ ਬਦਲ ਕੇ ਸਾਡਾ ਨਾਮ ਵੀ ਛਾਪ ਦਿਤਾ।

ਭਾਈ ਜੋਗਿੰਦਰ ਸਿੰਘ ਜੀ ਦਾ ਸਰੀਰ ਚਾਹੇ ਇਤਨਾ ਰਿਸ਼ਟ ਪੁਸ਼ਟ ਨਹੀਂ ਸੀ, ਪਰ ਆਪਣੇ ਹੱਥੀਂ ਆਪਣੀ ਜ਼ਮੀਨ ਦੀ ਵਾਹੀ ਕਰ ਲਿਆ ਕਰਦੇ ਸਨ। ਪਟਿਆਲੇ ਛਾਉਣੀ ਦੇ ਨਿਕਟ ਹੀ ਬਡੂੰਗਰ ਨਗਰ ਦੀ ਜ਼ਮੀਨ ਵਿਚ ਇਨਾਂ ਨੇ ਆਪਣੀ ਕੋਠੀ ਪਾਈ ਹੋਈ ਸੀ, ਆਪਣੀ ਰਿਹਾਇਸ਼ ਲਈ। ਕੋਠੀ ਦੇ ਨਾਲ ਹੀ ਸੰਬੰਧਤ ਚਾਰ ਚੁਫੇਰੇ ਕਈ ਵਿਘਿਆਂ ਵਿਚ ਤਕੜੀ ਜ਼ਮੀਨ ਕਾਸ਼ਤ ਲਈ ਰੱਖੀ ਹੋਈ ਸੀ, ਆਪਣੇ ਹੱਥੀਂ ਆਪ ਕਾਸ਼ਤ ਕਰਿਆ ਕਰਦੇ ਸਨ। ਐਡੇ ਵਡੇ ਸਿਕਦਾਰ ਤੇ ਅਹਿਲਕਾਰ ਹੋਣ ਕਰਕੇ ਆਪਣੇ ਹੱਥੀਂ ਹਲ ਵਾਹੁਣ ਦੀ ਰੰਚਕ ਕਾਣ ਨਹੀਂ ਕਰਦੇ ਸਨ।

ਅਸਾਡੀਆਂ ਸਿਰੀ ਭਾਈ ਜੋਗਿੰਦਰ ਸਿੰਘ ਜੀ ਨਾਲ ਸਚੀ ਪ੍ਰਮਾਰਥੀ ਪ੍ਰੀਤ ਦੀਆਂ ਐਡੀਆਂ ਪੀਡੀਆਂ ਗੰਢਾਂ ਪੈ ਗਈਆਂ ਸਨ ਕਿ ਅਸਾਨੂੰ, ਜਦੋਂ ਉਨ੍ਹਾਂ ਦਾ ਜੀਅ ਚਾਹੇ, ਸਚੀ ਆਤਮ-ਵਾਇਰਲੈੱਸ ਦੀ ਖਿਚ ਨਾਲ ਪਟਿਆਲੇ ਖਿਚ ਲੈਂਦੇ ਸਨ ਅਤੇ ਹਫਤਿਆਂ ਬਧੀ ਉਥੇ ਰਖ ਕੇ ਭੀ ਸੰਤੁਸ਼ਟ ਨਹੀਂ ਹੁੰਦੇ ਸਨ। ਫੇਰ ਖੇਡ ਐਸੀ ਵਾਪਰੀ ਕਿ ਉਨ੍ਹਾਂ ਦੀ ਸਿਹਤ ਬਹੁਤ ਕਮਜ਼ੋਰ ਹੋ ਗਈ, ਸਰੀਰ ਦਿਨੋ ਦਿਨ ਨਿਰਬਲ ਹੁੰਦਾ ਜਾਂਦਾ ਸੀ, ਗੁਰੂ ਵਰੋਸਾਈ ਦਿਬ-ਦ੍ਰਿਸ਼ਟੀ ਦੀ ਕਲਾ ਵਿਚ ਨਿਪੁੰਨ ਹੋਣ ਕਰਿ, ਉਨ੍ਹਾਂ ਨੇ ਇਕ ਦਿਨ ਸਪੱਸ਼ਟ ਆਖ

ਹੀ ਦਿਤਾ ਕਿ ਸਰੀਰ ਕਰਕੇ ਸਾਡੇ ਸਰੀਰ ਦੇ ਅਲੋਪ ਹੋ ਜਾਣ ਜਾ ਸਮਾਂ ਨੇੜੇ ਹੀ ਪ੍ਰਤੀਤ ਹੁੰਦਾ ਹੈ, ਜਿਗਰੀ ਇਛਾ ਅਭਿਲਾਖਾ ਇਹ ਹੀ ਹੈ, ਜੋ ਉਨ੍ਹਾਂ ਨੇ ਨੈਨ ਪੁਲਕ੍ਰਿਤ ਹੋ ਕੇ ਦਾਸ ਅਗੇ ਹਾਜ਼ਰ ਕੀਤੀ, ਕਿ ਅੰਤ ਸਮੇਂ ਤੁਸੀਂ ਸਾਡੇ ਸਨਮੁਖ ਬੈਠੇ ਹੋਵੋ, ਸਰੀਰ ਦਾ ਹੁਣ ਵਿਸਾਹ ਕੁਝ ਨਹੀਂ ਹੈ, ਤੁਸੀਂ ਹੁਣ ਸਾਡੇ ਪਾਸੋਂ ਜਾਵੋ ਨਾ, ਏਥੇ ਹੀ ਰਵੋ। ਦਾਸ ਨੂੰ ਉਨ੍ਹਾਂ ਦੇ ਪ੍ਰੇਮ ਪਰਾਇਣ ਹੋ ਕੇ ਉਨ੍ਹਾਂ ਦੀ ਸਾਰੀ ਗੱਲ ਮੰਨਣੀ ਪਈ ਅਤੇ ਦਾਸ ਦੀ ਇਛਾ ਭੀ ਇਹ ਸੀ, ਕਿ ਜਿਤਨੀ ਉਨ੍ਹਾਂ ਦੀ ਸੇਵਾ ਕਰ ਲਈਏ, ਥੋੜੀ ਹੈ। ਜਿਉਂ ਜਿਉਂ ਉਨ੍ਹਾਂ ਦਾ ਸਰੀਰ ਲਿੱਸਾ ਹੁੰਦਾ ਗਿਆ, ਤਿਉਂ ਤਿਉਂ ਉਨ੍ਹਾਂ ਦਾ ਅਖੰਡਾਕਾਰ ਅਭਿਆਸ ਦਿਨੋ ਦਿਨ ਤੇ ਖਿਨੋ ਖਿਨ ਅਤਿ ਚੜ੍ਹਦੀ ਕਲਾ ਵਿਚ ਵਧਦਾ ਗਿਆ। ਉਨ੍ਹਾਂ ਨੇ ਆਪਣੇ ਚਲਾਣੇ ਤੋਂ ਪਹਿਲਾਂ ਮਾਸਟਰ ਜੋਗਿੰਦਰ ਸਿੰਘ ਜੀ ਬੜੂੰਦੀ ਵਾਲੇ ਨੂੰ ਵੀ ਆਪਣੇ ਪਾਸ ਬੁਲਾ ਲਿਆ ਸੀ। ਚੇਹਰੇ ਤੇ ਰੰਚਕ ਮਲਾਲ ਨਹੀਂ ਆਇਆ, ਜਲਾਲ ਹੀ ਜਲਾਲ ਪਸਰਦਾ ਗਿਆ।

"ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ" ਵਾਲਾ ਪਰਤੱਖ ਦ੍ਰਿਸ਼ ਬੱਝ ਗਿਆ। ਚਲਾਣੇ ਦਾ ਸਮਾਂ ਨਿਕਟ ਆਉਣ ਤੋਂ ਪਹਿਲਾਂ ਉਨ੍ਹਾਂ (ਸਿਰੀ ਭਾਈ ਜੋਗਿੰਦਰ ਸਿੰਘ ਜੀ) ਨੇ ਆਪਣੀ ਤੀਬਰ ਅੰਤਰੀਵੀ ਇਛਾ ਇਹ ਪਰਗਟ ਕੀਤੀ ਕਿ ਸੰਸਾਰਕ ਫੁਰਨੇ-ਕੁਫੁਰਨੇ ਅਤੇ ਵਿਵਹਾਰਕ ਸੰਕਲਪ ਵਿਕਲਪ ਦਾ ਹੁਣ ਉੱਕਾ ਹੀ ਅਭਾਵ ਹੋ ਜਾਣਾ ਚਾਹੀਦਾ ਹੈ। ਇਸ ਨਮਿਤ ਗੁਰਬਾਣੀ ਦੇ ਲਗਾਤਾਰ ਅਖੰਡ-ਪਾਠ ਦੀ ਧੁਨੀ ਹੀ ਸੁਣਾਈ ਦੇਵੇ ਤਾਂ ਬੜੀ ਕਿਰਪਾਲਤਾ ਹੋਵੇਗੀ। ਇਸ਼ਾਰਾ ਪਾਉਣ ਸਾਰ ਹੀ ਮਾਸਤਰ ਜੋਗਿੰਦਰ ਸਿੰਘ ਜੀ ਨੇ ਸੁਖਮਨੀ ਸਾਹਿਬ ਜੀ ਦੇ ਪਾਠ ਕਰਨੇ ਅਰੰਭ ਦਿਤੇ। ਫੇਰ ਇਹ ਤਜਵੀਜ਼ ਕੀਤੀ ਗਈ ਕਿ ਉਨ੍ਹਾਂ ਦੇ ਪਾਸ ਹੀ ਕਿ ਉਚਾ ਪਲੰਘ ਡਹਾ ਵਿਛਾ ਕੇ ਰੇਹਲ ਉਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸੈਂਚੀਆਂ ਦਾ ਪਾਠ ਸੈਂਚੀ-ਵਾਰ ਅਰੰਭ ਕੀਤਾ ਜਾਵੇ, ਤੇ ਦਿਨ ਰਾਤ ਜਾਰੀ ਰਹੇ।

ਇਸ ਕਾਰਜ ਵਿਚ ਅਸਾਨੂੰ ਮਿਲਟਰੀ ਕੈਪਟਨ ਸਰਦਾਰ ਤ੍ਰਿਲੋਚਨ ਲਾਭ ਸਿੰਘ ਜੀ ਨੇ ਬੜੀ ਸਹਾਇਤਾ ਦਿਤੀ। ਉਹਨਾਂ ਨੇ ਆਪਣੀ ਫੌਜ ਦੇ ਚੋਣਵੇਂ ਅਖੰਡ ਪਾਠੀ ਗੁਰਮੁਖ ਜਨ ਅਖੰਡ ਪਾਠ ਦੀ ਸੇਵਾ ਲਈ ਸਮਰਪਣ ਕੀਤੇ। ਇਨ੍ਹਾਂ ਅਖੰਡਪਾਠੀਆਂ ਵਿਚ ਪੰਜੋਖਰਾ ਸਾਹਿਬ ਦੇ ਗੁਰਮੁਖ ਵੀਰ ਸਿਰੀ ਭਾਈ ਆਤਮਾ ਸਿੰਘ ਜੀ ਵੀ ਸਨ, ਜੋ ਉਸ ਸਮੇਂ ਅਜੇ ਨਵ-ਯੁਵਕ ਅਨਦਾੜ੍ਹੀਏ ਨੌਨਿਹਾਲ ਹੀ ਸਨ। ਇਹ ਅਸਾਡੀ ਪੰਜੋਖਰਾ ਸਾਹਿਬ ਵਾਲੇ ਵੀਰ ਭਾਈ ਆਤਮਾ ਸਿੰਘ ਜੀ ਨਾਲ ਪਹਿਲੀ ਪ੍ਰੇਮ ਜਾਣ ਪਛਾਣ ਵਾਲੀ ਗੰਢ ਪਈ, ਅਤੇ ਐਸੀ ਪਈ ਕਿ ਅਜ ਤਕ ਪਈ ਹੀ ਰਹੀ। ਇਸ ਵੀਰ ਦੇ ਘਟ ਅੰਦਰ ਪਹਿਲਾਂ ਹੀ ਸਾਡੇ ਸੰਬੰਧੀ ਅਥਾਹ ਪ੍ਰਮਾਰਥੀ ਪ੍ਰੀਤ ਸੁਲਗ ਰਹੀ ਸੀ। ਸਿਰੀ ਭਾਈ ਜੋਗਿੰਦਰ ਸਿੰਘ ਜੀ ਦੇ ਚਲਾਣੇ ਦੇ ਨਜ਼ਾਰੇ ਦਾ ਭਾਈ ਆਤਮਾ ਸਿੰਘ ਜੀ ਦੀ ਬਿਰਤੀ ਤੇ ਹੋਰ ਵੀ ਵਧੇਰਾ ਅਸਰ ਪਿਆ। ਜਿਉਂ ਜਿਉਂ ਅਖੰਡ ਪਾਠ ਹੋਵੇ, ਤਿਉਂ ਤਿਉਂ ਸਿਰੀ ਭਾਈ ਜੋਗਿੰਦਰ ਸਿੰਘ ਜੀ ਦਾ ਨਾਮ ਅਭਿਆਸੀ ਖੰਡਾ ਹੋਰ ਵੀ ਜ਼ੋਰ ਜ਼ੋਰ ਦਾ ਖੜਕੇ। ਅੰਤ ਅਵਸਰੀ ਪ੍ਰੇਮ-ਪੰਘੂੜੇ ਤੇ ਇਕ ਦਿਬਯ ਮੂਰਤੀ ਦੇਵਤੇ ਦੀ ਨਿਆਈਂ ਸਿਰੀ ਭਾਈ ਜੋਗਿੰਦਰ ਸਿੰਘ ਜੀ, ਗੁਰੂ ਘਰ ਦੇ ਬੇਮਿਸਾਲ ਗੁਰਮੁਖ ਦੇਵਤਾ ਬਿਰਾਜੇ ਪਏ ਹਨ। ਰਸਨਾ ਤੇ ਸੁਆਸ ਨਾਮ ਦੇ ਅਖੰਡਾਕਾਰ ਅਭਿਆਸ ਵਿਚ ਜੁੜੇ ਹੋਏ ਹਨ। ਦੋਈ ਕਰ-ਕੰਵਲ ਜੁੜੇ ਹੋਏ ਹਨ। ਐਸਾ ਸਪੱਸ਼ਟ ਜਾਪਦਾ ਹੈ ਕਿ ਗੁਰੂ ਅਕਾਲ ਪੁਰਖ ਦੇ ਪਰਤੱਖ ਦੀਦਾਰੇ ਉਨ੍ਹਾਂ ਦੀ ਦ੍ਰਿਸ਼ਟੀ ਨੂੰ ਹੋ ਰਹੇ ਹਨ, ਜਿਸ ਦੀਦਾਰੇ ਨੂੰ ਪੇਖ ਪੇਖ ਕੇ ਵਿਗਸ ਰਹੇ ਹਨ ਅਤੇ ਮੰਦ ਮੰਦ ਮੁਸਕਰਾ ਰਹੇ ਹਨ। ਮਸਤਕ ਚਿਹਰੇ ਉਤੇ ਅਜ਼ਗੈਬੀ ਨੂਰ ਆਇਆ ਹੈ। ਅਸੀਂ ਸਨਮੁਖ ਬੈਠੇ ਇਸ ਅਦੁੱਤੀ ਦ੍ਰਿਸ਼ ਦਾ ਅਨੰਦ ਮਾਣ ਰਹੇ ਹਾਂ। ਬਾਣੀ ਦਾ ਅਖੰਡ ਪਾਠ ਵੀ ਖ਼ੂਬ ਰੰਗਾਂ ਵਿਚ ਹੋ ਰਿਹਾ ਹੈ। ਅਤੇ ਦਿਬ ਦੀਦਾਰਿਆਂ ਦੇ ਅਨੰਦ ਭੀ ਖ਼ੂਬ ਬਝ ਰਹੇ ਹਨ। ਭਾਈ ਜੋਗਿੰਦਰ ਸਿੰਘ ਜੀ ਦੇ ਨੈਣ ਮੁੰਦੇ ਹੋਏ ਨਹੀਂ, ਖੁਲ੍ਹੇ ਖਿੜੇ ਹੋਏ ਹਨ। ਅਗੰਮੀ ਝਾਕੀ ਝਾਕਦੇ ਮੇਰੇ ਵਲ ਵੀ ਰਸ-ਵਿਗਾਸਨੀ-ਦ੍ਰਿਸ਼ਟੀ ਪਾ ਜਾਂਦੇ ਹਨ। ਪਰਮ ਪ੍ਰਸੰਨਤਾ ਪੂਰਬਕ ਗੁਰਪੁਰੀ ਨੂੰ ਪਧਾਰਨ ਦੇ ਤਿਆਰੇ ਨਿਕਟ ਹੀ ਜਾਪਦੇ ਹਨ। ਉਹਨਾਂ ਦੇ ਜ਼ੋਰੋ ਜ਼ੋਰ ਨਾਮ ਅਭਿਆਸੀ ਰਸਨਾ ਦੀ ਗੁਰਰਾਹਟ ਨੇ ਸਾਰਿਆਂ ਦੀਆਂ ਸਮਾਧੀਆਂ ਲਾ ਦਿਤੀਆਂ। ਇਹ ਸਾਵਧਾਨਤਾ ਸਹਿਤ ਲਗੀਆਂ ਸਦ-ਸੁਜਾਗ ਸਮਾਧੀਆਂ ਹਨ। ਸਮਾਂ ਅਤਿ ਨੇੜੇ ਹੀ ਆ ਜਾਣ ਕਾਰਨ, ਦਾਸ ਦੀ ਨਿਗਾਹ ਖਾਸ ਤੌਰ ਪਰ ਸਿਰੀ ਵੀਰ ਜੋਗਿੰਦਰ ਸਿੰਘ ਜੀ ਦੇ ਮੁਖਾਰਬਿੰਦ ਵਲ ਹੀ ਟਿਕ ਗਈ, ਜੀਭ ਤੇ ਬੁਲ੍ਹਾਂ ਦੀ ਕ੍ਰਾਂਤ ਅਤਿਅੰਤ ਹੀ ਅਦਿਭੁਤ ਦੇਖੀ ਗਈ ਹੈ। ਓੜਕ 'ਗੁਰੂ' 'ਗੁਰੂ' ਦੀ ਹੀ ਧੁਨੀ ਦੀ ਧੁੰਨਕਾਰ ਹੋਈ ਅਤੇ ਉਹਨਾਂ ਦੇ ਸੁਆਸ ਸਰੀਰ ਵਿਚੋਂ ਇਸ ਧੁਨੀ ਦੇ ਨਾਲ ਹੀ ਨਿਕਲ ਗਏ।

ਸਾਨੂੰ ਪੱਕਾ ਯਕੀਨ ਹੈ ਕਿ ਸਿਰੀ ਭਾਈ ਜੋਗਿੰਦਰ ਸਿੰਘ ਜੀ ਸਿੱਧੇ ਗੁਰਮੁਖੀ ਵਿਚ ਹੀ ਜਾ ਜੋਤੀ ਜੋਤਿ ਸਮਾਏ। ਅਖੰਡ ਕੀਰਤਨ ਧੁਨੀਆਂ ਦੀ ਅਨਹਦ ਝੁਨਕਾਰ ਉਠੀ ਅਤੇ ਖੇਡ ਖਤਮ ਹੋ ਗਈ।

ਨੋਟ - ਆਪ ਦੀ ਸਿਆਣਪ, ਅਸੂਲ-ਪ੍ਰਸਤੀ ਤੇ ਉੱਚ ਆਚਰਨ ਆਦਿ ਗੁਣ ਮੰਨੇ ਪ੍ਰਮੰਨੇ ਸਨ, ਜਦ ਕਦੇ ਬਚਨ ਬਿਲਾਸ ਕਰਦੇ ਹੋਏ ਗੁਰਬਾਣੀ ਦੀ ਵਿਖਾਖਿਆ ਕਰਦੇ ਤਾਂ ਰੰਗ ਬੰਨ੍ਹ ਦਿਆ ਕਰਦੇ ਸਨ। ਆਪ ਜੈਸੇ ਦ੍ਰਿੜ੍ਹ-ਵਿਸ਼ਵਾਸੀ ਤੇ ਸਿਦਕ ਭਰੋਸਾ ਤੇ ਸੱਚਾ ਪੰਥਕ ਦਰਦ ਰਖਣ ਵਾਲੇ ਵਿਰਲੇ ਹੀ ਸੱਜਣ ਹੋਣਗੇ। ਅਕਸਰ ਸੇਵਾ ਕਰਨ ਵਾਲਿਆਂ ਨੂੰ ਕਰੈਡਿਟ ਲੈਣ ਯਾ ਵਾਹਵਾ ਹਾਸਲ ਕਰਨ ਦੀ ਬੜੀ ਲਾਲਸਾ ਹੁੰਦੀ ਹੈ, ਪਰ ਆਪ ਇਕ ਨਿਸ਼ਕਾਮ ਸੇਵਕ ਸਨ। ਦੁਨਿਆਵੀ ਤੌਰ ਪਰ ਭਾਵੇਂ ਆਪ ਨੂੰ ਕਈ ਔਕੜਾਂ ਤੇ ਤਕਲੀਫਾਂ ਭੀ ਪੇਸ਼ ਆਈਆਂ, ਪਰ ਆਪ ਨੇ ਆਪਣੇ ਅਸੂਲ ਨੂੰ ਕਦੇ ਨ ਛਡਿਆ। ਆਪ ਦਾ ਪਿੰਡ ਰਾਇਪੁਰ ਜ਼ਿਲਾ ਲੁਧਿਆਣਾ ਸੀ, ਪਰੰਤੂ ਮੁਢ ਅਵਸਥਾ ਤੋਂ ਹੀ ਪਟਿਆਲੇ ਹੀ ਰਿਹਾ ਕਰਦੇ ਸਨ, ਜਿਥੇ ਪਹਿਲਾਂ ਆਪ ਗੋਲਕ-ਅਫਸਰ ਸਨ। ਖਲੀਫਿਆਂ ਦੇ ਵੇਲੇ ਆਪ ਨੂੰ ਵਡੇ ਵਜ਼ੀਰ ਨੇ, ਇਨ੍ਹਾਂ ਦੇ ਉਸਤਾਦ ਰਾਹੀਂ ਸੁਨੇਹਾ ਭੇਜਿਆ, ਜਿਸ ਦਾ ਮਤਲਬ ਇਹ ਸੀ ਕਿ ਸਰਦਾਰ ਸਾਹਿਬ ਉਹਨਾਂ ਦੇ ਇਸ਼ਾਰੇ ਤੇ ਚਲਣ ਤੇ ਉਨਵਾਂ ਦੇ ਹਥ-ਠੋਕੇ ਬਣ ਕੇ ਕੰਮ ਕਰਨ ਤੇ ਸਿਖ ਮੁਫਾਦ ਦਾ ਖਿਆਲ ਨ ਕਰਨ। ਉਸ ਵੇਲੇ ਸਰਦਾਰ ਹੋਰਾਂ ਸਾਫ ਉੱਤਰ ਦਿਤਾ ਸੀ ਕਿ 'ਮੈਂ ਸਿਖ

(ਬਾਕੀ ਪੰਨਾ 61 ਤੇ)

# 'ਸ਼ਾਹੋਂ ਵਿਛੜਿਆ ਵਣਜਾਰਾ
# ਲੁਟ ਲਿਆ ਪੰਜਾ ਚੋਰਾਂ ਨੇ'

*ਸੰਤ ਵਰਿਆਮ ਸਿੰਘ ਜੀ*
*ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।*

ਸ਼ਾਨ ...............................।

ਸਤਿਨਾਮ ਸ੍ਰੀ ਵਾਹਿਗੁਰੂ

ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਪੰਨਾ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਪੰਨਾ - 289*

*ਧਾਰਨਾ - ਖੋਟੇ ਕਰਮਾਂ ਨੇ ਵਿਛੋੜਾ ਤੈਥੋਂ ਪਾ ਲਿਆ,*
*ਕਿਰਪਾ ਕਰਕੇ ਮੇਲ ਲੈ ਗੁਰਾ -2, 2.*
*ਕਿਰਪਾ ਕਰਕੇ ਜੀ, ਮੇਲ ਲੈ ਗੁਰਾ -2, 2.*
*ਖੋਟੇ ਕਰਮਾਂ ਨੇ ਵਿਛੋੜਾ ਤੈਥੋਂ ਪਾ ਲਿਆ -2.*

*ਕਈ ਜਨਮ ਭਏ ਕੀਟ ਪਤੰਗਾ॥*
*ਕਈ ਜਨਮ ਗਜ ਮੀਨ ਕੁਰੰਗਾ॥*
*ਕਈ ਜਨਮ ਪੰਖੀ ਸਰਪ ਹੋਇਓ॥*
*ਕਈ ਜਨਮ ਹੈਵਰ ਬ੍ਰਿਖ ਜੋਇਓ॥*
*ਮਿਲੁ ਜਗਦੀਸ ਮਿਲਨ ਕੀ ਬਰੀਆ॥*
*ਚਿਰੰਕਾਲ ਇਹ ਦੇਹ ਸੰਜਰੀਆ॥*
*ਕਈ ਜਨਮ ਸੈਲ ਗਿਰਿ ਕਰਿਆ॥*
*ਕਈ ਜਨਮ ਗਰਭ ਹਿਰਿ ਖਰਿਆ॥*
*ਕਈ ਜਨਮ ਸਾਖ ਕਰਿ ਉਪਾਇਆ॥*
*ਲਖ ਚਉਰਾਸੀਹ ਜੋਨਿ ਭ੍ਰਮਾਇਆ॥ ਪੰਨਾ - 176*

*ਧਾਰਨਾ - ਖੋਟੇ ਕਰਮਾਂ ਨੇ ਵਿਛੋੜਾ ਤੈਥੋਂ ਪਾ ਲਿਆ,*
*ਕਿਰਪਾ ਕਰਕੇ ਮੇਲ ਲੈ ਗੁਰਾ -2, 2.*
*ਕਿਰਪਾ ਕਰਕੇ ਜੀ, ਮੇਲ ਲੈ ਗੁਰਾ -2, 2.*
*ਖੋਟੇ ਕਰਮਾਂ ਨੇ ਵਿਛੋੜਾ ਤੈਥੋਂ ਪਾ ਲਿਆ, -2*

*ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥*
*ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ॥*
*ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ॥*
*ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ॥*
*ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ॥*
*ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ॥*
*ਸ੍ਰਬ ਸੀਗਾਰ ਤੰਬੋਲ ਰਸ ਸਣੁ ਦੇਹੀ ਸਭ ਖਾਮ॥*
*ਪ੍ਰਭ ਸੁਆਮੀ ਕੰਤ ਵਿਹੂਣੀਆ ਮੀਤ ਸਜਣ ਸਭਿ ਜਾਮ॥*
*ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ॥*
*ਹਰਿ ਮੇਲਹੁ ਸੁਆਮੀ ਸੰਗਿ ਪ੍ਰਭ ਜਿਸ ਕਾ ਨਿਹਚਲ ਧਾਮ॥*
*ਪੰਨਾ - 133*

*ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ॥*
*ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ॥*
*ਪੰਨਾ -156*

ਸਾਧ ਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ! ਦੂਰ ਦਰਾਜ਼ ਤੋਂ ਆਪ ਗੁਰੂ ਮਹਾਰਾਜ ਜੀ ਦੀ ਹਜ਼ੂਰੀ ਦੇ ਅੰਦਰ ਸੁਸ਼ੋਭਤ ਹੋ। ਬੇਨਤੀ ਕੀਤੀ ਹੈ ਕਿ ਹੇ ਪ੍ਰਭੂ! ਬਹੁਤ ਦੇਰ ਹੋ ਗਈ, ਪਤਾ ਨਹੀਂ ਕਿੰਨਾ ਚਿਰ ਹੋ ਗਿਆ, ਕੋਈ ਸਮਾਂ ਸੀ ਜਦੋਂ ਅਸੀਂ ਤੇਰਾ ਹੀ ਰੂਪ ਸਾਂ, ਤੇਰੇ ਨਾਲ ਇਕ ਮਿਕ ਸੀ, ਕਿਸੇ ਕਿਸਮ ਦਾ ਕੋਈ ਭੇਦ, ਫਰਕ ਨਹੀਂ ਸੀ। ਤੂੰ ਹੁਕਮ ਰਾਹੀਂ ਅਸਾਨੂੰ ਜੀਵ ਬਣਾ ਦਿਤਾ। ਅਕਾਰਧਾਰੀ ਬਣਾ ਕੇ ਹਉਮੈ ਦੇ ਬੰਧਨਾਂ ਵਿਚ ਬੰਨ੍ਹ ਦਿਤਾ। ਉਸ ਸਮੇਂ ਤੋਂ ਅਸੀਂ ਕਰਮਾਂ ਦੇ ਬੰਨ੍ਹੇ, ਨਾ ਖਤਮ ਹੋਣ ਵਾਲੇ ਵਿਛੋੜੇ ਦੇ ਰਾਹ ਤੇ ਚਲ ਰਹੇ ਹਾਂ। ਇਹ ਸਭ ਕੁਝ ਆਪ ਦੇ ਕਰਾਰੇ ਹੁਕਮ ਵਿਚ ਹੀ ਹੋਇਆ। ਆਪ ਨੇ ਸਮਾਂ ਬਣਾਇਆ, ਪ੍ਰਾਕਿਰਤੀ ਬਣਾਈ। ਹੁਕਮ ਦੇ ਅੰਦਰ ਸਾਡਾ ਆਕਾਰ ਬਣਿਆ, ਜੀਵ ਆਤਮਾ ਬਣੀ। ਉਸ ਵੇਲੇ ਤੋਂ ਅਸੀਂ ਵਿਛੜੇ ਤੁਰੇ ਫਿਰਦੇ ਹਾਂ। ਸਾਡੇ ਜੋ ਰੋਜ਼ ਦੇ ਕਰਮ ਨੇ ਉਹ ਕਿਰਤ ਬਣ ਗਈ। ਕਿਰਤ ਤੋਂ ਬਣੇ ਸੁਭਾਅ ਦੇ ਮੁਤਾਬਕ ਅਸੀਂ ਹੋਰ ਕਰਮ ਕਰਦੇ ਹਾਂ ਤੇ ਸਾਡਾ ਵਿਛੋੜਾ ਵਧਦਾ ਜਾਂਦਾ ਹੈ।

ਸੋ ਮਹਾਰਾਜ ਜੀ ਦੇ ਪਾਸ ਬੇਨਤੀ ਹੈ ਕਿ ਹੇ ਪਾਤਿਸ਼ਾਹ! ਕਿਰਪਾ ਕਰੋ, ਸਾਡੇ ਵੱਲ ਨਾ, ਦੇਖੋ ਆਪਣੇ ਬਿਰਧ ਵੱਲ ਦੇਖੋ ਕਿਉਂਕਿ ਜੀਵ ਦਾ ਵਿਛੋੜਾ ਪ੍ਰਮੇਸ਼ਰ ਨਾਲੋਂ ਹੋ ਕੇ ਜੀਵ ਹੱਦ ਤੋਂ ਜ਼ਿਆਦਾ ਦੁਖੀ ਹੁੰਦਾ ਹੈ, ਜਨਮਾਂ-ਜਨਮਾਂ ਵਿਚ ਘੁੰਮਦਾ ਫਿਰਦਾ ਹੈ। ਵਾਹਿਗੁਰੂ ਨਾਲੋਂ ਵਿਛੋੜਾ ਹੋਣ ਦੇ ਨਾਲ ਹੀ ਇਕ ਦੂਸਰਾ ਬੜਾ ਹੀ ਭਿਆਨਕ ਤੱਤ ਜਿਸ ਨੂੰ ਮਾਇਆ ਆਖਦੇ ਨੇ, ਉਸ ਨੇ ਇਸ ਜੀਵ ਨੂੰ ਜ਼ੋਰ ਜਬਰ ਨਾਲ ਨਹੀਂ ਕਾਬੂ ਕੀਤਾ ਸਗੋਂ ਇਸ ਦੇ ਮਨ ਨੂੰ ਮੋਹ ਲਿਆ ਮਾਇਆ ਨੇ। ਐਸਾ ਫੁਰਮਾਨ ਹੈ ਕਿਉਂਕਿ ਇਹ ਉਸ (ਪ੍ਰਮੇਸ਼ਰ) ਦੇ ਨਾਲੋਂ ਵਿਛੜ ਗਿਆ - ਪੜ੍ਹੋ ਪਿਆਰ ਨਾਲ -

*ਧਾਰਨਾ - ਸ਼ਾਹੋਂ ਵਿਛੜਿਆ ਵਣਜਾਰਾ,*
*ਮੋਹ ਲਿਆ ਮਾਇਆ ਮੋਹਣੀ ਨੇ -2, 2.*
*ਮੋਹ ਲਿਆ ਮਾਇਆ ਮੋਹਣੀ ਨੇ -4, 2.*
*ਸ਼ਾਹੋਂ ਵਿਛੜਿਆ ਵਣਜਾਰਾ,........... -2*

*ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ॥*
*ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ॥*
*ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ॥*
*ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥*
*ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ॥*

***ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ***
***ਤਿਨੀ ਵਿਚੇ ਮਾਇਆ ਪਾਇਆ॥ ਪੰਨਾ - 921***

ਮਹਾਰਾਜ ਫੁਰਮਾਨ ਕਰਦੇ ਨੇ ਕਿ ਇਹ ਜੀਵ-ਆਤਮਾ ਜਿਸ ਨੂੰ ਅਸੀਂ ਆਪਣਾ-ਆਪ ਕਹਿੰਦੇ ਹਾਂ ਇਹ ਭੁੱਲ ਕੇ ਆਪਣੀ ਦੇਹ ਨੂੰ ਹੀ ਆਪਣਾ ਆਪਾ ਕਹਿ ਰਿਹਾ ਹੈ। ਇਸ ਦਾ ਇਤਿਹਾਸ ਮਹਾਰਾਜ ਦਸਦੇ ਨੇ ਕਿ ਕਦੇ ਇਹ ਪ੍ਰਮੇਸ਼ਰ ਦੇ ਨਾਲ ਇਕ ਮਿੱਕ ਸੀ ਲੇਕਿਨ ਹੁਕਮ ਦੇ ਅੰਦਰ -

***ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥***
***ਹੁਕਮੀ ਹੋਵਨਿ ਜੀਅ .........॥ ਪੰਨਾ - 1***

ਇਹ ਜੀਵ ਆਤਮਾ ਬਣਿਆ। ਜੀਵ ਆਤਮਾ ਬਣਦੀ ਸਾਰ ਮਾਇਆ ਦੇ ਮੋਹ ਵਿਚ ਆ ਕੇ ਪ੍ਰਮੇਸ਼ਰ ਨੂੰ ਭੁੱਲ ਗਿਆ; ਜੀਵ ਆਤਮਾ ਆਪਣੇ ਅਸਲੀ ਮਾਲਕ ਨੂੰ ਭੁੱਲ ਕੇ ਬਾਹਰ ਆ ਗਿਆ। ਮਹਾਰਾਜ ਜੀ ਕਹਿੰਦੇ ਜਿਹੋ-ਜਿਹੀ ਅੱਗ ਮਾਂ ਦੇ ਪੇਟ ਵਿਚ ਹੈ, ਇਹੋ ਜਿਹੀ ਹੀ ਅਗਨ ਸੰਸਾਰ ਵਿਚ ਹੈ ਜਿਹੜੀ ਪ੍ਰਮੇਸ਼ਰ ਨੂੰ ਭੁਲਾ ਦਿੰਦੀ ਹੈ।

***ਮਾਣਸ ਜਨਮ ਦੁਲੰਭੁ ਹੈ ਛਿਣ ਭੰਗਰੁ ਛਲ ਦੇਹੀ ਛਾਰਾ॥***
***ਭਾਈ ਗੁਰਦਾਸ ਜੀ ਦੀ ਵਾਰ 37/6***

ਮਾਨਸ ਜਨਮ ਹੈ ਤਾਂ ਦੁਰਲੱਭ, ਇਸ ਦੇ ਨਾਲ ਦਾ ਚੌਰਾਸੀ ਲੱਖ ਜੂਨਾਂ ਵਿਚ ਹੋਰ ਕੋਈ ਸਰੀਰ ਨਹੀਂ ਹੈ। ਤਿਰਾਸੀ ਲੱਖ ਨੜ੍ਹਿਨਵੇਂ ਹਜ਼ਾਰ ਨੌ ਸੌ ਨੜ੍ਹਿਨਵੇਂ ਜਿਹੜੇ ਸਰੀਰ ਨੇ ਰੋਜ਼ ਤੁਸੀਂ ਦੇਖਦੇ ਹੋ - ਕੁੱਤੇ, ਬਿੱਲੇ, ਘੋੜੇ, ਸੱਪ, ਸੂਰ, ਮੱਝਾਂ-ਗਾਈਆਂ, ਕਾਂ-ਤੋਤੇ, ਘੁੱਗੀਆਂ, ਗਟਾਰਾਂ, ਅਨੇਕਾਂ ਕੀੜੇ-ਮਕੌੜੇ, ਠੂਹੇਂ, ਬਿੱਛੂ ਆਦਿ, ਉਨ੍ਹਾਂ ਸਾਰਿਆਂ ਨਾਲੋਂ ਚੰਗਾ ਸਰੀਰ ਇਸ ਵਾਹਿਗੁਰੂ ਦੀ ਪ੍ਰਾਕਿਰਤੀ ਵਿਚ ਇਸ ਧਰਤੀ ਤੇ, ਜਿਸ ਨੂੰ 'ਮ੍ਰਿਤੂ ਮੰਡਲ' ਆਖਦੇ ਨੇ, ਉਹ ਆਹ ਸਰੀਰ ਹੈ ਜਿਸ ਦੇ ਵਿਚ ਆਪਾਂ ਹੁਣ ਸਫਰ ਕਰ ਰਹੇ ਹਾਂ। ਗਲਤੀ ਨਾਲ ਅਸੀਂ ਆਪਣੇ ਆਪ ਨੂੰ ਸਰੀਰ ਸਮਝਣਾ ਸ਼ੁਰੂ ਕਰ ਦਿੱਤਾ ਕਿਉਂਕਿ ਨਸ਼ਾ ਚੜ੍ਹ ਗਿਆ, ਮੋਹੇ ਗਏ ਅਸੀਂ। ਇਸ ਸਰੀਰ ਦੇ ਵਿਚ ਅਸੀਂ ਜੀਵ ਆਤਮਾ ਹਾਂ ਪਰ ਅਸੀਂ ਪ੍ਰਮੇਸ਼ਰ ਨੂੰ ਭੁੱਲ ਗਏ। ਸੋ ਸਾਨੂੰ ਯਾਦ ਕਰਾਉਂਦੇ ਨੇ ਕਿ -

***ਮਾਣਸ ਜਨਮ ਦੁਲੰਭੁ ਹੈ ਛਿਣ ਭੰਗਰੁ ਛਲ ਦੇਹੀ ਛਾਰਾ॥***
***ਭਾਈ ਗੁਰਦਾਸ ਜੀ ਦੀ ਵਾਰ 37/6***

ਕਹਿੰਦੇ ਥੋੜ੍ਹੀ ਜਿਹੀ ਦੇਰ ਵਾਸਤੇ ਇਹ ਸਰੀਰ ਮਿਲਿਆ ਹੈ। ਛਿਨ ਭੰਗਰ ਉਸ ਨੂੰ ਕਹਿੰਦੇ ਨੇ ਜਿਹੜੀ ਚੀਜ਼ ਸਦਾ ਨਾ ਰਹੇ, ਥੋੜ੍ਹਾ ਜਿਹਾ ਚਿਰ ਰਹਿੰਦੀ ਹੈ ਉਸ ਤੋਂ ਬਾਅਦ ਮੁੜ ਕੇ ਕੋਈ ਨਾਂ-ਨਿਸ਼ਾਨ ਹੀ ਨਹੀਂ ਉਸ ਦਾ ਰਹਿੰਦਾ। ਕੋਈ ਉਘ-ਸੁਘ ਨਹੀਂ ਉਸ ਦੀ ਮਿਲਦੀ, ਬੜੀ ਦੁਨੀਆਂ ਨੇ ਰੱਖ ਰੱਖ ਦੇਖੇ ਨੇ। ਮਿਸਰ ਦੇ ਤਿਕੋਣੇ ਮੀਨਾਰਾਂ ਦੇ ਅੰਦਰ ਜਿਹੜੇ 6000 ਤੋਂ 10,000 ਸਾਲ ਪਹਿਲਾਂ ਬਣੇ ਹੋਏ ਨੇ, ਉਨ੍ਹਾਂ ਵਿਚ ਬਾਦਸ਼ਾਹਾਂ ਦੇ ਸਰੀਰ ਰੱਖੇ ਗਏ ਸਨ। ਉਹ ਵੀ ਸਮੇਂ ਦੇ ਨਾਲ ਖਤਮ ਹੋ ਜਾਇਆ ਕਰਦੇ ਨੇ, ਨਾਮ ਨਿਸ਼ਾਨ ਮੁਕ ਜਾਂਦਾ ਹੈ, ਯੁੱਗ ਬਦਲ ਜਾਂਦੇ ਨੇ, ਹਿਸਾਬ-ਕਿਤਾਬ ਸਭ ਬਦਲ ਜਾਂਦੇ ਨੇ। ਜਿਥੇ ਜਲ ਹੁੰਦਾ ਹੈ ਉਥੇ ਥਲ ਹੋ ਜਾਂਦੇ ਨੇ, ਜਿਥੇ ਥਲ ਹੁੰਦੇ ਨੇ, ਉਥੇ ਪਾਣੀ ਹੀ ਪਾਣੀ ਹੋ ਜਾਂਦੇ ਨੇ। ਇਕ ਸਮਾਂ



ਸੀ ਜਦੋਂ ਹਿਮਾਲੀਆ ਪਰਬਤ ਸਮੁੰਦਰ ਦੇ ਅੰਦਰ ਡੁੱਬਿਆ ਹੋਇਆ ਸੀ। ਅੱਜ ਹਿਮਾਲੀਆ, ਕਹਿੰਦੇ ਨੇ ਕਿ ਅਠਾਈ-ਉਨੱਤੀ ਹਜ਼ਾਰ ਫੁੱਟ ਉਚਾ ਹੈ, ਕਾਫੀ ਉੱਚਾ ਹੈ ਪੰਜ ਮੀਲ ਦੇ ਕਰੀਬ। ਪਰ ਕਦੇ ਇਹ ਸਮੁੰਦਰ ਦਾ ਕੰਢਾ ਹੋਇਆ ਕਰਦਾ ਸੀ। ਇਹ ਤਾਂ ਸਾਰਾ ਕੁਝ ਹੀ ਛਿਨ ਭੰਗਰ ਹੈ, ਨਾਸ਼ਵਾਨ ਹੈ। ਮਹਾਰਾਜ ਜੀ ਕਹਿੰਦੇ ਇਹ ਛਲ ਹੋ ਰਿਹਾ ਹੈ ਇਕ। ਭਾਈ ਗੁਰਦਾਸ ਜੀ ਲਿਖਦੇ ਨੇ ਕਿ ਛਲ ਵਾਲੀ ਦੇਹ ਹੈ ਇਹ, ਇਹ ਸਦਾ ਨਹੀਂ ਰਹਿੰਦੀ ਤੇ ਦੇਖਦੇ-ਦੇਖਦੇ ਹੱਥਾਂ ਵਿਚੋਂ ਨਿਕਲ ਜਾਂਦੀ ਹੈ, ਭਸਮ ਦੀ ਢੇਰੀ ਹੋ ਜਾਂਦੀ ਹੈ।

***ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ॥***
***ਪੰਨਾ - 1428***

ਕਦੇ ਬਾਲ (ਬੱਚਾ) ਸੀ, ਚੁੱਕੀ ਫਿਰਦੇ ਸੀ, ਜਨਮ ਦਿਨ ਮਨਾਉਂਦੇ ਸੀ। ਵੱਡੀਆਂ-ਵੱਡੀਆਂ ਮਾਂ ਬਾਪ ਨੂੰ ਆਸਾਂ ਸਨ। ਹੁਣ ਕਿਥੇ ਚਲੇ ਗਏ?

***ਫਰੀਦਾ ਕਿਥੈ ਤੈਡੇ ਮਾਪਿਆ ਜਿਨੀ ਤੂ ਜਣਿਓਹਿ॥***
***ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ॥***
***ਪੰਨਾ - 1381***

ਤੂੰ ਇਥੇ ਰਹਿਣ ਦੀਆਂ ਗੱਲਾਂ ਕਰਦਾ ਹੈਂ? ਰਹਿਣ ਦਾ ਥਾਂ ਨਹੀਂ, ਇਹ ਤਾਂ ਥੋੜ੍ਹੀ ਦੇਰ ਵਾਸਤੇ ਹੈ, ਛਿਨ ਭੰਗਰ ਹੈ-

................ ***ਛਿਣ ਭੰਗਰੁ ਛਲ ਦੇਹੀ ਛਾਰਾ॥***
***ਭਾਈ ਗੁਰਦਾਸ ਜੀ ਦੀ ਵਾਰ 37/6***

ਛਲ ਦੀ ਬਣੀ ਹੋਈ ਦੇਹੀ ਹੈ, ਇਹ ਛਾਰ ਹੈ ਕੁਝ ਵੀ

ਨਹੀਂ ਇਸ ਦੀ ਅਸਲੀਅਤ –

*ਪਾਨੀ ਦਾ ਕਰਿ ਪੁਤਰਾ ਉਡੈ ਨ ਪਉਣੁ ਖੁਲੈ ਨਉ ਦੁਆਰਾ॥*
***ਭਾਈ ਗੁਰਦਾਸ ਜੀ ਦੀ ਵਾਰ 37/ 6***

ਪੰਜ ਤੱਤਾਂ ਦਾ ਇਹ ਪੁਤਲਾ ਬਣਾ ਦਿੱਤਾ। ਪਾਨੀ ਇਸ ਦਾ ਪਿਤਾ ਹੈ ਜਿਥੋਂ ਇਸ ਦਾ ਜਨਮ ਹੋਇਆ। ਉਹ ਪੁਤਲਾ ਬਣਾ ਕੇ ਨੌ ਦੁਆਰੇ ਇਸ ਵਿਚ ਖੁੱਲ੍ਹੇ ਨੇ, ਹਵਾ ਭਰ ਦਿੱਤੀ ਇਸ ਦੇ ਵਿਚ, ਹੁਣ ਹਵਾ ਉਡਦੀ ਨਹੀਂ ਹੈ, ਬਾਹਰ ਨਿਕਲ ਜਾਂਦੀ ਹੈ ਫੇਰ ਮੁੜ ਕੇ ਅੰਦਰ ਨੂੰ ਚਲੀ ਜਾਂਦੀ ਹੈ, ਐਸਾ ਪ੍ਰਬੰਧ ਕਰ ਦਿੱਤਾ ਕਿ ਉਡਦੀ ਨਹੀਂ ਹਵਾ –

*ਅਗਨਿ ਕੁੰਡ ਵਿਚਿ ਰਖੀਅਨਿ ਨਰਕ ਘੋਰ ਮਹਿੰ ਉਦਰੁ ਮਝਾਰਾ॥*
***ਭਾਈ ਗੁਰਦਾਸ ਜੀ ਦੀ ਵਾਰ 37/6***

ਅੱਗ ਦੇ ਕੁੰਡ ਵਿਚ ਇਸ ਦੀ ਘਾੜਤ-ਘੜੀ ਗਈ ਸੀ, ਮਾਤਾ ਦੇ ਪੇਟ ਵਿਚ, ਜਿਸ ਥਾਂ ਤੇ ਜਠਰਾ-ਅਗਨ ਰਹਿੰਦੀ ਹੈ। ਮੂਲੀਆਂ ਨੂੰ ਚੁੱਲ੍ਹੇ ਤੇ ਤੁਸੀਂ ਰਿੰਨਣ ਦੀ ਕੋਸ਼ਿਸ਼ ਕਰੋ, ਬੜੀ ਦੇਰ ਲੱਗ ਜਾਂਦੀ ਹੈ ਪਰ ਪੇਟ ਵਿਚ ਜਾ ਕੇ ਸਾਰੀਆਂ ਚੀਜ਼ਾਂ ਇਕ ਦਮ ਗਲ ਜਾਂਦੀਆਂ ਹਨ ਜਿਹੜੀਆਂ ਨਹੀਂ ਵੀ ਗਲਣ ਵਾਲੀਆਂ। ਸੋ ਐਸੀ ਜੋ ਅਗਨ ਹੈ ਉਸ ਦੇ ਵਿਚ ਰੱਖਿਆ ਹੋਇਆ ਹੈ ਜੀਵ, ਤੇ ਉਸ ਦੀ ਤਸ਼ਬੀਹ (ਤੁਲਨਾ) ਕਾਹਦੇ ਨਾਲ ਦਿੱਤੀ ਹੈ ਕਹਿੰਦੇ ਨਰਕ ਘੋਰ ਸੀ ਉਹ –

*............ ਨਰਕ ਘੋਰ ਮਹਿੰ ਉਦਰੁ ਮਝਾਰਾ॥*
***ਭਾਈ ਗੁਰਦਾਸ ਜੀ ਦੀ ਵਾਰ 37/6***

ਮਾਂ ਦੇ ਪੇਟ ਵਿਚ, ਨਰਕ ਘੋਰ ਵਿਚ ਦੁਖ ਭੋਗ ਰਿਹਾ ਸੀ।

*ਕਰੈ ਉਰਧ ਤਪੁ ਗਰਭ ਵਿਚਿ ............॥*
***ਭਾਈ ਗੁਰਦਾਸ ਜੀ ਦੀ ਵਾਰ 37/6***

ਪੁੱਠਾ ਲਟਕ ਕੇ ਤਪ ਕਰ ਰਿਹਾ ਸੀ। ਉਸ ਵੇਲੇ ਇਸ ਨੂੰ ਇਕ ਸ਼ਬਦ ਸੁਣਾਈ ਦੇ ਰਿਹਾ ਸੀ, ਇਕ ਨਾਮ ਦੀ ਧੁਨ ਸੁਣਾਈ ਦੇ ਰਹੀ ਸੀ ਜਿਸ ਦੇ ਆਸਰੇ ਇਸ ਦੀ ਸਾਰੀ ਸੁਰਤ ਦੁਖਾਂ ਦੇ ਵਿਚੋਂ ਨਿਕਲ ਕੇ ਓਸ ਸ਼ਬਦ ਦੇ ਵਿਚ ਇਕ ਮਿੱਕ ਲੀਨ ਹੋਈ ਹੋਈ ਸੀ। ਹੋਰ ਕੋਈ ਫੁਰਨਾ ਨਹੀਂ ਸੀ, ਕੋਈ ਦੁਖ ਨਹੀਂ ਸੀ ਏਸ ਨੂੰ ਬਿਆਪਦੇ ਕਿਉਂਕਿ ਇਹ ਸਮਾਧੀ ਦੀ ਅਵਸਥਾ ਵਿਚ ਸੀ –

*ਕਰੈ ਉਰਧ ਤਪੁ ਗਰਭ ਵਿਚਿ ਚਸਾ ਨ ਵਿਸਰੈ ਸਿਰਜਣਹਾਰਾ॥*
***ਭਾਈ ਗੁਰਦਾਸ ਜੀ ਦੀ ਵਾਰ 37/6***

ਚਸਾ ਕਹਿੰਦੇ ਨੇ ਇਕ ਅੱਖ ਜਿੰਨਾ ਚਿਰ ਝਮਕਦੀ ਹੈ, ਇਸ ਤੋਂ ਪੰਦਰਾਂ ਗੁਣਾਂ ਘੱਟ ਸਮਾਂ। ਵਿਸਾ-ਚਸਾ ਦੋਹੇ ਇਹ ਗਿਣਤੀਆਂ ਹਨ ਸੈਕਿੰਡ ਤੋਂ ਵੀ ਛੋਟੀਆਂ। ਐਨਾ ਚਿਰ ਵੀ ਉਹ ਪ੍ਰਮੇਸ਼ਰ ਨਾਲੋਂ ਵਿਛੜਦਾ ਨਹੀਂ ਸੀ –

*ਦਸੀ ਮਹੀਨੀ ਜੰਮਿਆਂ ਸਿਮਰਣ ਕਰੀ ਕਰੇ ਨਿਸਤਾਰਾ॥*
***ਭਾਈ ਗੁਰਦਾਸ ਜੀ ਦੀ ਵਾਰ 37/6***

ਵਾਹਿਗੁਰੂ ਨੂੰ ਯਾਦ ਕਰਦਾ ਰਿਹਾ, ਯਾਦ ਕਰਨ ਦੇ ਨਾਲ ਇਸ ਦਾ ਨਿਸਤਾਰਾ ਹੋਇਆ। ਦਸਾਂ ਮਹੀਨਿਆਂ ਤੋਂ ਬਾਅਦ ਗਰਭ ਵਿਚੋਂ ਬਾਹਰ ਆਇਆ ਲੇਕਿਨ ਮਹਾਰਾਜ ਜੀ ਕਹਿੰਦੇ ਹੋਇਆ ਕੀ ?

*ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥*
***ਪੰਨਾ – 921***

ਮਾਇਆ ਦਾ ਅਸਰ ਹੋ ਗਿਆ ਉਸ ਤੇ –

*ਜੰਮਦੋ ਮਾਇਆ ਮੋਹਿਆ................॥*
***ਭਾਈ ਗੁਰਦਾਸ ਜੀ ਦੀ ਵਾਰ 37/6***

ਜੰਮਦੀ ਸਾਰ, ਇਕ ਸਾਹ ਵੀ ਨਹੀਂ ਲੈਣ ਦਿੱਤਾ, ਉਸੇ ਵੇਲੇ ਮਾਇਆ ਨੇ ਮੋਹ ਲਿਆ ਆ ਕੇ –

*............ ਨਦਰਿ ਨ ਆਵੈ ਰਖਣ ਹਾਰਾ॥*
***ਭਾਈ ਗੁਰਦਾਸ ਜੀ ਦੀ ਵਾਰ 37/6***

ਉਹ ਦਿਸਦਾ ਨਹੀਂ, ਉਸ ਦੀ ਬਜਾਇ ਹੋਰ ਹੀ ਦਿਸਣ ਲੱਗ ਗਏ।

*ਪਹਿਲੈ ਪਿਆਰਿ ਲਗਾ ਥਣ ਦੁਧਿ॥*
*ਦੂਜੈ ਮਾਇ ਬਾਪ ਕੀ ਸੁਧਿ॥*
*ਤੀਜੈ ਭਯਾ ਭਾਭੀ ਬੇਬ॥*
*ਚਉਥੈ ਪਿਆਰਿ ਉਪੰਨੀ ਖੇਡ॥*
*ਪੰਜਵੈ ਖਾਣ ਪੀਅਣ ਕੀ ਧਾਤੁ॥*
*ਛਿਵੈ ਕਾਮੁ ਨ ਪੁਛੈ ਜਾਤਿ॥*
*ਸਤਵੈ ਸੰਜਿ ਕੀਆ ਘਰ ਵਾਸੁ॥*
*ਅਠਵੈ ਕ੍ਰੋਧੁ ਹੋਆ ਤਨ ਨਾਸੁ॥*
*ਨਾਵੈ ਧਉਲੇ ਉਭੇ ਸਾਹ॥*
*ਦਸਵੈ ਦਧਾ ਹੋਆ ਸੁਆਹ॥*
*ਗਏ ਸਿਗੀਤ ਪੁਕਾਰੀ ਧਾਹ॥*
*ਉਡਿਆ ਹੰਸੁ ਦਸਾਏ ਰਾਹ॥*
*ਆਇਆ ਗਇਆ ਮੁਇਆ ਨਾਉ॥*
*ਪਿਛੈ ਪਤਲਿ ਸਦਿਹੁ ਕਾਵ॥*
*ਨਾਨਕ ਮਨਮੁਖਿ ਅੰਧੁ ਪਿਆਰੁ॥*
*ਬਾਝੁ ਗੁਰੂ ਡੁਬਾ ਸੰਸਾਰੁ॥* ***ਪੰਨਾ – 137***

ਹਨ੍ਹੇਰੇ ਦੇ ਨਾਲ ਪਿਆਰ ਪਾ ਲਿਆ। ਹੁਣ ਗੁਰੂ ਹੀ ਹੈ ਜਿਹੜਾ ਇਸ ਦੇ ਅੰਦਰ ਚਾਨਣਾ ਕਰ ਸਕਦਾ ਹੈ। ਗੁਰੂ ਦੀ ਇਸ ਨੂੰ ਸੋਝੀ ਨਹੀਂ ਹੈ। ਸੋ ਕਹਿੰਦੇ –

*ਜੰਮਦੋ ਮਾਇਆ ਮੋਹਿਆ ਨਦਰਿ ਨ ਆਵੈ ਰਖਣ ਹਾਰਾ।*
***ਭਾਈ ਗੁਰਦਾਸ ਜੀ ਦੀ ਵਾਰ 37/6***

ਹੁਣ ਰੱਖਣਹਾਰਾ ਨਦਰ ਨਹੀਂ ਆਉਂਦਾ ਜਿਸ ਦੇ ਨਾਮ ਦੀ ਧੁਨ ਦੇ ਨਾਲ ਇਹ ਐਸੇ ਥਾਂ ਤੋਂ ਬਚਿਆ ਸੀ, ਉਸ ਦੇ ਨਾਲੋਂ ਵਿਛੜ ਗਿਆ –

*ਸਾਹੋਂ ਵਿਛੁੜਿਆ ਵਣਜਾਰਾ॥*
***ਭਾਈ ਗੁਰਦਾਸ ਜੀ ਦੀ ਵਾਰ 37/6***

ਵਿਛੜਦੀਸਾਰ ਇਸ ਨੂੰ ਮਾਇਆ ਨੇ ਮੋਹ ਲਿਆ ਤੇ ਜੋ ਰਖਣ ਵਾਲਾ ਹੈ, ਇਸ ਦੇ ਨਾਲ ਜੋ ਹਰ ਵਕਤ ਰਹਿੰਦਾ ਹੈ, ਉਸ ਨੂੰ ਭੁੱਲ ਗਿਆ ਤੇ ਕੂੜ ਦੇ ਵਿਚ ਇਸ ਨੇ ਆਪਣਾ ਮਨ ਲਾ ਲਿਆ। ਜਿਹੜੀ ਚੀਜ਼ ਅਸਲੀ ਨਹੀਂ, ਨਕਲੀ ਹੈ, ਰਹਿਣ ਵਾਲੀ ਨਹੀਂ ਹੈ ਉਸ ਦੇ ਨਾਲ ਤਾਂ ਮਨ ਲਾ ਲਿਆ। ਜਿਹੜਾ ਸਾਖੀ ਚੇਤਨ ਹੈ ਜੋ ਹਰ ਸਮੇਂ ਨਾਲ ਰਹਿੰਦਾ ਹੈ, ਉਸ ਨੂੰ ਇਹ ਭੁੱਲ ਗਿਆ ਕਿਉਂਕਿ –

*ਧਾਰਨਾ - ਤੈਨੂੰ ਵਿਸਰਿਆ ਕਰਤਾਰ ਜਿੰਦੇ ਮੇਰੀਏ -2, 2.*
*ਤੈਨੂੰ ਵਿਸਰਿਆ ਕਰਤਾਰ ਜਿੰਦੇ ਮੇਰੀਏ -2.*

*ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥*
*ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ ॥*
*ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨਣਹਾਰੁ ॥*
*ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ ॥*
*ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ ॥*
*ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ॥*
*ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ ॥*
*ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ ॥*
*ਨਾਨਕ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ ॥*
*ਪੰਨਾ - 468*

ਜੋ ਚੀਜ਼ ਅਸਲ ਰਹਿਣ ਵਾਲੀ ਸੀ ਉਸ ਦੇ ਨਾਲੋਂ ਤਾਂ ਪਿਆਰ ਹਟ ਗਿਆ। ਪਿਆਰ ਝੂਠ ਦੇ ਨਾਲ ਪੈ ਗਿਆ। ਜਿਹੜੀ ਨਾ ਰਹਿਣ ਵਾਲੀ ਚੀਜ਼ ਸੀ, ਜਿਸ ਨੂੰ ਛਿਨ-ਭੰਗਰ ਆਖਿਆ ਗਿਆ ਹੈ ਉਸ ਦੇ ਨਾਲ ਪੂਰਾ ਹੀ ਪਿਆਰ ਪਾ ਬੈਠੇ - ਮੰਡਪਾਂ ਦੇ ਨਾਲ, ਰਾਜ ਦੇ ਨਾਲ, ਪਰਜਾ ਦੇ ਨਾਲ, ਸੰਸਾਰ ਦੇ ਨਾਲ। ਮਹਾਰਾਜ ਜੀ ਕਹਿੰਦੇ ਇਹ ਤਾਂ ਸਾਰੇ ਹੀ ਕੂੜੇ ਨੇ, ਰਹਿਣ ਵਾਲੀ ਚੀਜ਼ ਨਹੀਂ - ਨਾ ਸੰਸਾਰ ਨੇ ਰਹਿਣਾ ਹੈ, ਨਾ ਪਰਜਾ ਨੇ, ਨਾ ਰਾਜੇ ਨੇ -

*ਕੂੜੁ ਮੰਡਪ ਕੂੜੁ ਮਾੜੀ ............ ॥ ਪੰਨਾ - 468*

ਕੋਠੀਆਂ ਨਾਲ ਪਿਆਰ ਪਾ ਲਿਆ, ਮਕਾਨਾਂ ਨਾਲ ਪਿਆਰ ਪਾ ਲਿਆ। ਜਿਹੜੇ ਇਨ੍ਹਾਂ ਵਿਚ ਰਹਿੰਦੇ ਸੀ ਉਨ੍ਹਾਂ ਦੇ ਨਾਲ ਪਿਆਰ ਪਾ ਲਿਆ। ਸੋਨੇ ਨਾਲ ਪਿਆਰ ਪਾ ਲਿਆ, ਚਾਂਦੀ ਨਾਲ, ਰੁਪਏ ਪੈਸੇ ਨਾਲ ਪਾ ਲਿਆ, ਕੱਪੜਿਆਂ-ਲੀੜਿਆਂ ਨਾਲ ਪਾ ਲਿਆ, ਸਰੀਰ ਨਾਲ ਪਿਆਰ ਪਾ ਲਿਆ। ਮਹਾਰਾਜ ਜੀ ਕਹਿੰਦੇ, ਕਾਇਆ ਰਹਿਣੀ ਨਹੀਂ ਹੈ, ਇਹ ਤਾਂ ਬਿਨਸ ਜਾਣੀ ਹੈ। ਰੂਪ ਨਾਲ ਪਿਆਰ ਪਾ ਲਿਆ -

*ਕੂੜੁ ਮੀਆ ਕੂੜੁ ਬੀਬੀ ........... ॥ ਪੰਨਾ - 468*

ਘਰਵਾਲਾ ਵੀ ਕੂੜ ਤੇ ਬੀਬੀ ਵੀ ਕੂੜ, ਦੋਏ ਕੂੜ ਨੇ -

*........... ਖਪਿ ਹੋਏ ਖਾਰੁ ॥ ਪੰਨਾ - 468*

ਖਪ ਕੇ ਖਵਾਰ ਹੋ ਗਿਆ ਸੰਸਾਰ -

*ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ॥*
*ਪੰਨਾ - 468*

ਝੂਠੇ ਦਾ ਝੂਠੇ ਨਾਲ ਪਿਆਰ ਪੈ ਗਿਆ। ਸੋ ਇਸ ਦੇ ਨਾਲ ਕੀ ਹੋਇਆ, ਵਾਹਿਗੁਰੂ ਵਿਸਰ ਗਿਆ। ਹੁਣ ਫੇਰ -

*ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ ॥*
*ਪੰਨਾ - 468*

ਬਾਕੀ ਤਾਂ ਸਾਰਾ ਜਗ ਚਲਣ ਵਾਲਾ ਹੈ ਫੇਰ ਦੋਸਤੀ ਕਿਸ ਦੇ ਨਾਲ ਕਰੇ। ਦੋਸਤ ਤਾਂ ਸੀ ਇਕ ਜਿਸ ਨੇ ਮਾਤਾ ਦੇ ਪੇਟ ਵਿਚ ਰੱਖਿਆ। ਉਸ ਦੇ ਬਾਰੇ ਮਹਾਰਾਜ ਜੀ ਤਾਕੀਦ ਕਰਕੇ ਏਸ ਤਰ੍ਹਾਂ ਫੁਰਮਾਉਂਦੇ ਨੇ -

*ਧਾਰਨਾ - ਜਿਹੜਾ ਮਾਤਾ ਦੇ ਉਦਰ ਵਿਚ ਪਾਲਦੈ,*
*ਓਹਨੂੰ ਕਿਉਂ ਵਿਸਾਰੇਂ ਬੰਦਿਆ -2, 2.*
*ਜਿਹੜਾ ਮਾਤਾ ਦੇ ਉਦਰ ਵਿਚ ਪਾਲਦੈ,*
*ਓਹਨੂੰ ਕਿਉਂ ਵਿਸਾਰੇਂ ਬੰਦਿਆ -2.*

*ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ ਸੋ ਕਿਉ ਮਨਹੁ ਵਿਸਾਰੀਐ ॥*
*ਪੰਨਾ - 920*

ਮਹਾਰਾਜ ਜੀ ਪ੍ਰਸ਼ਨ ਕਰਦੇ ਨੇ, ਸਾਡੇ ਤੇ ਸਵਾਲ ਕਰਦੇ ਨੇ ਕਿ ਜਿਥੇ ਕੋਈ ਵੀ ਸਮਰੱਥ ਨਹੀਂ ਸੀ ਪਾਲਣਾ ਕਰਨ ਵਾਸਤੇ, ਉਸ ਥਾਂ ਤੇ ਉਹ ਪਾਲਣਾ ਕਰਦਾ ਸੀ। ਉਸ ਨੂੰ ਕਿਉਂ ਭੁਲਦਾ ਹੈਂ ਤੂੰ? ਸੋ ਇਹ ਸਵਾਲ ਹੈ ਬੜਾ ਭਾਰਾ ਸਾਡੇ ਅੱਗੇ। ਉਸ ਨੂੰ ਭੁੱਲਣ ਦੇ ਨਾਲ ਅਸੀਂ ਮਾਇਆ ਨੇ ਮੋਹ ਲਏ ਤੇ ਦੁਖੀ ਹੁੰਦੇ ਫਿਰਦੇ ਹਾਂ। ਜਦੋਂ ਤੱਕ ਸਾਨੂੰ ਪੂਰਾ ਗੁਰੂ ਨਹੀਂ ਮਿਲਦਾ, ਓਸ ਤੋਂ ਅੰਮ੍ਰਿਤ ਨਾਮ ਦੀ ਦਾਤ ਪ੍ਰਾਪਤ ਨਹੀਂ ਹੁੰਦੀ, ਓਨੀ ਦੇਰ ਤੱਕ ਸਾਡਾ ਛੁਟਕਾਰਾ ਨਹੀਂ ਹੋ ਸਕਿਆ ਕਰਦਾ ਸਾਧ ਸੰਗਤ ਜੀ! ਅੱਗੇ ਹੀ ਅੱਗੇ ਅਸੀਂ ਤੁਰੀ ਜਾਂਦੇ ਹਾਂ, ਸਫਰ ਬੰਦ ਕਰਨ ਦਾ ਕੋਈ ਯਤਨ ਨਹੀਂ ਕਰਦੇ ਕਿਉਂਕਿ ਸਾਨੂੰ ਇਹ ਪਤਾ ਨਹੀਂ ਕਿ ਇਸ ਤੋਂ ਬਾਅਦ ਮੈਂ ਕਿਥੇ ਜਾਣਾ ਹੈ। ਜਿਸ ਨੂੰ ਏਹੀ ਨਾ ਪਤਾ ਹੋਵੇ ਤਾਂ ਮਹਾਰਾਜ ਜੀ ਕਹਿੰਦੇ ਕਿ ਕੀ ਉਹ ਅਕਲ ਵਾਲਾ ਬੰਦਾ ਹੈ? ਉਹ ਤਾਂ ਕਮਲਾ ਬੰਦਾ ਹੈ ਜਿਸ ਨੂੰ ਏਹੀ ਨਹੀਂ ਪਤਾ ਕਿ ਮੈਂ ਸਰੀਰ ਛੱਡਣ ਤੋਂ ਬਾਅਦ ਕਿਥੇ ਜਾਣਾ ਹੈ, ਮੇਰੀ ਗਤੀ ਕੀ ਹੋਏਗੀ। ਬਹੁਤਿਆਂ ਨੂੰ ਪੁਛੀਦਾ ਹੈ ਕਿ ਤੇਰੀ ਗਤੀ ਕਿਹੋ ਜਿਹੀ ਹੋਵੇਗੀ? ਕਹਿੰਦੇ ਹਨ ਕਿ ਦੇਖੀ ਜਾਊਂਗੀ, ਜਦੋਂ ਹੋਏਗੀ। ਦੇਖੀ ਜਾਊ ਤਾਂ ਕੋਈ ਸੁਆਲ ਦਾ ਉਤਰ ਨਹੀਂ। ਬਿੱਲੀ ਨੂੰ ਦੇਖ ਕੇ ਕਬੂਤਰ ਅੱਖਾਂ ਮੀਚ ਲੈਂਦਾ ਹੈ। ਜੇ ਕਬੂਤਰ ਬੋਲਦਾ ਹੋਵੇ ਤੇ ਉਸ ਨੂੰ ਪੁਛਿਆ ਜਾਵੇ ਕਿ ਤੂੰ ਬਿੱਲੀ ਨੂੰ ਦੇਖ ਕੇ ਅੱਖਾਂ ਬੰਦ ਕਰ ਲਈਆਂ ਤੇ ਉਹ ਕਹੇ ਕਿ ਦੇਖੀ ਜਾਊ, ਜਿਹੜਾ ਕੁਝ ਹੋਏਗਾ। ਦੇਖੀ ਜਾਊ ਕੀ ਹੋਏਗਾ, ਗਰਦਨ ਤੋਂ ਆ ਕੇ ਫੜ ਲੈਣਾ ਹੈ, ਉਸ ਨੇ ਖਾ ਲੈਣਾ ਹੈ ਤੈਨੂੰ। ਲੇਖ ਤਾਂ ਲਿਖੇ ਪਏ ਨੇ, ਬਾਣੀ ਸਾਰੀ ਗੱਲ ਤੇ ਪ੍ਰਕਾਸ਼ ਪਾਉਂਦੀ ਹੈ। ਇਹ ਗੱਲ ਕਿ ਦੇਖੀ ਜਾਊ, ਦੇਖਣ ਦਾ ਸਵਾਲ ਨਹੀਂ ਪੈਦਾ ਹੁੰਦਾ। ਨਬੇੜਾ ਅੰਤਕਾਲ ਦੀ ਮਾਨਸਿਕ ਦਸ਼ਾ ਅਨੁਸਾਰ ਹੋਣਾ ਹੈ -

*ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥*
*ਸਰਪ ਜੋਨਿ ਵਲਿ ਵਲਿ ਅਉਤਰੈ ॥ ਪੰਨਾ - 526*

ਸੱਪ ਬਣ ਜਾਏਂਗਾ; ਲੜਕਿਆਂ 'ਚ ਧਿਆਨ ਰਹਿ ਗਿਆ ਸੂਰ-ਸੂਰੀ ਬਣ ਜਾਏਂਗਾ; ਇਸਤਰੀ ਵਿਚ ਧਿਆਨ ਰਹਿ ਗਿਆ ਵੇਸਵਾ ਬਣ ਜਾਏਂਗਾ, ਜੇ ਭੋਗਾਂ ਵਿਚ ਧਿਆਨ ਰਹਿ ਗਿਆ। ਜੇ ਅੰਤ ਵੇਲੇ ਮੰਦਰਾਂ ਮਕਾਨਾਂ ਵਿਚ ਧਿਆਨ ਰਹਿ ਗਿਆ ਤਾਂ ਪ੍ਰੇਤ ਬਣ ਜਾਏਂਗਾ -

*ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥*
*ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥ ਪੰਨਾ - 526*

ਮਕਾਨਾਂ ਵਿਚ, ਜਾਇਦਾਦ ਵਿਚ, ਕੋਠੀਆਂ ਵਿਚ। ਮੰਦਰ ਕੋਠੀਆਂ ਨੂੰ ਕਹਿੰਦੇ ਨੇ, ਗੁਰਦੁਆਰੇ ਨੂੰ ਨਹੀਂ ਕਹਿੰਦੇ, ਨਾ ਮੰਦਰ ਨੂੰ ਕਹਿੰਦੇ ਨੇ। ਜੇ ਸੁੰਦਰ ਮੰਦਰਾਂ ਦੇ ਵਿਚ ਧਿਆਨ ਰਹਿ ਗਿਆ ਤਾਂ ਪ੍ਰੇਤ ਬਣ ਜਾਏਂਗਾ।

ਸ੍ਰੀ 108 ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ

***ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥***
***ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ॥***
***ਪੰਨਾ - 526***

'ਦੇਖੀ ਜਾਊ' ਦਾ ਤਾਂ ਸਵਾਲ ਹੀ ਨਹੀਂ ਹੈ। ਜੇ ਸੰਤਾਂ ਦੀ ਨਿੰਦਿਆ ਕਰਦਾ ਹੈ ਤਾਂ ਕਹਿੰਦੇ -

***........... ਤ੍ਰਿਗਧ ਜੂਨ ਕਿਰਮਾਇ॥ ਪੰਨਾ - 526***

ਆਹ ਕੁੱਤਿਆਂ-ਬਿੱਲਿਆਂ ਦੇ ਸਿਰ ਵਿਚ ਕੀੜਾ ਬਣ ਜਾਂਦਾ ਹੈ। ਜੇ ਸੰਤਾਂ ਨੂੰ ਦੁਖੀ ਕਰਦਾ ਹੈ ਤਾਂ ਸੱਪ ਦੀ ਜੂਨੀ ਮਿਲਦੀ ਹੈ।

***ਜਿਸ ਕੈ ਅੰਤਰਿ ਰਾਜ ਅਭਿਮਾਨੁ॥***
***ਸੋ ਨਰਕਪਾਤੀ ਹੋਵਤ ਸੁਆਨੁ॥ ਪੰਨਾ - 278***

ਕਹਿੰਦੇ ਜਿਸ ਦੇ ਅੰਦਰ ਰਾਜਸੀ ਸ਼ਕਤੀ ਦਾ ਅਭਿਮਾਨ ਹੈ ਉਹ ਨਰਕ ਕੱਟ ਕੇ ਕੁੱਤਾ ਬਣੇਗਾ। ਦੇਖੀ ਜਾਊ ਦਾ ਸਵਾਲ ਨਹੀਂ। ਇਹ ਹੋਣਾ ਹੀ ਹੈ। ਉਹ ਗਤੀ ਪ੍ਰਾਪਤ ਕਰੀਏ ਜਿਸ ਗਤੀ ਨੂੰ ਪ੍ਰਾਪਤ ਕਰਕੇ ਓਸ ਥਾਂ ਤੋਂ ਫੇਰ ਆਉਣਾ ਨਾ ਹੋਵੇ; ਦੁਖਾਂ ਤੋਂ ਬਰੀ ਹੋ ਜਾਈਏ, ਸਾਰੇ ਚੱਕਰ ਖਤਮ ਹੋ ਜਾਣ ਤੇ ਆਪਣੇ ਨਿਜ ਸਰੂਪ ਦੇ ਅੰਦਰ ਜਿਥੇ ਅਨੰਤ ਸੁਖ ਨੇ, ਅਨੰਤ ਹੀ ਅਨੰਤ ਹੈ ਓਥੇ ਵਿਸਮਾਦ ਹੈ, ਉਸ ਥਾਂ ਤੇ ਜਾ ਕੇ ਇਹ ਨਿਵਾਸ ਕਰੇ। ਉਹ ਇਸ ਦਾ ਅਖੀਰੀ ਨਿਸ਼ਾਨਾ ਹੈ ਕਿਉਂਕਿ ਇਹ ਸੁਖ ਨੂੰ ਪ੍ਰਾਪਤ ਕਰਨ ਵਾਸਤੇ ਸਭ ਕੁਝ ਕਰ ਰਿਹਾ ਹੈ। ਲੇਕਿਨ ਇਸ ਨੂੰ ਸੁਖ ਦੀ ਪ੍ਰਾਪਤੀ ਨਹੀਂ ਹੁੰਦੀ। ਇਸ ਦੀ ਖੋਜ ਗਲਤ ਹੈ, ਅਧੂਰੀ ਹੈ, ਅਧੂਰੀ ਹੋਣ ਕਰਕੇ ਪਾਉਂਦਾ ਹੱਥ ਸੁਖ ਨੂੰ ਹੈ ਪਰ ਨਤੀਜਾ ਦੁਖ ਨਿਕਲਦਾ ਹੈ।

ਸੋ ਜਿੰਨੀ ਛੇਤੀ ਹੋ ਸਕੇ, ਅਸੀਂ ਗੁਰੂ ਸ਼ਰਨ ਵਿਚ ਆਈਏ। ਗੁਰੂ ਦੇ ਬਣ ਕੇ, ਗੁਰੂ ਦੀ ਬਾਣੀ ਤੇ ਅਮਲ ਕਰੀਏ, ਗੁਰੂ ਦੀ ਬਖਸ਼ਿਸ਼ ਸਾਡੇ ਤੇ ਹੋ ਜਾਏ ਓਨਾ ਹੀ ਸਾਡਾ ਭਲਾ ਹੈ, ਨਹੀਂ ਤਾਂ ਇਹ ਸਮਾਂ ਨਿਕਲ ਜਾਣਾ ਹੈ ਸਾਡੇ ਹੱਥੋਂ। ਫੇਰ ਕੁਝ ਨਹੀਂ ਬਣਿਆ ਕਰਦਾ। ਫੇਰ ਤਾਂ ਲੰਘ ਗਿਆ ਸੋ ਲੰਘ ਗਿਆ ਫੇਰ ਨਹੀਂ ਇਹ ਹੱਥ ਆਇਆ ਕਰਦਾ।

ਭਜਨ ਕਰਨ ਦੇ ਵੱਡੇ-ਵੱਡੇ ਫਾਇਦੇ ਨੇ -

***ਪ੍ਰਭ ਕੈ ਸਿਮਰਨਿ ਗਰਭਿ ਨ ਬਸੈ॥***
***ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ॥***
***ਪ੍ਰਭ ਕੈ ਸਿਮਰਨਿ ਕਾਲੁ ਪਰਹਰੈ॥***
***ਪ੍ਰਭ ਕੈ ਸਿਮਰਨਿ ਦੁਸਮਨੁ ਟਰੈ॥***
***ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ॥***
***ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ॥ ਪੰਨਾ - 262***

ਵਿਘਨਾਂ ਦਾ ਖਾਤਮਾ ਹੋ ਜਾਂਦਾ ਹੈ, ਗਰਭ ਤੋਂ ਛੁਟਕਾਰਾ ਹੋ ਜਾਂਦਾ ਹੈ। ਬੇਅੰਤ ਕਿਸਮ ਦੇ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ। 'ਸੁਖਮਨੀ ਸਾਹਿਬ' ਦੀ ਪਹਿਲੀ ਅਸ਼ਟਪਦੀ ਪੜ੍ਹੋ, ਦੂਸਰੀ ਪੜ੍ਹੋ, ਪਤਾ ਲਗਦਾ ਹੈ -

***ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ॥***
***ਹਰਿ ਕਾ ਨਾਮੁ ਊਹਾ ਸੰਗਿ ਤੋਸਾ॥***
***ਜਿਹ ਪੈਡੈ ਮਹਾ ਅੰਧ ਗੁਬਾਰਾ॥***
***ਹਰਿ ਕਾ ਨਾਮੁ ਸੰਗਿ ਉਜੀਆਰਾ॥***
***ਜਹਾ ਪੰਥਿ ਤੇਰਾ ਕੋ ਨ ਸਿਞਾਨੂ॥***
***ਹਰਿ ਕਾ ਨਾਮੁ ਤਹ ਨਾਲਿ ਪਛਾਨੂ॥ ਪੰਨਾ - 264***

ਸੋ ਨਾਮ ਦੇ ਨਾਲ ਸਾਰੇ ਬੰਧਨਾਂ ਤੋਂ ਮੁਕਤੀ ਮਿਲਦੀ ਹੈ। ਨਾਮ ਦੇ ਨਾਲ ਵਿਘਨਾਂ ਦਾ ਨਾਸ਼ ਹੋ ਜਾਂਦਾ ਹੈ। ਪਿਛਲੇ ਜੋ ਮਾੜੇ ਕਰਮ ਅਸੀਂ ਕਰਕੇ ਆਏ ਹਾਂ, ਪਹਿਲਾਂ ਇਹ ਵਿਸ਼ਵਾਸ ਸ੍ਰੀ ਗੁਰੂ ਨਾਨਕ ਪਾਤਿਸ਼ਾਹ ਤੋਂ ਕਿ -

***ਭੋਗੇ ਬਿਨ ਭਾਗੇ ਨਹੀ ਕਰਮ ਗਤੀ ਬਲਵਾਨ॥***

ਜੇ ਤਾਂ ਨਾਮ ਨਹੀਂ ਜਪਦਾ ਫੇਰ ਤਾਂ ਕਰਮ ਜ਼ਰੂਰ ਹੀ ਭੋਗਣੇ ਪੈਣੇ ਨੇ। ਉਨ੍ਹਾਂ ਦੀ ਤਾਕਤ ਵੱਧ ਵੀ ਹੋ ਸਕਦੀ ਹੈ, ਘੱਟ ਵੀ ਹੋ ਸਕਦੀ ਹੈ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜੀ ਦੇ ਕੋਲ ਕਾਜੀ ਸਲਾਰਦੀਨ ਬੈਠਾ ਹੈ। ਬੜਾ ਸ਼ਰਧਾਲੂ ਸੀ ਗੁਰੂ ਮਹਾਰਾਜ ਜੀ ਦਾ। ਸੰਗਤਾਂ ਆਉਂਦੀਆਂ ਨੇ, ਭੇਟਾਂ ਚਾੜ੍ਹਦੀਆਂ ਨੇ ਤੇ ਗੁਰੂ ਸਾਹਿਬ ਵਲੋਂ ਅਸ਼ੀਰਵਾਦ ਮਿਲਦਾ ਹੈ - ਰਾਜ਼ੀ ਰਹੋ! ਵਿਘਨਾਂ ਦਾ ਨਾਸ਼ ਹੋਵੇ!! ਤੇਰੀ ਮਨੋ ਕਾਮਨਾ ਪੂਰੀ ਹੋਵੇ!!!

ਕਾਜ਼ੀ ਹੈਰਾਨ ਹੋ ਗਿਆ ਤੇ ਕਹਿਣ ਲੱਗਾ, "ਸੱਚੇ ਪਾਤਸ਼ਾਹ! ਰੱਬ ਇਕ ਹੈ ਜਾਂ ਦੋ ਨੇ?"

ਮਹਾਰਾਜ ਜੀ ਕਹਿੰਦੇ, "ਸਲਾਰਦੀਨ! ਰੱਬ ਤਾਂ ਇਕੋ ਹੀ ਹੈ।"

ਕਹਿੰਦਾ, "ਫੇਰ ਜੋ ਅੱਲ੍ਹਾ-ਤਾਲਾ ਨੇ ਲਿਖ ਦਿੱਤਾ, ਓਹੀ ਵਰਤਣਾ ਚਾਹੀਦਾ ਹੈ ਤੇ ਤੁਸੀਂ ਕਹਿੰਦੇ ਹੋ, 'ਸੁਖੀ ਰਹਿ।' ਜੇ ਉਸ ਦੇ ਕਰਮਾਂ ਵਿਚ ਦੁਖ ਹੈ ਤਾਂ ਸੁਖੀ ਕਿਵੇਂ ਰਹਿ ਜਾਏਗਾ? ਜੇ ਉਸ ਦੀ ਕਿਸਮਤ ਵਿਚ ਕੁਝ ਵੀ ਨਹੀਂ ਹੈ ਤਾਂ ਉਸ ਨੂੰ ਧਨ ਕਿਥੋਂ ਮਿਲ ਜਾਏਗਾ? ਬੀਜਿਆ ਹੀ ਨਹੀਂ ਜੇ ਉਸ ਨੇ, ਕਿਉਂਕਿ ਬੀਜਿਆ ਹੋਇਆ ਹੀ ਵੱਢਣਾ ਪੈਂਦਾ ਹੈ। ਜਦੋਂ ਬੀਜਿਆ ਹੀ ਨਹੀਂ, ਵੱਢੇਗਾ ਕਿਥੋਂ ਮਹਾਰਾਜ! ਤੇ ਤੁਸੀਂ ਕਹਿੰਦੇ ਹੋ ਕਿ ਜਾਹ! ਤੇਰੇ ਵਿਘਨ ਦੂਰ ਹੋਣ, ਤੈਨੂੰ ਦੁਧ-ਪੁੱਤ ਦੀ ਪ੍ਰਾਪਤੀ ਹੋਵੇ, ਮਾਇਆ ਤੈਨੂੰ ਪ੍ਰਾਪਤ ਹੋਵੇ। ਜਿਹੋ-ਜਿਹੀ ਕੋਈ ਇੱਛਾ ਲੈ ਕੇ ਆਉਂਦਾ ਹੈ ਓਹੋ ਜਿਹਾ ਹੀ ਤੁਸੀਂ ਬਚਨ ਦਿੰਦੇ ਹੋ। ਫੇਰ ਇਕ ਲੇਖ ਤਾਂ ਰੱਬ ਨੇ ਲਿਖੇ ਹੋਏ ਨੇ ਤੇ ਇਕ ਤੁਸੀਂ ਬਚਨ ਕਰਦੇ ਹੋ।"

ਮਹਾਰਾਜ ਜੀ ਕਹਿਣ ਲੱਗੇ, "ਸਲਾਰਦੀਨ! ਜਦੋਂ ਸਿੱਖ ਸ਼ਰਧਾ ਦੇ ਨਾਲ ਆ ਕੇ ਗੁਰੂ ਕੋਲ ਨਮਸ਼ਕਾਰ ਕਰਦਾ ਹੈ ਤਾਂ ਉਸ ਦੇ ਪੁੱਠੇ ਲੇਖ ਸਿਧੇ ਹੋ ਜਾਇਆ ਕਰਦੇ ਨੇ। ਜਿਹੜਾ ਸਿੱਧੇ ਲੇਖ ਲੈ ਕੇ ਆਇਆ ਹੈ ਤੇ ਗੁਰੂ ਪੀਰ ਕੋਲ ਆ ਕੇ ਉਨ੍ਹਾਂ ਦਾ ਸਤਿਕਾਰ ਨਹੀਂ ਕਰਦਾ, ਗਲਤ ਕੰਮ ਵਿਚ ਪੈ ਗਿਆ – ਏਸ ਗੱਲ ਕਰਕੇ ਕਿ ਮੇਰੀ ਤਾਂ ਪ੍ਰਾਲਬਧ ਘਟਣੀ ਹੀ ਨਹੀਂ, ਜੋ ਲੈ ਕੇ ਆਇਆ ਹਾਂ ਮੈਂ ਭੋਗਣੀ ਹੈ ਪਰ ਐਸਾ ਨਹੀਂ, ਉਹ ਘਟ ਜਾਇਆ ਕਰਦੀ ਹੈ। ਦੁੱਖ ਉਸ ਨੂੰ ਚਿੰਬੜ ਜਾਇਆ ਕਰਦੇ ਨੇ ਕਿਉਂਕਿ ਉਸ ਦੇ ਰੋਜ਼ ਦੇ ਕੀਤੇ ਹੋਏ ਕ੍ਰਿਆਮਾਨ ਕਰਮ ਪ੍ਰਾਲਬਧ ਕਰਮਾਂ ਵਿਚ ਜਮ੍ਹਾਂ ਹੁੰਦੇ ਜਾਂਦੇ ਨੇ ਤੇ ਉਹ ਛੇਤੀ ਫਲ ਦੇ ਦਿੰਦੇ ਨੇ।"

ਇਕ ਵਾਰ ਗੁਰੂ ਨਾਨਕ ਪਾਤਸ਼ਾਹ ਬਿਹਾਰ ਵਿਚ ਜਾ ਕੇ ਰਹੇ ਜਿਥੇ ਠੱਗਾਂ ਨੂੰ ਮਿਲੇ ਨੇ। ਚੌਮਾਸੇ ਦਾ ਮੌਸਮ ਆ ਗਿਆ। ਮਰਦਾਨਾ ਜਦੋਂ ਦੇਖਦਾ ਹੈ ਗੁਰੂ ਮਹਾਰਾਜ ਜੀ ਵੱਲ, ਆਪਣੀ ਤਕਲੀਫ ਤਾਂ ਜਾਣਦਾ ਹੀ ਹੈ ਕਿ ਬਹੁਤ ਔਖਾ ਹੈ। ਹਰ ਪਾਸੇ ਚਿੱਕੜ ਹੀ ਚਿੱਕੜ ਹੈ ਤੇ ਬੇਅੰਤ ਕਿਸਮ ਦੇ ਜ਼ਹਿਰੀਲੇ ਜਾਨਵਰ ਨਿਕਲੇ ਫਿਰਦੇ ਨੇ। ਸੱਪ, ਬਿੱਛੂ ਆਦਿ ਆਰਾਮ ਨਹੀਂ ਕਰਨ ਦਿੰਦੇ। ਕਿਸੇ ਦਰਖਤ ਦੇ ਥੱਲੇ ਕਿਸੇ ਉਚੀ ਥਾਂ ਤੇ ਰਾਤ ਨੂੰ ਜੇ ਸਫਾਈ ਕਰਕੇ ਆਰਾਮ ਕਰਦੇ ਨੇ ਤਾਂ ਕੀੜੇ ਮਕੌੜੇ ਆਰਾਮ ਨਹੀਂ ਕਰਨ ਦਿੰਦੇ, ਵੇਲੇ ਸਿਰ ਪ੍ਰਸ਼ਾਦਾ ਨਹੀਂ ਮਿਲਦਾ, ਚਿੱਕੜਾਂ ਦੇ ਵਿੱਚੀਂ ਤੁਰਨਾ ਪੈਂਦਾ ਹੈ। ਸੋ ਮਰਦਾਨੇ ਨੇ ਬੇਨਤੀ ਕਰੀ ਕਿ ਪਾਤਸ਼ਾਹ! ਮੈਥੋਂ ਦੇਖ ਨਹੀਂ ਹੁੰਦਾ, ਆਪ ਨੂੰ ਪੂਰਾ ਆਰਾਮ ਨਹੀਂ ਮਿਲਦਾ, ਸਮੇਂ ਸਿਰ ਪ੍ਰਸ਼ਾਦਾ ਨਹੀਂ ਆਉਂਦਾ, ਕਿੰਨੀਆਂ ਤਕਲੀਫਾਂ ਨੇ, ਕੀੜੇ ਉਪਰ ਚੜ੍ਹ ਜਾਂਦੇ ਨੇ, ਮੱਛਰ ਲੜਦੇ ਨੇ, ਹੋਰ ਵੀ ਅਨੇਕਾਂ ਕਿਸਮ ਦੇ ਠੂਹੇਂ ਵਗੈਰਾ ਤੁਰੇ ਫਿਰਦੇ ਨੇ, ਪਾਤਿਸ਼ਾਹ! ਕਿਸੇ ਥਾਂ ਟਿਕ ਕੇ ਚੌਮਾਸਾ ਕੱਟ ਲਈਏ।

ਮਹਾਰਾਜ ਜੀ ਕਹਿੰਦੇ, "ਮਰਦਾਨਿਆ! ਜਿਨ੍ਹਾਂ ਨੇ ਚਾਕਰੀਆਂ ਚਾਈਆਂ ਚੁੱਕੀਆਂ ਹੋਈਆਂ ਨੇ ਉਨ੍ਹਾਂ ਨੂੰ ਆਰਾਮ ਕਿਥੇ? ਚਾਕਰ ਨੂੰ ਵੀ ਕਦੇ ਆਰਾਮ ਮਿਲਦਾ ਹੈ?"

ਚਾਕਰ ਨੂੰ ਆਰਾਮ ਨਹੀਂ ਕਿਉਂਕਿ ਉਸ ਨੇ ਚਾਕਰੀ ਸਹੀ ਕਰਨੀ ਹੈ। ਜਿਸ ਨੇ ਚਾਕਰੀ ਲਾਹ ਦਿੱਤੀ ਉਸ ਨੂੰ ਆਰਾਮ ਹੈ, ਚਾਕਰ ਨੂੰ ਕੋਈ ਅਰਾਮ ਨਹੀਂ। ਏਨੇ ਨੂੰ ਕੀ ਦੇਖਦੇ ਨੇ ਕਿ ਇਕ ਸੋਟੀ ਦੇ ਨਾਲ ਘੁੰਗਰੂ ਬੰਨ੍ਹੇ ਹੋਏ ਨੇ, ਹੇਠਲੇ ਪਾਸੇ ਸੂਆ ਹੈ ਤੇ ਜ਼ੋਰ-ਜ਼ੋਰ ਦੀ ਧਰਤੀ ਤੇ ਮਾਰਦਾ ਤੁਰਿਆ ਜਾਂਦਾ ਹੈ। ਧਰਤੀ ਵਿਚ ਗੁਡਦਾ ਜਾਂਦਾ ਹੈ ਤੇ ਗੋਡੇ-ਗੋਡੇ ਪਾਣੀ, ਕਿਤੇ ਗਿੱਟੇ-ਗਿੱਟੇ ਪਾਣੀ, ਬੰਦਾ ਤੁਰਿਆ ਆਉਂਦਾ ਹੈ।

ਮਹਾਰਾਜ ਜੀ ਕਹਿੰਦੇ, "ਮਰਦਾਨਿਆ! ਇਹ ਕੌਣ ਜਾਂਦਾ ਹੈ? ਬੁਲਾ ਏਸ ਨੂੰ।" ਨੇੜੇ ਬੁਲਾ ਲਿਆ।

ਕਹਿੰਦੇ, "ਭਾਈ! ਮੀਂਹ ਪੈ ਰਿਹਾ ਹੈ, ਕਣੀਆਂ ਪੈਂਦੀਆਂ ਨੇ, ਤੂੰ ਦੋ ਘੜੀ ਅਰਾਮ ਕਰ ਲੈ, ਕਿਥੇ ਪਾਣੀ ਵਿਚੀਂ ਤੁਰਿਆ ਜਾਂਦਾ ਹੈਂ।"

ਕਹਿੰਦਾ, "ਮਹਾਂਪੁਰਸ਼ੋ! ਮੈਂ ਡਾਕੀਆ ਹਾਂ। ਮੈਂ ਸੇਵਾ ਕਰ ਰਿਹਾ ਹਾਂ ਸਰਕਾਰ ਦੀ, ਦੁਨੀਆਂ ਦੀ ਤੇ ਮੈਨੂੰ ਏਸ ਸੇਵਾ ਦੇ ਬਦਲੇ ਕੁਝ ਤਨਖਾਹ ਮਿਲਦੀ ਹੈ। ਜੇ ਮੈਂ ਆਰਾਮ ਕਰਨ ਲੱਗ ਜਾਵਾਂ ਕਿ ਅੱਜ ਮੀਂਹ ਹੈ ਤੇ ਚਿੱਠੀਆਂ ਨਾ ਵੰਡਾਂ ਤੇ ਜੇ ਹਫਤਾ ਭਰ ਝੜੀ ਲੱਗੀ ਰਹੀ ਤੇ ਕਿਸੇ ਦਾ ਕੋਈ ਰਿਸ਼ਤੇਦਾਰ ਬਿਮਾਰ ਹੋਇਆ, ਕੋਈ ਚੜ੍ਹਾਈ ਕਰ ਗਿਆ, ਕੋਈ ਹੋਰ ਗੱਲ ਹੋ ਗਈ ਤਾਂ ਮਹਾਰਾਜ! ਉਸ ਦੀ ਜਿੰਮੇਵਾਰੀ ਮੇਰੇ ਉਤੇ ਆਏਗੀ। ਆਪਣੀ ਡਿਊਟੀ ਦੇਣੀ ਚਾਹੁੰਦਾ ਹਾਂ ਤਾਂ ਕਿ ਸਮੇਂ ਸਿਰ ਡਾਕ ਸਭ ਨੂੰ ਮਿਲ ਜਾਵੇ।"

ਮਹਾਰਾਜ ਕਹਿੰਦੇ, "ਕਿੰਨੀ-ਕੁ ਤਨਖਾਹ ਮਿਲਦੀ ਹੈ?"

ਕਹਿੰਦਾ, "ਮਹਾਰਾਜ! ਰੋਟੀ-ਪਾਣੀ ਜੋਗੀ ਮਿਲ ਜਾਂਦੀ ਹੈ, ਇਕ ਦੋ ਰੁਪਏ ਮਿਲ ਜਾਂਦੇ ਨੇ।"

ਮਹਾਰਾਜ ਜੀ ਕਹਿੰਦੇ, "ਦੇਖ ਮਰਦਾਨਿਆ! ਪੇਟ ਦੀ ਨੌਕਰੀ ਕਰ ਰਿਹਾ ਹੈ, ਪਰਿਵਾਰ ਵਾਸਤੇ ਨੌਕਰੀ ਕਰ ਰਿਹਾ ਹੈ। ਇਹ ਟਿਕ ਕੇ ਨਹੀਂ ਬਹਿੰਦਾ, ਦੋ ਘੜੀ ਸਾਹ ਨਹੀਂ ਲੈਂਦਾ, ਖੜ੍ਹ ਕੇ ਹੀ ਆਪਣੇ ਨਾਲ ਗੱਲ ਕਰਦਾ ਹੈ ਤੇ ਆਪਾਂ ਤਾਂ ਨਿਰੰਕਾਰ ਦੀ ਚਾਕਰੀ ਵਿਚ ਲੱਗੇ ਹੋਏ ਹਾਂ।"

ਬਾਕੀ ਗੱਲਾਂ ਤਾਂ ਦੁਨੀਆਂ ਬੇਅੰਤ ਕਰਦੀ ਹੈ ਕਿ ਮੈਂ ਸੇਵਾ ਕਰਦਾ ਹਾਂ, ਮੈਂ ਇਹ ਕਰਦਾ ਹਾਂ, ਮੈਂ ਉਹ ਕਰਦਾ ਹਾਂ, ਪਰ ਇਹ ਕੇਵਲ ਗੱਲਾਂ ਹੀ ਨੇ। ਇਸ ਤਰ੍ਹਾਂ ਮਹਾਰਾਜ ਜੀ ਨੇ ਫੁਰਮਾਨ ਕਰਿਆ ਹੈ –

***ਧਾਰਨਾ – ਗੱਲਾਂ ਵਾਲੇ ਹੈਣ ਘਨੇਰੇ,***
***ਚਾਕਰ ਕੋਈ ਕੋਈ ਹੈ –2, 2.***
***ਚਾਕਰ ਕੋਈ ਕੋਈ ਹੈ –4, 2.***
***ਗੱਲਾਂ ਵਾਲੇ ਹੈਣ ਘਨੇਰੇ,........... –2.***

***ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ॥***
***ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ॥***
***ਪੰਨਾ – 474***

ਸਭ ਕਹਿੰਦੇ ਨੇ ਕਿ ਮੈਂ ਚਾਕਰੀ ਕਰਦਾ ਹਾਂ ਨਿਰੰਕਾਰ ਦੀ ਪਰ ਕੋਈ ਕੋਈ ਬੰਦਾ ਹੈ ਜਿਹੜਾ ਸਹੀ ਅਰਥਾਂ ਵਿਚ ਚਾਕਰੀ ਕਰਦਾ ਹੈ। ਚਾਕਰੀ ਦੇ ਪਿਛੇ ਗਰਜ ਲੁਕੀ ਹੋਈ ਹੈ। ਕਿਸੇ ਨੂੰ ਮਸ਼ਹੂਰੀ ਦੀ ਗਰਜ ਹੈ, ਕਿਸੇ ਨੂੰ ਪੈਸੇ ਦੀ ਗਰਜ਼

ਹੈ, ਕਿਸੇ ਨੂੰ ਆਪਣੇ ਕਿਸੇ ਹਿਤ ਦੀ ਗਰਜ ਹੈ। ਕੋਈ ਕੋਈ ਹੈ ਜਿਹੜਾ ਨਿਸ਼ਕਾਮ ਸੇਵਾ, ਸੇਵਾ ਸਮਝ ਕੇ ਕਰਦਾ ਹੈ। ਜਿੰਨਾਂ ਚਿਰ ਆਪਣਾ-ਆਪ ਉਸਦੇ ਵਿਚ ਕਾਇਮ ਹੈ ਓਨਾ ਚਿਰ ਪੂਰਾ ਪੂਰਾ ਲਾਭ ਨਹੀਂ ਪ੍ਰਾਪਤ ਹੋਇਆ ਕਰਦਾ। ਜੇ ਸੇਵਾ ਕਰਦੇ ਨੂੰ ਟੋਕ ਦਿਓ ਤਾਂ ਉਸ ਨੂੰ ਗੁੱਸਾ ਆਉਂਦਾ ਹੈ ਕਿਉਂਕਿ ਉਸ ਦਾ ਆਪਣਾ ਆਪ ਉਸ ਦੇ ਵਿਚ ਕਾਇਮ ਹੈ। ਮਹਾਰਾਜ ਜੀ ਕਹਿੰਦੇ ਜਿੰਨਾ ਚਿਰ ਆਪਣਾ ਆਪ ਕਾਇਮ ਹੈ ਓਨਾ ਚਿਰ ਸੇਵਾ ਦਾ ਫਲ ਪ੍ਰਾਪਤ ਨਹੀਂ ਹੋਇਆ ਕਰਦਾ –

***ਹਉਮੈ ਵਿਚਿ ਸੇਵਾ ਥਾਇ ਨ ਪਵਈ॥***

ਆਪਣੇ ਆਪ (ਹਉਮੈ) ਦੇ ਹੋਣ ਦੇ ਨਾਲ ਸੇਵਾ ਥਾਂ ਨਹੀਂ ਪਿਆ ਕਰਦੀ। ਜਿਹੜਾ ਸ਼ੁਕਰ ਵਿਚ ਹੈ ਕਿ ਹੇ ਪ੍ਰਭੂ! ਤੇਰੀ ਬੜੀ ਕਿਰਪਾ ਹੈ, ਤੂੰ ਮੇਰੇ ਵਰਗੇ ਬੰਦੇ ਨੂੰ ਵੀ ਸੇਵਾ ਬਖਸ਼ ਦਿੱਤੀ ਕਿਉਂਕਿ ਬਿਨਾਂ ਭਾਗਾਂ ਤੋਂ ਸੇਵਾ ਹੱਥ ਨਹੀਂ ਆਇਆ ਕਰਦੀ –

***ਸੋ ਸੇਵਕੁ ਜੋ ਲਾਇਆ ਸੇਵ॥ ਪੰਨਾ – 1159***

ਓਹੀ ਸੇਵਕ ਹੈ ਜਿਸ ਨੂੰ ਪ੍ਰਮੇਸ਼ਰ ਨੇ ਸੇਵਾ ਤੇ ਲਾ ਦਿੱਤਾ ਤੇ ਜਿਹੜਾ ਵਾਹਿਗੁਰੂ ਦੇ ਸ਼ੁਕਰ ਵਿਚ ਰਹਿੰਦਾ ਹੈ ਕਿ ਹੇ ਪ੍ਰਭੂ! ਤੂੰ ਮੈਥੋਂ ਸੇਵਾ ਲੈਣੀ ਹੈ; ਤੂੰ ਮੈਥੋਂ ਸੇਵਾ ਲੈ ਰਿਹਾ ਹੈਂ ਤੇ ਉਸ ਨੂੰ ਮਾਨ ਪ੍ਰਾਪਤ ਹੁੰਦਾ ਹੈ। ਜਿਹੜਾ ਮਾਨ ਨਾਲ ਸੇਵਾ ਕਰਦਾ ਹੈ ਉਸ ਦੀ ਸੇਵਾ ਥਾਂ ਨਹੀਂ ਪਿਆ ਕਰਦੀ। ਇਸ ਤਰ੍ਹਾਂ ਦੇ ਨਾਲ ਫੁਰਮਾਨ ਹੈ –

***ਧਾਰਨਾ – ਸੇਵਾ ਕਰ ਲੈ ਆਪ ਗਵਾ ਕੇ,***
***ਜੇ ਤੈਂ ਮਾਣ ਪਾਵਣਾ –2, 2.***
***ਜੇ ਤੈਂ ਮਾਣ ਪਾਵਣਾ – 4, 2.***
***ਸੇਵਾ ਕਰ ਲੈ ਆਪ ਗਵਾ ਕੇ, ..... –2.***

***ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ॥***
***ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ॥***
***ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ॥***
***ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ॥***
***ਪੰਨਾ – 474***

ਆਪਾ ਗਵਾ ਕੇ, ਮੈਂ ਭਾਵ ਖਤਮ ਕਰਕੇ ਜਦੋਂ ਗੁਰੂ ਦੀ ਸੇਵਾ ਕੀਤੀ ਜਾਂਦੀ ਹੈ ਤਾਂ ਉਹ ਸੇਵਾ ਪਰਵਾਨ ਹੋਇਆ ਕਰਦੀ ਹੈ, ਉਸ ਦਾ ਹੀ ਫਲ ਮਿਲਿਆ ਕਰਦਾ ਹੈ, ਉਸ ਦੇ ਨਾਲ ਹੀ ਮਾਣ ਇਥੇ ਵੀ ਤੇ ਦਰਗਾਹ ਵਿਚ ਵੀ ਮਿਲਦਾ ਹੈ –

***ਵਿਚਿ ਦੁਨੀਆ ਸੇਵ ਕਮਾਈਐ॥***
***ਤਾ ਦਰਗਹ ਬੈਸਣੁ ਪਾਈਐ॥***
***ਕਹੁ ਨਾਨਕ ਬਾਹ ਲੁਡਾਈਐ॥ ਪੰਨਾ – 26***

ਜਿਸ ਨੇ ਵੀ ਸੇਵਾ ਕਰੀ ਹੈ ਉਹ ਵੱਡੇ-ਵੱਡੇ ਮਹਾਂਪੁਰਸ਼ਾਂ ਵਿਚ ਗਿਣੇ ਗਏ ਨੇ।

ਮਹਾਤਮਾ ਬੁਧ ਇਕ ਵਾਰ ਜਾ ਰਹੇ ਸੀ। ਜਾਂਦੇ-ਜਾਂਦੇ ਹਨ੍ਹੇਰਾ ਹੋ ਗਿਆ ਜੰਗਲ ਵਿਚ ਤੇ ਓਥੇ ਇਕ ਭੇਡਾਂ ਦਾ ਇੱਜੜ ਜਾ ਰਿਹਾ ਸੀ। ਇਕ ਭੇਡ ਦੇ ਪਿਛੇ ਇਕ ਛੋਟਾ ਜਿਹਾ ਬੱਚਾ ਹੈ ਕੁਝ ਦਿਨਾਂ ਦਾ। ਜੋ ਗਡਰੀਆ ਹੈ ਭੇਡਾਂ ਵਾਲਾ, ਉਸ ਦੇ ਮਨ ਵਿਚ ਹੈ ਕਿ ਜੇ ਹਨ੍ਹੇਰਾ ਹੋ ਗਿਆ ਤਾਂ ਜੰਗਲੀ ਖ਼ੂੰਖਾਰ ਜਾਨਵਰ ਸ਼ੇਰ ਆਦਿ ਮੇਰਾ ਇੱਜੜ ਖਾ ਜਾਣਗੇ। ਇਸ ਕਰਕੇ ਛੇਤੀ ਮੈਂ ਜੰਗਲ 'ਚੋਂ ਨਿਕਲਾਂ, ਉਹ ਭੇਡਾਂ ਦੇ ਡੰਡੇ ਮਾਰਦਾ ਤੁਰਿਆ ਜਾਂਦਾ ਹੈ। ਛੋਟੇ ਬੱਚੇ (ਲੇਲੇ) ਦੀ ਇਕ ਲੱਤ ਟੁੱਟੀ ਹੋਈ ਹੈ, ਉਹ ਲੱਤ ਘੜੀਸ-ਘੜੀਸ ਕੇ ਜਾ ਰਿਹਾ ਹੈ। ਮਹਾਤਮਾ ਬੁੱਧ ਵੀ ਪਿਛੇ ਪਿਛੇ ਤੁਰੇ ਜਾ ਰਹੇ ਨੇ। ਇਨ੍ਹਾਂ ਦੇ ਮਨ ਵਿਚ ਦਇਆ ਆਈ ਤੇ ਗਡਰੀਏ ਨੂੰ ਕਹਿਣ ਲੱਗੇ ਕਿ ਜੇ ਤੂੰ ਬੁਰਾ ਨਾ ਮੰਨੇ ਤਾਂ ਮੈਂ ਲੇਲੇ ਨੂੰ ਚੁੱਕ ਲਵਾਂ; ਤੇਰੇ ਨਾਲ-ਨਾਲ ਚਲਾਂਗਾ ਤੇ ਜਿਥੇ ਤੂੰ ਜਾਣਾ ਹੈ ਉਥੇ ਮੈਂ ਛੱਡ ਦੇਵਾਂਗਾ ਕਿਉਂਕਿ ਇਸ ਤੋਂ ਤੁਰਿਆ ਨਹੀਂ ਜਾਂਦਾ। ਦੇਖਿਆ ਉਸ ਨੇ ਤੇ ਕਹਿੰਦਾ ਕਿ ਮੈਨੂੰ ਕੀ ਇਤਰਾਜ਼ ਹੈ ਚੁੱਕ ਲੈ ਤੂੰ। ਮਹਾਤਮਾ ਨੇ ਚੁੱਕ ਲਿਆ। ਪਹਿਲਾਂ ਲੇਲਾ ਡਰਦਾ ਹੈ ਫੇਰ ਜਦੋਂ ਉਸ ਦੀ ਸਾਂਝ ਪਈ ਉਸ ਦੇ ਦਿਲ ਦੇ ਨਾਲ ਤਾਂ ਉਸ ਨੂੰ ਪਤਾ ਲੱਗਿਆ ਕਿ ਇਹ ਮੇਰਾ ਦੋਖੀ ਨਹੀਂ, ਇਹ ਤਾਂ ਮੈਨੂੰ ਪਿਆਰ ਕਰਦਾ ਹੈ। ਉਸ ਨੇ ਫੇਰ ਮੂੰਹ ਚੁਕਿਆ ਕਿਉਂਕਿ ਬੋਲੀ ਤਾਂ ਉਨ੍ਹਾਂ ਕੋਲ ਕੋਈ ਹੁੰਦੀ ਨਹੀਂ, ਕੇਵਲ ਨਿਸ਼ਾਨੀਆਂ ਹੁੰਦੀਆਂ ਹਨ, ਸੰਕੇਤ ਹੁੰਦੇ ਹਨ। ਸੋ ਉਸ ਨੇ ਮੂੰਹ ਉਤੇ ਨੂੰ ਕਰਿਆ ਤੇ ਕੋਸ਼ਿਸ਼ ਕਰਦਾ ਹੈ ਕਿ ਮੈਂ ਆਪਣਾ ਮੂੰਹ ਇਸ ਦੇ ਮੂੰਹ ਨੂੰ ਲਾ ਦੇਵਾਂ; ਮਹਾਤਮਾ ਨੇੜੇ ਨੂੰ ਹੋ ਗਏ ਤੇ ਉਹ ਜੀਭ ਕੱਢਦਾ ਹੈ, ਇਹ ਪ੍ਰਗਟਾਉਣ ਵਾਸਤੇ ਕਿ ਮੈਂ ਤੈਨੂੰ ਪਿਆਰ ਕਰਦਾ ਹਾਂ। ਮਹਾਤਮਾ ਉਸ ਨੂੰ ਪਲੋਸਦੇ ਨੇ, ਸਿਰ ਤੇ ਹੱਥ ਫੇਰੀ ਜਾਂਦੇ ਨੇ, ਹੱਥ ਅੱਗੇ ਕਰ ਦਿੱਤਾ, ਉਹ ਚਟਦਾ ਹੈ। ਜਾਂਦੇ-ਜਾਂਦੇ ਏਨੇ ਨੂੰ ਵਾੜਾ ਆ ਗਿਆ ਤੇ ਉਸ ਦੇ ਵਿਚ ਉਨ੍ਹਾਂ ਨੇ ਲੇਲਾ ਛੱਡ ਦਿੱਤਾ। ਹੁਣ ਜਦੋਂ ਵਾਪਸ ਤੁਰਨ ਲੱਗੇ ਤਾਂ ਉਹ ਲੇਲਾ ਵਾਪਸ ਭੇਡਾਂ ਵਿਚ ਨਹੀਂ ਰਹਿੰਦਾ ਸਗੋਂ ਮਹਾਤਮਾ ਦੇ ਪਿਛੇ-ਪਿਛੇ ਤੁਰਿਆ ਜਾਂਦਾ ਹੈ। ਮਹਾਤਮਾ ਨੇ ਫੇਰ ਮੋੜ ਦਿੱਤਾ, ਚੁੱਕ ਕੇ ਵਾੜੇ ਵਿਚ ਛੱਡ ਆਏ, ਉਹ ਫੇਰ ਬਾਹਰ ਆ ਜਾਂਦਾ ਹੈ। ਗਡਰੀਆ (ਆਜੜੀ) ਖੜ੍ਹਾ ਦੇਖ ਰਿਹਾ ਹੈ।

ਕਹਿਣ ਲੱਗਾ, "ਓ ਬਾਬਾ! ਤੂੰ ਕੀ ਕਰ ਦਿੱਤਾ ਮੇਰੇ ਲੇਲੇ ਨੂੰ? ਮੇਰੇ ਕੋਲ ਰਹਿੰਦਾ ਹੈ, ਮੈਂ ਉਸ ਨੂੰ ਦੁੱਧ ਪਿਲਾਉਂਦਾ ਹਾਂ ਪਰ ਤੂੰ ਘੜੀ ਕੁ ਇਸ ਦੇ ਉਤੇ ਹੱਥ ਫੇਰਿਆ ਹੈ ਤੇ ਇਹ ਤਾਂ ਤੇਰਾ ਹੀ ਬਣ ਗਿਆ।"

ਸੋ ਇਹ ਸੇਵਾ ਸੀ ਸਾਧ ਸੰਗਤ ਜੀ! ਚੁਕਿਆ ਓਸ ਨੂੰ, ਮਨ ਵਿਚ ਭਾਵ ਆਇਆ ਦਇਆ ਦਾ। ਜਿਸਦੇ ਮਨ ਵਿਚ ਦਇਆ ਹੁੰਦੀ ਹੈ ਉਹ ਸੇਵਾ ਕਰਦਾ ਹੈ, ਹੈਂਕੜ ਵਾਲਾ ਨਹੀਂ ਕਰਿਆ ਕਰਦਾ। ਹੈਂਕੜ ਵਾਲੇ ਦੀਆਂ ਤਾਂ ਬਹੁਤ ਗੱਲਾਂ ਗਲਤ ਹੋਇਆ ਕਰਦੀਆਂ ਨੇ। ਸੋ ਦਇਆ ਨੇ ਜਾਨਵਰ ਨੂੰ ਵੀ ਮੋਹ ਲਿਆ। ਮਹਾਤਮਾ ਨੇ ਮਿੱਠੇ ਬਚਨ ਕਰੇ, ਆਜੜੀ ਵੀ ਮੋਹਿਆ ਗਿਆ ਤੇ ਉਸ ਨੇ ਉਪਦੇਸ਼ ਲੈ ਲਿਆ। ਸੇਵਾ ਦੇ ਨਾਲ ਮਾਣ ਪ੍ਰਾਪਤ ਹੋ ਗਿਆ। ਅੱਜ ਸੇਵਾ ਦੇ ਨਾਲ ਕਿੱਡੇ ਵੱਡੇ ਮਹਾਤਮਾ ਹੋ ਕੇ ਬੁੱਧ ਧਰਮ ਦੇ ਆਚਾਰੀਆ ਕਹਾਉਂਦੇ ਨੇ।

ਇਸੇ ਤਰ੍ਹਾਂ ਬਾਬਾ ਖੁਦਾ ਸਿੰਘ ਜੀ। ਆਪ ਲਾਹੌਰ ਵਿਚ ਹਨ। ਅੰਮ੍ਰਿਤ ਵੇਲੇ ਉਠੇ ਤਾਂ ਦੂਰੋਂ ਆਵਾਜ਼ ਆ ਰਹੀ ਹੈ – ਹਾਏ! ਹਾਏ!! ਬਹੁਤ ਦਰਦਨਾਕ ਆਵਾਜ਼। ਮਹਾਂਪੁਰਸ਼ ਸਮਾਧੀ 'ਚ ਜਾਣ ਲਗਦੇ ਨੇ, ਫੇਰ ਓਹ ਆਵਾਜ਼ ਬਾਹਰ ਕੱਢ ਦਿੰਦੀ

ਹੈ ਸੁਰਤ ਨੂੰ। ਬਾਬਾ ਜੀ ਨੇ ਸੇਵਾਦਾਰ ਨੂੰ ਭੇਜਿਆ ਕਿ ਜਾ ਕੇ ਪਤਾ ਕਰ ਕਿ ਕੌਣ ਹੈ। ਪਤਾ ਕੀਤਾ ਤਾਂ ਸਹਿੰਸੀਆਂ ਦੀਆਂ ਛੱਪਰੀਆਂ, ਕਪੜਿਆਂ ਦੇ ਤੰਬੂ ਲਾਏ ਹੋਏ ਛੋਟੇ-ਛੋਟੇ, ਉਨ੍ਹਾਂ ਵਿਚੋਂ ਆਵਾਜ਼ ਆ ਰਹੀ ਸੀ। ਆਪ ਉਥੇ ਚਲੇ ਗਏ ਤੇ ਜਾ ਕੇ ਪੁਛਿਆ ਕਿ ਭਾਈ! ਕੀ ਗੱਲ ਹੈ? ਇਹ ਬੀਬੀ ਦਰਦ ਨਾਲ ਐਨਾ ਜ਼ੋਰ ਦੀ ਚੀਕ ਰਹੀ ਹੈ, ਕੋਈ ਇਲਾਜ ਨਹੀਂ ਹੈ? ਕਹਿਣ ਲੱਗੇ ਕਿ ਅਸੀਂ ਗਰੀਬ ਆਦਮੀ ਕਿਥੇ ਇਲਾਜ ਕਰਦੇ ਹਾਂ, ਫੋੜਾ ਹੋਇਆ ਹੋਇਆ ਹੈ ਛਾਤੀ ਤੇ, ਉਸ ਦੇ ਦਰਦ ਦੇ ਨਾਲ ਇਹ ਕਰਾਹ ਰਹੀ ਹੈ। ਸੇਵਾਦਾਰ ਮਹਾਂਪੁਰਸ਼ਾਂ ਕੋਲ ਵਾਪਸ ਆ ਗਿਆ ਕਿ ਬਾਬਾ ਜੀ! ਐਹ ਗੱਲ ਹੈ।

ਕਹਿੰਦੇ, "ਚੱਲ ਭਾਈ! ਫੇਰ ਤਾਂ ਬੈਠਣਾ ਆਪਣਾ ਧਰਮ ਨਹੀਂ ਹੈ। ਦੁਖੀ ਦਾ ਦੁਖ ਨਵਿਰਤ ਕਰਨਾ ਚਾਹੀਦਾ ਹੈ।"

ਆਪ ਉਥੇ ਚਲੇ ਗਏ। ਜਾ ਕੇ ਕਹਿਣ ਲੱਗੇ, "ਬੇਟਾ! ਸੰਗ ਨਾ, ਮੈਥੋਂ ਪੜਦਾ ਨਾ ਕਰ।" ਮਹਾਂਪੁਰਸ਼ਾਂ ਨੂੰ ਸਭ ਕਿਤੇ ਪ੍ਰਮੇਸ਼ਰ ਹੀ ਦਿਸਿਆ ਕਰਦਾ ਹੈ।

ਕਹਿੰਦੇ, "ਕਿਥੇ ਹੈ ਫੋੜਾ?" ਉਸ ਨੇ ਕੱਪੜਾ ਚੁਕਿਆ।

ਕਹਿਣ ਲੱਗੇ, "ਤੂੰ ਮਨ ਵਿਚ ਕੋਈ ਗਲਾਨੀ ਨਾ ਲਿਆਈਂ।"

ਉਸੇ ਵੇਲੇ ਬਾਬਾ ਜੀ ਨੇ ਮੂੰਹ ਲਾ ਦਿੱਤਾ ਤੇ ਮੂੰਹ ਨਾਲ ਪੀਕ ਖਿੱਚ ਲਈ ਸਾਰੀ; ਕੁਰਲੀ ਕਰੀ। ਸਾਰੇ ਫੋੜੇ ਦੀ ਪੀਕ ਖਿੱਚ ਦਿੱਤੀ। ਸੋ ਬੀਬੀ ਅਰਾਮ ਨਾਲ ਪੈ ਗਈ। ਸੋ ਇਸ ਤਰ੍ਹਾਂ ਵੱਡੇ-ਵੱਡੇ ਮਹਾਂਪੁਰਸ਼ ਹੋਏ ਨੇ। ਸੇਵਾ ਇਕੋ ਹੀ ਨਹੀਂ ਹੁੰਦੀ ਕਿ ਝਾੜੂ ਦੇਣਾ ਹੈ। ਸਾਰੇ ਸੰਸਾਰ ਦੀ ਅਨੇਕ ਤਰ੍ਹਾਂ ਦੀ ਸੇਵਾ ਹੈ-

***ਅਨਿਕ ਭਾਂਤਿ ਕਰਿ ਸੇਵਾ ਕਰੀਐ॥ ਪੰਨਾ - 391***

ਸੋ ਮਹਾਰਾਜ ਜੀ ਕਹਿੰਦੇ ਜਿਹੜੀ ਸੇਵਾ ਹੈ ਇਹ ਆਪਾ ਗੁਆ ਕੇ ਹੁੰਦੀ ਹੈ। ਜੇ ਬਾਬਾ ਜੀ ਇਹ ਸਮਝਦੇ ਕਿ ਮੈਂ ਤਾਂ ਵੱਡਾ ਮਹਾਤਮਾ ਹਾਂ, ਵੱਡੇ-ਵੱਡੇ ਬਾਦਸ਼ਾਹ ਮੇਰੇ ਕੋਲ ਆਉਂਦੇ ਨੇ, ਫੇਰ ਨਹੀਂ ਸੀ ਕਰ ਸਕਦੇ। ਆਪ ਬਾਦਸ਼ਾਹਾਂ ਦੀ ਪਰਵਾਹ ਨਹੀਂ ਸਨ ਕਰਦੇ।

ਇਕ ਵਾਰੀ ਮਹਾਰਾਜਾ ਪਟਿਆਲਾ, ਮਹਾਰਾਜਾ ਨਾਭਾ ਉਨ੍ਹਾਂ ਦੇ ਦਰਸ਼ਨ ਨੂੰ ਚਲੇ ਗਏ ਤੇ ਸੁਨੇਹਾ ਭੇਜ ਦਿੱਤਾ ਬਾਬਾ ਜੀ ਕੋਲ ਕਿ ਦੋ ਰਾਜੇ ਆ ਰਹੇ ਨੇ। ਉਸ ਵੇਲੇ ਆਪ ਜਿਥੇ ਬੈਠੇ ਸੀ, ਸੇਵਾਦਾਰਾਂ ਨੂੰ ਕਹਿੰਦੇ, "ਇਥੇ ਪਾਣੀ ਭਰ ਦਿਓ ਤੇ ਚਾਰ-ਚਾਰ ਉਂਗਲ ਖੜ੍ਹਾ ਕਰ ਦਿਓ ਪਾਣੀ ਸਾਡੇ ਆਲੇ-ਦੁਆਲੇ।" ਚਾਰ-ਚਾਰ ਉਂਗਲ ਪਾਣੀ ਖੜ੍ਹਾਅ ਲਿਆ। ਬੇਪਰਵਾਹ ਸੀ ਮਹਾਤਮਾ, ਉਹ ਕਿਸੇ ਦੀ ਪਰਵਾਹ ਨਹੀਂ ਸੀ ਕਰਿਆ ਕਰਦੇ ਕਿਉਂਕਿ ਪਰਵਾਹ ਜੇ ਕਰਨੀ ਹੈ ਤਾਂ ਇਕ ਵਾਹਿਗੁਰੂ ਦੀ ਹੁੰਦੀ ਹੈ -

***ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥***
***ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥***
***ਪੰਨਾ - 473***

ਇਕ ਵਾਹਿਗੁਰੂ ਦੀ ਪਰਵਾਹ ਕਰਦੇ ਨੇ, ਹੋਰ ਕਿਸੇ ਦੀ ਪਰਵਾਹ ਨਹੀਂ ਸੰਤਾਂ ਨੂੰ ਹੋਇਆ ਕਰਦੀ। ਸੋ ਆਪ ਬੈਠੇ ਨੇ, ਮਹਾਰਾਜਾ ਪਟਿਆਲਾ ਤੇ ਮਹਾਰਾਜਾ ਨਾਭਾ ਆ ਗਿਆ, ਆ ਕੇ ਫਤਹਿ ਬੁਲਾਈ ਦੋਹਾਂ ਨੇ। ਬਾਬਾ ਜੀ ਕਹਿੰਦੇ, " ਅੰਦਰ ਲੰਘ ਆਓ।" ਹੁਣ ਜੁਰਾਬਾਂ ਨਾਲ ਪਾਣੀ ਵਿਚ ਲੰਘਣਾ ਕਿੰਨਾ ਔਖਾ ਹੈ। ਕਹਿੰਦੇ, "ਬਹਿ ਜਾਓ ਭਾਈ।" ਪਾਣੀ ਵਿਚ ਖੜ੍ਹੇ ਨੇ - ਕਹਿੰਦੇ ਨਹੀਂ। ਸੋ ਮਹਾਤਮਾ ਬੇਪਰਵਾਹ ਹੋਇਆ ਕਰਦੇ ਨੇ। ਕਿਸੇ ਦੀ ਉਨ੍ਹਾਂ ਨੂੰ ਪਰਵਾਹ ਨਹੀਂ ਹੁੰਦੀ। ਏਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਰੰਗ ਹਸਦੇ ਤੇ ਰੰਗ ਰੋਂਦੇ,***
***ਪਰਵਾਹ ਨਾ ਕਿਸੇ ਦੀ ਰਖਦੇ ਸਾਧੂ, ਸਾਧੂ,***
***ਪਰਵਾਹ ਨਾ ਕਿਸੇ ਦੀ ਰੱਖਦੇ, ਰੰਗ ਹਸਦੇ -2, 2.***

***ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥***
***ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥***
***ਪੰਨਾ - 473***

ਜੋ ਵਾਹਿਗੁਰੂ ਦਾ ਬਣਿਆ ਹੋਇਆ ਹੈ ਉਸ ਨੂੰ ਕਿਸੇ ਨਾਲ ਗਰਜ (ਲੋੜ) ਨਾ ਹੋਣ ਕਰਕੇ ਕਿਸੇ ਦੀ ਪਰਵਾਹ ਨਹੀਂ ਕਰਿਆ ਕਰਦੇ। ਕੋਈ ਮਾਣ ਵਾਲਾ ਬੰਦਾ ਜੇ ਆ ਕੇ ਇਹ ਗੱਲ ਕਹੇ ਕਿ ਮੇਰੀ ਪਰਵਾਹ ਨਹੀਂ ਕਰੀ। ਨਿਮਰਤਾ ਹੱਦ ਤੋਂ ਜ਼ਿਆਦਾ ਹੁੰਦੀ ਹੈ ਸੰਤਾਂ ਵਿਚ ਪਰ ਗਰਜ ਨਾ ਹੋਣ ਕਰਕੇ ਕੋਈ ਵਿਸ਼ੇਸ਼ ਨਹੀਂ ਉਨ੍ਹਾਂ ਲਈ ਹੋਇਆ ਕਰਦਾ।

ਮਹਾਰਾਜ ਜੀ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜੇ ਸਾਹਿਬ ਵਾਲੇ) ਇਥੇ ਚੰਡੀਗੜ੍ਹ ਆਏ ਹੋਏ ਨੇ। ਗਰਮੀਆਂ ਦਾ ਮਹੀਨਾ ਹੈ ਤੇ ਦੀਵਾਨ ਲੱਗ ਰਹੇ ਸਨ। ਉਸ ਵੇਲੇ ਦੇ ਜੋ ਮੁਖ ਮੰਤਰੀ ਸਨ ਸ. ਪ੍ਰਤਾਪ ਸਿੰਘ ਕੈਰੋਂ, ਪਹਿਲਾਂ ਦੋ ਵਾਰੀ ਆਪ ਦੇ ਪਾਸ ਜਾ ਆਏ ਸੀ ਪਰ ਦਰਸ਼ਨ ਨਹੀਂ ਸੀ ਹੋ ਸਕੇ ਮਹਾਂਪੁਰਸ਼ਾਂ ਦੇ। ਇਕ ਵਾਰੀ ਲਾਈਨ ਬਹੁਤ ਲੰਮੀ ਸੀ ਤਾਂ ਦਰਸ਼ਨ ਨਹੀਂ ਹੋਏ। ਦੂਜੀ ਵਾਰੀ ਜਾਂਦੇ ਸੀ ਅਜੇ ਸਮਾਂ ਨਹੀਂ ਸੀ ਹੋਇਆ ਮਿਲਣ ਦਾ ਭਾਵੇਂ ਪਹਿਲਾਂ ਸੁਨੇਹਾ ਦਿੱਤਾ ਗਿਆ ਸੀ ਪਰ ਕਹਿੰਦੇ ਨਾਹ! ਜੋ ਨਿਸ਼ਚਿਤ ਸਮਾਂ ਹੈ ਉਸ ਦੀ ਪਾਲਣਾ ਕਰਨੀ ਹੈ। ਸੋ ਇਥੇ ਜਦੋਂ ਆਏ ਤਾਂ ਉਸ ਨੇ ਕੋਸ਼ਿਸ਼ ਕਰੀ। ਇਕ ਬਾਬੂ ਸਿੰਘ ਨਾਂ ਦੇ ਪ੍ਰੇਮੀ ਸਨ - ਲੋਕ ਸੰਪਰਕ ਅਫਸਰ, ਉਹ ਆਏ ਤੇ ਕਹਿਣ ਲੱਗੇ ਕਿ ਏਸ ਤਰ੍ਹਾਂ ਦੇ ਨਾਲ ਕੈਰੋਂ ਸਾਹਿਬ ਮਿਲਣਾ ਚਾਹੁੰਦੇ ਨੇ, ਕੋਈ ਸਮਾਂ ਦਿਵਾਓ। ਮਹਾਰਾਜ ਜੀ ਕੋਲ ਬੇਨਤੀ ਕਰੀ ਤਾਂ ਮਹਾਰਾਜ ਜੀ ਕਹਿੰਦੇ, "ਸਵੇਰੇ ਅਸੀਂ ਸੈਰ ਕਰਨ ਜਾਵਾਂਗੇ - 'ਰਾਜਿੰਦਰਾ ਪਾਰਕ' ਵਿਚ, ਉਥੇ ਤੁਰਦਿਆਂ-ਤੁਰਦਿਆਂ ਨਾਲ ਸਾਡੇ ਨਾਲ ਮਿਲ ਲਵੇ।" ਪਰ ਉਸ ਨੇ ਗਲਤ ਸੁਨੇਹਾ ਦੇ ਦਿੱਤਾ ਕਿ 6 ਵਜੇ ਮਿਲਣਾ ਹੈ ਜੀ! ਉਸ ਵੇਲੇ ਅਜੇ 3 ਵਜੇ ਸੀ ਦਿਨ ਦੇ। ਸਭਾ ਚਲ ਰਹੀ ਸੀ। ਉਥੋਂ ਉਹ ਇਕ-ਦਮ ਉਠਿਆ, ਬਹੁਤ ਕਾਹਲੀ ਨਾਲ ਆ ਗਿਆ ਤੇ ਮੈਂ ਦੇਖਿਆ ਤੇ ਕਿਹਾ ਕਿ ਤੁਸੀਂ ਤਾਂ ਜਲਦੀ ਆ ਗਏ, ਮਹਾਰਾਜ ਜੀ ਨੇ ਤਾਂ ਮਿਲਣਾ ਨਹੀਂ ਅਜੇ। ਤੁਹਾਨੂੰ ਤਾਂ ਸਮਾਂ ਕੱਲ੍ਹ ਦਾ ਦਿਤਾ ਸੀ, ਤੁਸੀਂ ਅੱਜ ਆ ਗਏ।

ਉਹ ਕਹਿੰਦਾ, "ਮੈਨੂੰ ਤਾਂ ਭੁਲੇਖਾ ਲੱਗ ਗਿਆ, ਹੁਣ ਮੈਨੂੰ ਦਰਸ਼ਨ ਕਰਾਓ।"

ਮੈਂ ਅੰਦਰ ਚਲਿਆ ਗਿਆ ਤੇ ਅੰਦਰ ਮਹਾਰਾਜ ਜੀ ਸਮਾਧੀ 'ਚ ਬੈਠੇ ਨੇ। ਮੈਂ ਖੜਕਾ ਕੀਤਾ ਥੋੜ੍ਹਾ-ਜਿਹਾ ਦਰਵਾਜ਼ੇ ਦਾ। ਆਪ ਨੇ ਨੇਤਰ ਖੋਲ੍ਹੇ, ਕਹਿੰਦੇ, "ਕੀ ਗੱਲ ਹੈ?"

ਮੈਂ ਕਿਹਾ, "ਜੀ! ਪ੍ਰਤਾਪ ਸਿੰਘ ਕੈਰੋਂ ਆਏ ਨੇ।" ਚੁੱਪ ਕਰ ਗਏ, ਕੋਈ ਜਵਾਬ ਨਾ ਦਿੱਤਾ।" ਮੈਂ ਖੜ੍ਹ ਕੇ ਮੁੜ ਆਇਆ। ਪੰਜ ਮਿੰਟ ਬਾਅਦ ਫੇਰ ਗਿਆ। ਫੇਰ ਖੜਕਾ ਕਰਿਆ, ਫੇਰ ਪੁਛਿਆ ਕਿ ਕੀ ਗੱਲ ਹੈ? ਮੈਂ ਕਿਹਾ, "ਮਹਾਰਾਜ! ਕੈਰੋਂ ਸਾਹਿਬ ਆਏ ਨੇ।"

ਕਹਿੰਦੇ, "ਕਿਹਨੇ ਸਮਾਂ ਦਿੱਤਾ ਹੈ?"

ਮੈਂ ਕਿਹਾ, "ਮਹਾਰਾਜ! ਤਾਂ ਕੱਲ੍ਹ ਦਾ ਹੀ ਦਿੱਤਾ ਸੀ ਪਰ ਉਨ੍ਹਾਂ ਨੇ ਗਲਤੀ ਨਾਲ ਹੁਣ ਦਾ ਸਮਝ ਲਿਆ।"

ਆਪ ਫੇਰ ਚੁਪ ਕਰ ਗਏ। ਤੀਸਰੀ ਵਾਰੀ ਮੈਂ ਫੇਰ ਅੰਦਰ ਗਿਆ ਤੇ ਕਿਹਾ, "ਮਹਾਰਾਜ! ਉਹ ਵਿਧਾਨ ਸਭਾ 'ਚੋਂ ਉਠ ਕੇ ਆਏ ਹਨ, ਕੋਈ ਸੁਆਲ ਆਦਿ ਸੀ ਤੇ ਦਰਸ਼ਨ ਲਈ ਬੇਨਤੀ ਕਰਦੇ ਹਨ।"

ਕਹਿੰਦੇ, "ਕਿੰਨੇ ਜਣੇ ਆਏ ਹੋਏ ਨੇ?"

ਮੈਂ ਕਿਹਾ, "ਜੀ! ਬਾਰਾਂ-ਤੇਰਾਂ ਪਹਿਲਾਂ ਬੈਠੇ ਨੇ ਇਹ ਸਭ ਤੋਂ ਬਾਅਦ ਆਏ ਹਨ, ਇਸ ਤੋਂ ਪਿਛੋਂ ਅਜੇ ਤੱਕ ਕੋਈ ਨਹੀਂ ਆਇਆ।"

ਕਹਿੰਦੇ, "ਫੇਰ ਜਿਹੜਾ ਸਭ ਤੋਂ ਪਹਿਲਾਂ ਆਇਆ ਹੈ ਉਸ ਨੂੰ ਪਹਿਲਾਂ ਭੇਜੋ, ਜਿਹੜਾ ਪਿਛੋਂ ਆਇਆ ਹੈ ਉਸ ਨੂੰ ਪਿਛੋਂ ਭੇਜਿਓ।"

ਕੋਈ ਕਾਹਲੀ ਨਹੀਂ ਹੈ ਮਨ ਦੇ ਅੰਦਰ ਕਿ ਕੋਈ ਮੁਖ ਮੰਤਰੀ ਹੈ ਤੇ ਅਸੀਂ ਕੋਈ ਫਾਇਦਾ ਉਠਾਉਣਾ ਹੈ ਇਸ ਤੋਂ। ਮਿਲੀਏ ਇਸ ਨੂੰ ਤੇ ਬਾਕੀਆਂ ਨੂੰ ਜਵਾਬ ਦੇ ਦੇਈਏ। ਐਸੀ ਬਾਤ ਸੰਤਾਂ ਵਿਚ ਨਹੀਂ ਹੋਇਆ ਕਰਦੀ ਕਿਉਂਕਿ ਸੰਤਾਂ ਦੇ ਉਤੇ ਤਾਂ ਬਹੁਤ ਵੱਡੀ ਬਖਸ਼ਿਸ਼ ਹੈ ਅਕਾਲ ਪੁਰਖ ਦੀ –

***ਧਾਰਨਾ – ਸੱਚੇ ਉਹ ਪਾਤਸ਼ਾਹ, ਸੱਚੇ ਨਾਲ ਰੱਤੇ ਜਿਹੜੇ –2, 2.***
***ਸੱਚੇ ਨਾਲ ਰੱਤੇ ਜਿਹੜੇ – 4, 2.***
***ਸੱਚੇ ਉਹ ਪਾਤਸ਼ਾਹ,................ –2.***

***ਸਚਾ ਅਮਰੁ ਸਚੀ ਪਾਤਿਸਾਹੀ ਸਚੇ ਸੇਤੀ ਰਾਤੇ॥***
***ਪੰਨਾ – 749***

ਸੱਚਾ ਹੁਕਮ ਉਨ੍ਹਾਂ ਦਾ, ਸੱਚੀ ਪਾਤਿਸ਼ਾਹੀ ਹੁੰਦੀ ਹੈ ਜੋ ਸੱਚੇ ਨਾਲ ਰੱਤੇ ਹੁੰਦੇ ਨੇ –

***ਜਾ ਕਾ ਕਹਿਆ ਦਰਗਹ ਚਲੈ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ॥ ਪੰਨਾ – 186***

ਜਿਸ ਦਾ ਕਿਹਾ ਹੋਇਆ ਦਰਗਾਹ ਮੰਨਦੀ ਹੈ ਉਹ ਕਿਸੇ ਦੀ ਪਰਵਾਹ ਨਹੀਂ ਕਰਿਆ ਕਰਦਾ। ਸੋ ਮੈਂ ਬਾਹਰ ਆ ਕੇ ਕਹਿ ਦਿੱਤਾ ਕਿ ਹੁਕਮ ਤਾਂ ਆਹ ਹੈ, ਅੱਗੇ ਦੇਖ ਲਓ ਕੀ ਕਰਨਾ ਹੈ।

ਕਹਿਣ ਲੱਗੇ, "ਹੁਕਮ ਹੀ ਵਜਾਉਣਾ ਹੈ।"

ਤੇਰ੍ਹਾਂ ਅੱਗੇ ਖੜ੍ਹਾਅ ਦਿੱਤੇ ਆਪ ਚੌਦਵੇਂ ਨੰਬਰ ਤੇ ਹੋ ਗਏ। ਜੇ ਤਿੰਨ-ਤਿੰਨ ਮਿੰਟ ਵੀ ਦੇਈਏ ਇਕ ਬੰਦੇ ਨੂੰ ਤਾਂ ਵੀ 40 ਮਿੰਟ ਲਾਈਨ ਵਿਚ ਖੜ੍ਹੇ ਨੂੰ ਲੰਘ ਗਏ। ਮੈਂ ਵੀ ਦੇਖ ਰਿਹਾ ਹਾਂ ਤੇ ਕਹਿਣ ਲੱਗੇ ਕਿ ਅੱਜ ਮੈਨੂੰ ਪਤਾ ਲੱਗਿਆ ਕਿ ਲਾਈਨ ਵਿਚ ਕਿਵੇਂ ਖੜ੍ਹੀਦਾ ਹੈ ਕਿਉਂਕਿ ਮੇਰੇ ਦਰਵਾਜੇ ਉਤੇ ਵੀ ਦੁਨੀਆਂ ਲਾਈਨ ਵਿਚ ਖੜ੍ਹਦੀ ਹੈ, ਮਸਾਂ ਸਮਾਂ ਮਿਲਦਾ ਹੈ ਤੇ ਹੁਣ ਮੈਨੂੰ ਪਤਾ ਲੱਗਿਆ ਕਿ ਕਤਾਰ ਵਿਚ ਖੜ੍ਹਨ ਵਾਲੇ ਦੀ ਕੁਝ ਕਦਰ ਹੋਣੀ ਚਾਹੀਦੀ ਹੈ।

ਸੋ ਇਸ ਤਰ੍ਹਾਂ ਦੇ ਨਾਲ ਪਰਵਾਹ ਨਹੀਂ ਹੋਇਆ ਕਰਦੀ। ਸੋ ਬਾਬਾ ਖੁਦਾ ਸਿੰਘ ਜੀ ਨੂੰ ਵੱਡਿਆਂ-ਵੱਡਿਆਂ ਦੀ ਪਰਵਾਹ ਨਹੀਂ, ਪਾਣੀ ਵਿਚ ਖੜ੍ਹਾਅ ਰੱਖੇ ਪਰ ਇਕ ਸਹਿੰਸੀਆਂ ਦੀ ਬੀਬੀ ਦੇ ਜਾ ਕੇ ਪੀਕ ਚੂਸ ਕੇ ਕੱਢਦੇ ਨੇ, ਕਿੱਡੀ ਵੱਡੀ ਬਾਤ ਹੈ।

***ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ॥***
***ਪੰਨਾ – 474***

ਸੋ ਸੇਵਾ ਜੇ ਆਪਾ ਰੱਖ ਕੇ ਕਰਦਾ ਹੈ ਕਿ 'ਮੈਂ' ਕਰਦਾ ਹਾਂ, ਮੇਰੀਆਂ ਫੋਟੋਆਂ ਲਾਹੋ, ਮੇਰੀ ਪ੍ਰਸੰਸਾ ਕਰੋ, ਉਹ ਸੇਵਾ ਥਾਂ ਨਹੀਂ ਪਿਆ ਕਰਦੀ। ਜਦੋਂ ਅਸੀਂ ਏਸ ਤਰ੍ਹਾਂ ਦੀ ਸੇਵਾ ਕਰਦੇ ਹਾਂ ਆਪਾ ਗਵਾ ਕੇ ਤਾਂ ਓਸ ਵੇਲੇ ਸਤਿਗੁਰੂ ਸਾਡੇ ਤੇ ਪ੍ਰਸੰਨ ਹੋ ਜਾਂਦੇ ਨੇ ਤੇ ਸਾਡੀਆਂ ਮਨ ਦੀਆਂ ਮੁਰਾਦਾਂ ਸਹਿਜ ਸੁਭਾਅ ਹੀ ਪੂਰੀਆਂ ਹੋ ਜਾਂਦੀਆਂ ਹਨ –

***ਧਾਰਨਾ – ਮਨ ਇੱਛੀਆਂ ਮੁਰਾਦਾਂ ਪਾਵੇਂ,***
***ਸੇਵਾ ਕਰਕੇ ਸਤਿਗੁਰਾਂ ਦੀ –2, 2.***
***ਮੇਰੇ ਪਿਆਰੇ ਸੇਵਾ ਕਰਕੇ ਸਤਿਗੁਰਾਂ ਦੀ –2, 2.***
***ਮਨ ਇੱਛੀਆਂ ਮੁਰਾਦਾਂ ਪਾਵੇ,................ –2.***

***ਹਰਿ ਕੀ ਤੁਮ ਸੇਵਾ ਕਰਹੁ ਦੂਜੀ ਸੇਵਾ ਕਰਹੁ ਨ ਕੋਇ ਜੀ॥***
***ਹਰਿ ਕੀ ਸੇਵਾ ਤੇ ਮਨਹੁ ਚਿੰਦਿਆ ਫਲੁ ਪਾਈਐ***
***ਦੂਜੀ ਸੇਵਾ ਜਨਮੁ ਬਿਰਥਾ ਜਾਇ ਜੀ॥ ਪੰਨਾ – 490***

ਪਹਿਲੀ ਸੇਵਾ ਜਿਹੜੀ ਹੈ ਗੁਰੂ ਦੀ ਸੇਵਾ, ਵਾਹਿਗੁਰੂ ਦੀ ਸੇਵਾ, ਸਾਧੂਆਂ ਦੀ ਸੇਵਾ, ਇਨ੍ਹਾਂ ਤੋਂ ਬਗੈਰ ਬਾਕੀ ਸਾਰੀਆਂ ਦੂਜੀਆਂ ਸੇਵਾਵਾਂ ਨੇ। ਦੂਜੀ ਸੇਵਾ ਦੇ ਵਿਚ ਗਰਜ ਹੁੰਦੀ ਹੈ ਆਦਮੀ ਨੂੰ। ਸੋ ਏਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਕਹਿਣ ਲੱਗੇ, "ਮਰਦਾਨਿਆ! ਆਪਾਂ ਚਾਕਰ ਹਾਂ। ਚਾਕਰ ਦਾ ਕੰਮ ਹੁੰਦਾ ਹੈ ਸੇਵਾ ਕਰਨੀ ਤੇ ਆਪਾਂ ਕਿਥੇ ਭਾਲੀਏ ਕਿ ਹੁਣ ਜਾ ਕੇ ਕਿਥੇ ਰਹੀਏ। ਮੀਂਹ ਪੈਂਦੇ ਨੇ। ਇਹ ਤਾਂ ਹੋਈ ਜਾਣਾ ਹੈ – ਕਦੇ ਧੁੱਪ ਹੋ ਜਾਣੀ ਹੈ, ਕਦੇ ਮੀਂਹ ਹੋ ਜਾਣਾ ਹੈ, ਕਦੇ ਲੂ ਚੱਲਣ ਲੱਗ ਜਾਣੀ ਹੈ, ਕਦੇ ਪਾਲਾ ਲੱਗਣ ਲੱਗ ਜਾਣਾ ਹੈ, ਫੇਰ ਤਾਂ ਸੇਵਾ ਰਹਿ ਗਈ ਆਪਣੀ।"

ਬਹੁਤ ਤਰਲਾ ਲਿਆ ਜਦੋਂ ਮਰਦਾਨੇ ਨੇ ਤਾਂ ਮਹਾਰਾਜ ਜੀ ਕਹਿੰਦੇ, "ਚੰਗਾ ਫੇਰ ਤੇਰੀ ਵੀ ਅਸੀਂ ਬੇਨਤੀ ਮੰਨ

ਲਵਾਂਗੇ।" ਚਲਦੇ-ਚਲਦੇ ਇਕ ਸੋਹਣਾ ਥਾਂ ਆ ਗਿਆ। ਉਥੇ ਰੋਹੀ ਦੇ ਵਿਚ ਕੋਈ ਸ਼ਹਿਰ ਚੰਗਾ ਨਗਰ ਸੀ ਛੋਟਾ ਜਿਹਾ, ਉਸ ਤੋਂ ਕੋਈ ਕੋਹ-ਕੁ ਦੇ ਫਾਸਲੇ ਤੇ ਇਕ ਬਾਗ ਸੀ। ਉਸ ਦੇ ਵਿਚ ਇਕ ਕੋਠਾ ਬਣਿਆ ਹੋਇਆ ਸੀ।

ਮਹਾਰਾਜ ਜੀ ਕਹਿੰਦੇ, "ਮਰਦਾਨਿਆ! ਫੇਰ ਇਥੇ ਅਰਾਮ ਕਰ ਲੈਂਦੇ ਹਾਂ, ਇਕਾਂਤ ਵੀ ਹੈ, ਸਾਫ-ਸੁਥਰਾ ਥਾਂ ਹੈ, ਇਸ਼ਨਾਨ ਲਈ ਖੂਹ ਵੀ ਹੈ। ਕੋਈ ਭਲਾ ਪੁਰਸ਼ ਹੋਏਗਾ ਜਿਸ ਨੇ ਇਥੇ ਏਡੀ ਦੂਰ ਆ ਕੇ ਕੋਠਾ ਪਾ ਦਿੱਤਾ।"

ਸੋ ਮਹਾਰਾਜ ਜੀ ਨੇ ਉਥੇ ਵਿਸ਼ਰਾਮ ਕਰ ਲਿਆ। ਰਾਤ ਨੂੰ 'ਸੋ ਦਰੁ' ਦਾ ਪਾਠ ਹੋਇਆ, ਅੰਮ੍ਰਿਤ ਵੇਲੇ 'ਆਸਾ ਦੀ ਵਾਰ' ਤੇ ਹੋਰ ਕੀਰਤਨ ਮਰਦਾਨੇ ਨੇ ਕਰਿਆ, ਆਵਾਜ਼ ਪਹੁੰਚੀ। ਲੰਘਦੇ ਜਾਂਦਿਆਂ ਨੇ ਦੇਖਿਆ, ਸ਼ਹਿਰ 'ਚ ਗੱਲ ਹੋਈ ਕਿ ਕੋਈ ਬਹੁਤ ਵੱਡੇ ਮਹਾਂਪੁਰਸ਼ ਆਏ ਹੋਏ ਨੇ ਜਿਨ੍ਹਾਂ ਨੂੰ ਦੇਖ ਕੇ ਦਿਲ ਵਿਚ ਧੂਹ ਪੈਂਦੀ ਹੈ। ਜਦੋਂ ਉਨ੍ਹਾਂ ਦਾ ਬੋਲ ਸੁਣੀਏ ਤਾਂ ਪੰਛੀ ਉਡਦੇ ਰੁਕ ਜਾਂਦੇ ਨੇ, ਪਾਣੀ ਚਲਦੇ ਰੁਕ ਜਾਂਦੇ ਨੇ, ਦਰਖਤ ਹਿਲਦੇ ਚੁਪ ਖੜ੍ਹ ਜਾਂਦੇ ਨੇ। ਪ੍ਰੇਮੀ ਆਉਣੇ ਸ਼ੁਰੂ ਹੋ ਗਏ ਜਿਹੜੇ ਭਾਗਾਂ ਵਾਲੇ ਸੀ ਕਿਉਂਕਿ ਗੁਰੂ ਪੀਰਾਂ ਦੀ ਸੰਗਤ ਵਿਚ ਭਾਗਾਂ ਵਾਲਿਆਂ ਤੋਂ ਬਗੈਰ ਦੂਸਰਾ ਆ ਨਹੀਂ ਸਕਿਆ ਕਰਦਾ, ਚਾਹੇ ਕੋਲ ਰਹਿੰਦਾ ਹੋਵੇ ਪਰ ਜੇ ਉਸਦੇ ਭਾਗਾਂ ਵਿਚ ਸਤਿਸੰਗ ਦਾ ਮਹਾਤਮ ਪ੍ਰਾਪਤ ਕਰਨ ਦਾ ਲੇਖ ਨਹੀਂ ਤਾਂ ਸਤਿਸੰਗ ਤੋਂ ਵਾਂਝਾ ਰਹਿ ਜਾਇਆ ਕਰਦਾ ਹੈ। ਉਸ ਨੂੰ ਸਤਿਸੰਗ ਵਿਚ ਆਉਣ ਦਾ ਅਗੰਮੀ ਹੁਕਮ ਨਹੀਂ ਹੈ। ਐਸਾ ਫੁਰਮਾਨ ਹੈ -

***ਧਾਰਨਾ - ਸਤਿਸੰਗ ਨ ਮਿਲਦਾ ਭਾਗ ਬਿਨਾ -2, 2.***
***ਬਿਨ ਸੰਗਤ ਮੈਲ ਭਰੀਜੈ,***
***ਸਤਿਸੰਗ ਨ ਮਿਲਦਾ,............... -2.***

***ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥***
***ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ॥***
***ਪੰਨਾ - 642***
***ਬਿਨੁ ਭਾਗਾ ਸਤਿਸੰਗੁ ਨ ਲਭੈ ਬਿਨੁ ਸੰਗਤਿ ਮੈਲੁ ਭਰੀਜੈ ਜੀਉ॥***
***ਪੰਨਾ - 95***

ਬਿਨਾ ਭਾਗਾਂ ਤੋਂ ਸਤਿਸੰਗਤ ਨਹੀਂ ਮਿਲਦੀ। ਸੰਗਤ ਤੋਂ ਬਗੈਰ ਮਨ ਮੈਲਾ ਹੋ ਜਾਂਦਾ ਹੈ, ਵਾਹਿਗੁਰੂ ਵੱਲ ਧਿਆਨ ਨਹੀਂ ਲਗਦਾ, ਸੇਵਾ 'ਚੋਂ ਰੁਚੀ ਖਤਮ ਹੋ ਜਾਂਦੀ ਹੈ। ਸੋ ਭਾਗ ਜਦੋਂ ਮੰਦੇ ਹੋ ਜਾਂਦੇ ਨੇ ਤਾਂ ਸੰਗਤ ਤੋਂ ਟੁੱਟ ਜਾਇਆ ਕਰਦਾ ਹੈ, ਸੰਗਤ ਵਿਚ ਨਹੀਂ ਆ ਸਕਿਆ ਕਰਦਾ।

ਕ੍ਰਿਸ਼ਨ ਮਹਾਰਾਜ ਪੰਜੇ ਪਾਂਡਵਾਂ ਨਾਲ ਇਹ ਵਿਚਾਰ ਕਰਦੇ ਸਨ ਕਿ ਜੇ ਸੰਗਤ ਹੁੰਦੀ ਹੋਵੇ ਫੇਰ ਕਿਉਂ ਨਾ ਆਦਮੀ ਜਾਵੇ? ਸਭ ਨੂੰ ਪਤਾ ਹੈ ਕਿ ਜਿਥੇ ਸਤਿਸੰਗ ਹੋ ਰਿਹਾ ਹੈ ਉਥੇ ਤਾਂ ਵੱਡੀਆਂ ਵੱਡੀਆਂ ਬਰਕਤਾਂ ਹੋਇਆ ਕਰਦੀਆਂ ਨੇ, ਮਨ ਦੀਆਂ ਮੁਰਾਦਾਂ ਪੂਰੀਆਂ ਹੋਇਆ ਕਰਦੀਆਂ ਨੇ, ਮਨ ਸ਼ਾਂਤ ਹੋਇਆ ਕਰਦਾ ਹੈ, ਦੁਖਾਂ ਦਾ ਨਾਸ਼ ਹੋਇਆ ਕਰਦਾ ਹੈ। ਜਿਥੇ ਐਨੇ ਲਾਭ ਹੀ ਲਾਭ ਹੋਣ ਤੇ ਹਾਨੀ ਕੋਈ ਵੀ ਨਾ ਹੋਵੇ ਉਥੇ ਤਾਂ ਆਦਮੀ ਚਲਿਆ ਹੀ ਜਾਂਦਾ ਹੈ।

ਕ੍ਰਿਸ਼ਨ ਮਹਾਰਾਜ ਜੀ ਕਹਿਣ ਲੱਗੇ, "ਨਹੀਂ ਰਾਜਨ! ਜਦੋਂ ਭਾਗਾਂ ਦੇ ਵਿਚ ਮੰਦਾਪਣ ਆ ਜਾਵੇ ਫੇਰ ਬੰਦਾ ਸੰਗਤ ਕਰਦਾ-ਕਰਦਾ ਵੀ ਟੁੱਟ ਜਾਇਆ ਕਰਦਾ ਹੈ ਤੇ ਵੈਸੇ ਜਾਇਆ ਨਹੀਂ ਕਰਦਾ।" ਕੋਈ ਨੁਕਸ ਹੋਇਆ ਕਰਦਾ ਹੈ ਜਦੋਂ ਸੰਗਤ ਤੋਂ ਚਿੱਤ ਘਬਰਾਉਣ ਲੱਗ ਜਾਂਦਾ ਹੈ, ਸੰਗਤ ਤੋਂ ਰੁਚੀ ਖਤਮ ਹੋ ਜਾਂਦੀ ਹੈ। ਨਿੰਦਿਆ ਕਰ ਦਿਓ ਕਿਸੇ ਦੀ, ਬਿਲਕੁਲ ਸੰਗਤ ਵਿਚ ਆਉਣ ਨੂੰ ਰੂਹ ਨਹੀਂ ਕਰੇਗੀ ਕਿਉਂਕਿ ਨਿੰਦਿਆ ਦਾ ਪਾਪ ਬਹੁਤ ਵੱਡਾ ਹੋਇਆ ਕਰਦਾ ਹੈ, ਸੋ ਸੰਗਤ ਨਹੀਂ ਮਿਲਿਆ ਕਰਦੀ। ਉਸ ਨੂੰ ਸੰਗਤ ਚੰਗੀ ਨਹੀਂ ਲਗਦੀ, ਐਸਾ ਫੁਰਮਾਨ ਹੈ -

***ਧਾਰਨਾ - ਸਤਿਸੰਗ ਨਾ ਭਾਵੈ,***
***ਨਿੰਦਕ ਨਾਮ ਵਿਹੂਣਿਆ -2, 2.***
***ਨਿੰਦਕ ਨਾਮ ਵਿਹੂਣਿਆ -2, 2.***

***ਕਾਂਉ ਕਪੂਰ ਨ ਚਖਈ ਦੁਰਗੰਧਿ ਸੁਖਾਵੈ।***
***ਹਾਥੀ ਨੀਰਿ ਨ੍ਹਵਾਲੀਐ ਸਿਰਿ ਛਾਰੁ ਉਡਾਵੈ।***
***ਤੁੰਮੇ ਅੰਮ੍ਰਿਤੁ ਸਿੰਜੀਐ ਕਉੜਤੁ ਨ ਜਾਵੈ।***
***ਸਿਮਲੁ ਰੁਖੁ ਸਰੇਵੀਐ ਫਲੁ ਹਥਿ ਨ ਆਵੈ।***
***ਨਿੰਦਕੁ ਨਾਮ ਵਿਹੂਣਿਆ ਸਤਿਸੰਗ ਨ ਭਾਵੈ।***
***ਅੰਨ੍ਹਾ ਆਗੂ ਜੇ ਥੀਐ ਸਭੁ ਸਾਥੁ ਮੁਹਾਵੈ॥***
***ਭਾਈ ਗੁਰਦਾਸ ਜੀ ਵਾਰ 35/2***

ਕ੍ਰਿਸ਼ਨ ਮਹਾਰਾਜ ਕਹਿਣ ਲੱਗੇ, "ਯੁਧਿਸ਼ਟਰ! ਸਤਿਸੰਗ ਵੀ ਉਨ੍ਹਾਂ ਨੂੰ ਪ੍ਰਾਪਤ ਹੁੰਦਾ ਹੈ ਜਿਨ੍ਹਾਂ ਦੇ ਮਨ ਵਿਚ ਸਤਿਸੰਗ ਦੀ ਕਦਰ ਹੋਇਆ ਕਰਦੀ ਹੈ।"

***ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ॥***
***ਪੰਨਾ - 335***

ਲੋਕ ਕਹਿੰਦੇ ਇਹ ਗੀਤ ਨੇ, ਗੀਤ ਗਾਉਂਦੇ ਨੇ, ਇਹ ਗੀਤ ਨਹੀਂ ਇਹ ਤਾਂ ਬ੍ਰਹਮ ਦੀ ਵਿਚਾਰ ਹੋ ਰਹੀ ਹੈ।

***ਸਤਸੰਗਤਿ ਕੈਸੀ ਜਾਣੀਐ॥***
***ਜਿਥੈ ਏਕੋ ਨਾਮੁ ਵਖਾਣੀਐ॥ ਪੰਨਾ - 72***

ਜਿਸ ਥਾਂ ਦੇ ਉਤੇ ਕੇਵਲ ਨਾਮ ਦੀ ਵਿਆਖਿਆ ਹੁੰਦੀ ਹੈ ਉਹ ਸਤਿਸੰਗ ਹੋਇਆ ਕਰਦਾ ਹੈ। ਜਿਥੇ ਕਿਸੇ ਨੂੰ ਮਾੜਾ, ਕਿਸੇ ਨੂੰ ਚੰਗਾ, ਕਿਸੇ ਦਾ ਖੰਡਨ-ਮੰਡਨ, ਜਿਥੇ ਦੁਬਿਧਾ 'ਚ ਚਿੱਤ ਪੈ ਜਾਵੇ ਉਹ ਸਤਿਸੰਗ ਨਹੀਂ ਹੋਇਆ ਕਰਦਾ, ਕੁਝ ਹੋਰ ਹੋਇਆ ਕਰਦਾ ਹੈ। ਸਤਿਸੰਗ ਤਾਂ ਉਹ ਹੈ ਜਿਹੜੀ ਸਤਿ ਦੇ ਨਾਲ ਜੋੜੇ। 'ਸਤਿ' ਹੈ ਵਾਹਿਗੁਰੂ, ਵਾਹਿਗੁਰੂ ਨਾਲ ਜਿਹੜੇ ਬਚਨ ਜੋੜਨ, ਉਹ ਹੀ ਸਤਿਸੰਗ ਹੋਇਆ ਕਰਦਾ ਹੈ।

ਸੋ ਕਹਿਣ ਲੱਗੇ ਕਿ ਭਾਗਾਂ ਬਿਨਾ ਨਹੀਂ ਲੱਭਦੀ ਸਤਿ ਸੰਗਤ। ਕਈ ਵਾਰੀ ਉਨ੍ਹਾਂ ਨੇ ਕਿਹਾ ਕਿ ਮਹਾਰਾਜ! ਸਤਿਸੰਗ ਨੂੰ ਤਾਂ ਸਾਰੀ ਦੁਨੀਆਂ ਜਾਣਦੀ ਹੈ। ਯੁੱਗ ਚੰਗਾ ਸੀ, ਪਤਾ ਸੀ, ਮਹਾਂਪੁਰਸ਼ਾਂ ਦੀ ਕਦਰ ਸੀ। ਉਨ੍ਹਾਂ ਦੇ ਬਚਨਾਂ ਦੀ ਕਦਰ ਹੋਇਆ ਕਰਦੀ ਸੀ ਤੇ ਲੋਕ ਦੂਰ ਦਰਾਜ ਤੋਂ ਆ ਕੇ ਮੇਲਿਆਂ ਦੇ ਅੰਦਰ ਮਹਾਂਪੁਰਸ਼ ਆਉਂਦੇ ਸਨ ਜਿਵੇਂ ਹਰਿਦੁਆਰ, ਕੁੰਭ

ਦੇ ਮੇਲੇ ਆਦਿ ਤੇ ਲੋਕ ਬੜੀ ਦੂਰ-ਦੂਰ ਤੋਂ ਸਤਿਸੰਗ ਕਰਨ ਜਾਇਆ ਕਰਦੇ ਸਨ ਕਿ ਰਹਾਂਗੇ ਉਥੇ, 5-10 ਦਿਨ ਬੀਤਰਾਗ ਮਹਾਂਪੁਰਸ਼ਾਂ ਦੇ ਬਚਨ ਸੁਣਾਂਗੇ। ਕਹਿੰਦੇ ਕਿ ਨਹੀਂ, ਫੇਰ ਵੀ ਸਤਿਸੰਗ ਭਾਗ ਨਾਲ ਹੀ ਪ੍ਰਾਪਤ ਹੁੰਦੀ ਹੈ। ਗੱਲ ਨੂੰ ਟਾਲਣ ਵਾਸਤੇ ਕਿਹਾ ਕਿ ਅੱਜ ਨੁਮਾਇਸ਼ ਲੱਗੀ ਹੋਈ ਹੈ। ਉਹ ਕਹਿੰਦੇ, "ਹਾਂ ਜੀ!"

ਕਹਿੰਦੇ, "ਚਲੋ ਦੇਖੀਏ। ਅੱਡ-ਅੱਡ ਜਾਵਾਂਗੇ।"

ਸਾਰੇ ਚਲੇ ਗਏ। ਰਸਤੇ ਵਿਚ ਸਤਿਸੰਗ ਹੋ ਰਿਹਾ ਸੀ, ਮਹਾਂਪੁਰਸ਼ ਬੈਠੇ ਜਮੁਨਾ ਦੀ ਬਰੇਤੀ ਤੇ ਹਰੀ ਦਾ ਜਸ ਕਰ ਰਹੇ ਸੀ। ਉਥੋਂ ਦੀ ਲੰਘ ਗਏ ਸਾਰੇ, ਧਿਆਨ ਹੀ ਨਾ ਆਇਆ ਕਿ ਸੰਗਤ ਹੋ ਰਹੀ ਹੈ। ਨੁਮਾਇਸ਼ ਦੇਖਣ ਦੀ ਗੱਲ ਸਭ ਤੋਂ ਅੱਗੇ ਰੱਖ ਲਈ। ਜਦੋਂ ਵਾਪਸ ਆਏ ਤਾਂ ਕ੍ਰਿਸ਼ਨ ਮਹਾਰਾਜ ਜੀ ਕਹਿਣ ਲੱਗੇ, "ਕੀ-ਕੀ ਦੇਖਿਆ ਤੁਸੀਂ ਨੁਮਾਇਸ਼ ਵਿੱਚ?"

ਅਰਜਨ ਨੇ ਤੀਰ ਅੰਦਾਜ਼ੀ ਦੀਆਂ ਗੱਲਾਂ ਦੱਸੀਆਂ, ਭੀਮ ਨੇ ਯੁੱਧ ਦੀਆਂ ਗੱਲਾਂ ਦੱਸੀਆਂ। ਜਿਹੋ ਜਿਹੀ ਰੁਚੀ, ਉਹੀ ਜਿਹੀ ਚੀਜ਼ ਦੇਖੀ। ਨਕੁਲ, ਸਹਿਦੇਵ, ਜਾਨਵਰਾਂ, ਘੋੜਿਆਂ, ਗਊਆਂ ਦੀਆਂ ਮੰਡੀਆਂ ਵਿਚ ਘੁੰਮਦੇ ਰਹੇ। ਜਿਹੜਾ ਯੁਧਿਸ਼ਟਰ ਸੀ ਉਹ ਬਾਕੀ ਕਲਾ ਦੀਆਂ ਚੀਜ਼ਾਂ ਦੇਖਦਾ ਰਿਹਾ। ਆਪਣੀ ਆਪਣੀ ਗੱਲ ਕਰਨ ਲੱਗ ਗਏ।

ਕ੍ਰਿਸ਼ਨ ਮਹਾਰਾਜ ਕਹਿਣ ਲੱਗੇ, "ਰਾਜਨ! ਸਤਿਸੰਗ ਵੀ ਹੋ ਰਿਹਾ ਸੀ ਉਥੇ?"

ਕਹਿੰਦਾ, "ਹਾਂ ਮਹਾਰਾਜ! ਹੋ ਤਾਂ ਰਿਹਾ ਸੀ।"

ਕਹਿੰਦੇ, "ਫੇਰ ਗਏ ਨਾ ਓਥੇ?"

ਕਹਿੰਦਾ, "ਮਹਾਰਾਜ! ਨੁਮਾਇਸ਼ ਵੱਲ ਹੀ ਧਿਆਨ ਲੱਗਿਆ ਰਿਹਾ।"

ਕਹਿਣ ਲੱਗੇ, "ਅਸੀਂ ਤਾਂ ਹੀ ਤਾਂ ਕਹਿੰਦੇ ਹਾਂ ਕਿ ਭਾਗਾਂ ਤੋਂ ਬਗੈਰ ਸਤਿਸੰਗਤ ਨਹੀਂ ਪ੍ਰਾਪਤ ਹੁੰਦੀ।"

***ਬਿਨੁ ਭਾਗਾ ਸਤਸੰਗੁ ਨ ਲਭੈ ਬਿਨੁ ਸੰਗਤਿ ਮੈਲੁ ਭਰੀਜੈ ਜੀਉ॥***
***ਪੰਨਾ - 95***

ਕਿਉਂਕਿ ਸਾਰਿਆਂ ਦੇ ਭਾਗਾਂ ਵਿਚ ਸਤਿਸੰਗਤ ਵਿਚ ਆਉਣਾ ਲਿਖਿਆ ਨਹੀਂ ਹੁੰਦਾ। ਸੰਗਤ ਕੋਈ ਐਵੇਂ ਹੀ ਕੋਈ ਮਾਮੂਲੀ ਚੀਜ਼ ਨਹੀਂ ਹੈ। ਸੰਗਤ ਬਾਰੇ ਮਹਾਰਾਜ ਜੀ ਨੇ ਏਸ ਤਰ੍ਹਾਂ ਦੇ ਨਾਲ ਫੁਰਮਾਨ ਕਰਿਆ ਹੈ -

***ਧਾਰਨਾ - ਸੰਗਤ ਦੇ ਵਿਚ ਵਸਦੈ, ਪ੍ਰਭ ਜੀ ਪਿਆਰਾ -2, 2.***
***ਪ੍ਰਭ ਜੀ ਪਿਆਰਾ - 4, 2.***
***ਸੰਗਤ ਦੇ ਵਿਚ ਵਸਦੈ, ........... -2.***

ਕਿਉਂਕਿ ਉਥੇ ਪ੍ਰਭੂ ਦਾ ਵਾਸਾ ਹੁੰਦਾ ਹੈ, ਫੇਰ ਸੰਗਤ ਦੇ ਬਰਾਬਰ ਦਾ ਕੋਈ ਹੋਰ ਕਰਮ ਨਹੀਂ ਹੈ।

ਕਹਿਣ ਲੱਗੇ, "ਯੁਧਿਸ਼ਟਰ! ਇਸੇ ਕਰਕੇ ਅਸੀਂ ਇਹ ਗੱਲ ਕਹੀ ਸੀ ਕਿ ਸਤਿਸੰਗ, ਬਿਨਾਂ ਭਾਗਾਂ ਤੋਂ ਪ੍ਰਾਪਤ ਨਹੀਂ ਹੁੰਦਾ।

ਗੁਰੂ ਮਹਾਰਾਜ ਇਸ ਦੇ ਬਾਰੇ ਫੁਰਮਾਨ ਕਰਦੇ ਨੇ -

***ਕਿਤ ਬਿਧਿ ਕਿਉ ਪਾਈਐ ਪ੍ਰਭੁ ਅਪੁਨਾ***
***ਮੋ ਕਉ ਕਰਹੁ ਉਪਦੇਸੁ ਹਰਿ ਦਾਨੁ॥ ਪੰਨਾ - 1335***

ਮੈਨੂੰ ਇਹ ਉਪਦੇਸ਼ ਦੇਵੋ ਕਿ ਵਾਹਿਗੁਰੂ ਮਿਲੇ ਕਿਵੇਂ? ਕਿਹੜਾ ਤਰੀਕਾ ਕਰਿਆ ਜਾਵੇ? ਕਿਹੜਾ ਯਤਨ ਕਰਿਆ ਜਾਵੇ?

ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ ਕਿ ਵਾਹਿਗੁਰੂ ਜੀ ਦਾ ਸਤਿ ਸੰਗਤਿ ਵਿਚ ਵਾਸਾ ਹੁੰਦਾ ਹੈ ਉਹ ਸੰਗਤ ਦੀ ਅਰਦਾਸ ਸੁਣ ਲੈਂਦਾ ਹੈ। ਸੰਗਤ ਦੇ ਵਿਚ ਵਾਹਿਗੁਰੂ ਵਸਦਾ ਹੈ। ਸੋ ਇਥੇ ਸੁਣ ਲੈਂਦਾ ਹੈ ਗੱਲ, ਸੰਗਤ ਦੀ ਅਰਦਾਸ ਮੰਨ ਲੈਂਦਾ ਹੈ ਜੇ ਸਾਰੀ ਸੰਗਤ ਕਰ ਦੇਵੇ।

ਤੁਹਾਡੇ ਸਾਹਮਣੇ ਹੀ ਹੋਇਆ ਹੈ, ਸਾਡੀ ਛੋਟੀ ਬੇਟੀ ਰੂਪੀ ਜੋ ਅਮਰੀਕਾ ਸ਼ਿਕਾਗੋ ਰਹਿੰਦੀ ਹੈ ਉਸ ਦੇ ਤਿੰਨ ਲੜਕੀਆਂ ਹੋ ਗਈਆਂ ਸਨ। ਉਸ ਨੇ ਚਿੱਠੀ ਲਿਖ ਦਿੱਤੀ, ਮੈਨੂੰ ਨਹੀਂ ਲਿਖੀ, ਸੰਗਤ ਨੂੰ ਚਿੱਠੀ ਲਿਖੀ ਕਿ ਮੇਰਾ ਪੂਰਨ ਨਿਸ਼ਚਾ ਹੈ ਕਿ ਸੰਗਤ ਦੇ ਵਿਚ ਜੇ ਅਰਦਾਸ ਹੋ ਜਾਵੇ ਤਾਂ ਉਹ ਚੀਜ਼ ਵੀ ਮਿਲ ਜਾਂਦੀ ਹੈ ਜਿਹੜੀ ਕਿਸਮਤ ਵਿਚ ਵੀ ਨਾ ਲਿਖੀ ਹੋਵੇ। ਮੈਨੂੰ ਇਹ ਲਿਖਿਆ ਕਿ ਮੇਰੀ ਰੋ-ਰੋ ਕੇ ਲਿਖੀ ਹੋਈ ਚਿੱਠੀ ਸੰਗਤ ਨੂੰ ਸੁਣਾ ਦਿਓ ਤੇ ਇਕ ਪੁੱਤਰ ਦੀ ਦਾਤ ਮੈਨੂੰ ਮਿਲ ਜਾਵੇ। ਮੈਂ ਚਿੱਠੀ ਪੜ੍ਹ ਦਿਤੀ, ਸਾਰੀ ਸੰਗਤ ਦਾ ਮਨ ਪਸੀਜ ਗਿਆ, ਸਾਰੀ ਸੰਗਤ ਦੇ ਮਨਾਂ ਵਿਚ ਆ ਗਿਆ ਕਿ ਹਾਂ ਮਿਲਣਾ ਚਾਹੀਦਾ ਹੈ। ਅਰਦਾਸ ਹੋ ਗਈ। ਮਹਾਰਾਜ ਜੀ ਨੇ ਉਸੇ ਤਰੀਕ ਤੋਂ ਦਸ ਮਹੀਨੇ ਬਾਅਦ ਉਸ ਨੂੰ ਪੁੱਤਰ ਦੀ ਦਾਤ ਦੇ ਦਿੱਤੀ। ਹੁਣ ਉਸ ਨੇ ਆ ਕੇ ਪ੍ਰਣ ਕਰਿਆ ਹੈ ਕਿ ਮੈਂ ਬੱਚੇ ਦੀ ਦੋ ਸਾਲ ਦੀ ਉਮਰ ਹੋਣ ਤੋਂ ਪਹਿਲਾਂ-ਪਹਿਲਾਂ ਇਸ ਨੂੰ ਉਸੇ ਸੰਗਤ ਵਿਚ ਲੈ ਕੇ ਜਾਵਾਂ ਜਿਥੋਂ ਇਸ ਨੂੰ ਭੇਜਿਆ ਗਿਆ। ਸੰਗਤ ਵਿਚ ਕਿਉਂਕਿ ਵਾਹਿਗੁਰੂ ਵਸਦਾ ਹੈ ਤੇ ਵਾਹਿਗੁਰੂ ਸੁਣ ਲੈਂਦਾ ਹੈ -

***ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ॥***
***ਪੰਨਾ - 819***

ਅਰਦਾਸ ਸੰਗਤ ਕਰ ਦੇਵੇ। ਸਤਿਜੁਗ ਵਿਚ ਵੀ ਸੰਗਤ ਨੇ ਅਰਦਾਸ ਕਰੀ ਸੀ ਰਾਜੇ ਹਰੀ ਚੰਦ ਦੀ ਰਾਣੀ ਤਾਰਾ ਦੀ। ਰਾਜੇ ਨੇ ਖੜਾਂਵ ਚੁੱਕ ਲਈ। ਸੰਗਤ ਨੇ ਅਰਦਾਸ ਕਰੀ, ਦੂਸਰੀ ਖੜਾਂਵ ਓਹੋ ਜਿਹੀ ਹੀ ਮਿਲ ਗਈ।

ਜਿਵੇਂ ਕਿ -

***ਸੁਖੁ ਰਾਜੇ ਹਰੀ ਚੰਦ ਘਰਿ ਨਾਰਿ ਸੁ ਤਾਰਾ ਲੋਚਨ ਰਾਣੀ।***
***ਸਾਧ ਸੰਗਤਿ ਮਿਲਿ ਗਾਵਦੇ ਰਾਤੀ ਜਾਇ ਸੁਣੈ ਗੁਰਬਾਣੀ।***
***ਪਿਛੈ ਰਾਜਾ ਜਾਗਿਆ ਅਧੀ ਰਾਤਿ ਨਿਖੰਡਿ ਵਿਹਾਣੀ।***
***ਰਾਣੀ ਦਿਸਿ ਨ ਆਵਈ ਮਨ ਵਿਚਿ ਵਰਤ ਗਈ ਹੈਰਾਣੀ।***
***ਹੋਰਤੁ ਰਾਤੀ ਉਠਿਕੈ ਚਲਿਆ ਪਿਛੈ ਤਰਲ ਜੁਆਣੀ।***
***ਰਾਣੀ ਪਹੁਤੀ ਸੰਗਤੀ ਰਾਜੇ ਖੜੀ ਖੜਾਉ ਨੀਸਾਣੀ।***
***ਸਾਧ ਸੰਗਤਿ ਆਰਾਧਿਆ ਜੋੜੀ ਜੁੜੀ ਖੜਾਉ ਪੁਰਾਣੀ।***
***ਰਾਜੇ ਡਿਠਾ ਚਲਿਤੁ ਇਹੁ ਏਹ ਖੜਾਵ ਹੈ ਚੋਜ ਵਿਡਾਣੀ।***
***ਸਾਧ ਸੰਗਤਿ ਵਿਟਹੁ ਕੁਰਬਾਣੀ॥***
***ਭਾਈ ਗੁਰਦਾਸ ਜੀ ਵਾਰ 10/6***

ਕੁਰਬਾਨ ਜਾਂਦੇ ਹਾਂ ਉਸ ਸੰਗਤ ਦੇ। ਸੋ ਇਸ ਵਿਚ ਦਾਖਲਾ ਹਰੇਕ ਨੂੰ ਨਹੀਂ ਮਿਲਿਆ ਕਰਦਾ। ਗੁਰੂ ਨਾਨਕ ਪਾਤਿਸ਼ਾਹ ਹਰੀ ਦਾ ਜਸ ਕਰਦੇ ਨੇ, ਟਾਵੇਂ-ਟਾਵੇਂ ਬੰਦਿਆਂ ਦੇ ਭਾਗ ਜਾਗੇ। ਕਈ ਅੰਮ੍ਰਿਤ ਵੇਲੇ ਉਠ ਕੇ ਆਉਂਦੇ ਹਨ ਕਿਉਂਕਿ 'ਆਸਾ ਦੀ ਵਾਰ' ਦਾ ਦਿਨ ਚੜ੍ਹੇ ਦਾ ਸਮਾਂ ਨਹੀਂ ਹੈ, ਅੰਮ੍ਰਿਤ ਵੇਲੇ ਦਾ ਸਮਾਂ ਹੈ। ਆਪਣੀ ਸੰਗਤ ਵਿਚ ਵੀ 'ਆਸਾ ਦੀ ਵਾਰ' ਲਗਦੀ ਹੈ ਸਰਦੀਆਂ ਵਿਚ ਚਾਰ ਵਜੇ ਸਵੇਰੇ ਬੀਬੀਆਂ ਲਾਉਂਦੀਆਂ ਨੇ, ਦੋਹੀਂ ਪਾਸੀਂ ਅਧੋ ਅੱਧ ਪੜ੍ਹੀ ਜਾਂਦੀ ਹੈ। ਬੜੀ ਹਿੰਮਤ ਹੈ ਇਨ੍ਹਾਂ ਬੱਚਿਆਂ ਦੇ ਅੰਦਰ ਮਹਾਰਾਜ ਜੀ ਨੇ ਦਿੱਤੀ ਹੋਈ। ਏਸ ਤਰ੍ਹਾਂ ਲਗਦਾ ਹੈ ਜਿਵੇਂ ਬੈਕੁੰਠ ਉਤਰ ਆਇਆ ਹੋਵੇ। ਸਚਮੁੱਚ ਮੈਨੂੰ ਤਾਂ ਇਸੇ ਤਰ੍ਹਾਂ ਪ੍ਰਤੀਤ ਦਿੰਦਾ ਹੈ ਤੇ ਜਿਹੜੇ ਸੁਣਦੇ ਨੇ ਉਨ੍ਹਾਂ ਨੂੰ ਵੀ ਇਸੇ ਤਰ੍ਹਾਂ ਪ੍ਰਤੀਤ ਦਿੰਦਾ ਹੋਵੇਗਾ। ਸੋ ਇਹ ਗੁਰੂ ਮਹਾਰਾਜ ਜੀ ਦੀ ਬਖਸ਼ਿਸ਼ ਹੋਈ ਹੈ ਸੰਗਤ ਦੇ ਉਤੇ ਕਿ ਅੰਮ੍ਰਿਤ ਵੇਲੇ ਦੀ ਜਾਗ ਤੇ ਹਰੀ ਦਾ ਜਸ ਨਿਸ਼ਕਾਮ ਹੋ ਕੇ ਕਰਦੇ ਹਨ, ਕੋਈ ਪੈਸੇ ਦਾ ਲੋਭ ਲਾਲਚ ਨਹੀਂ, ਸਾਰੇ ਪੈਸੇ ਇਥੇ ਆ ਕੇ ਗੁਰੂ ਘਰ ਦੇ ਖਜ਼ਾਨੇ ਵਿਚ ਜਮ੍ਹਾਂ ਹੋ ਜਾਂਦੇ ਨੇ ਤੇ ਇਥੇ ਹੀ ਖਰਚ ਹੋ ਜਾਂਦੇ ਨੇ। ਸੋ ਸਾਰੇ ਪ੍ਰੇਮੀ ਨਿਸ਼ਕਾਮ ਸੇਵਾ ਕਰ ਰਹੇ ਨੇ, ਭਗਤੀ ਹੋ ਰਹੀ ਹੈ, ਇਸ ਨੂੰ ਕੀਰਤਨ ਭਗਤੀ ਕਹਿੰਦੇ ਨੇ।

***ਕਲਜੁਗ ਮਹਿ ਕੀਰਤਨੁ ਪਰਧਾਨਾ॥***
***ਗੁਰਮੁਖਿ ਜਪੀਐ ਲਾਇ ਧਿਆਨਾ॥***
***ਆਪਿ ਤਰੈ ਸਗਲੇ ਕੁਲ ਤਾਰੇ ਹਰਿ ਦਰਗਹ ਪਤਿ ਸਿਉ ਜਾਇਦਾ॥***

***ਪੰਨਾ - 1075***

ਇਹ ਮਹਾਰਾਜ ਜੀ ਦੀ ਬਖਸ਼ਿਸ਼ ਹੋਈ ਹੈ। ਬਖਸ਼ਿਸ਼ ਦੇ ਨਾਲ ਉਨ੍ਹਾਂ ਨੇ ਪ੍ਰਗਟਾਵਾ ਕਰ ਦਿੱਤਾ ਕਿ ਤੁਹਾਨੂੰ ਹੋਰ ਸੰਗਤ ਦਿੰਦੇ ਹਾਂ, ਅੰਮ੍ਰਿਤ ਵੇਲੇ ਦੀ ਵੀ ਸੰਗਤ ਦਿੱਤੀ। ਬਹੁਤ ਪ੍ਰੇਮੀ ਨੇ ਜਿਹੜੇ ਮੈਂ ਦੇਖਦਾ ਹਾਂ ਦੂਰ-ਦੂਰ ਤੋਂ ਜਾਂਦੇ ਨੇ। ਬੱਚੇ, ਛੋਟੇ-ਛੋਟੇ ਅੰਮ੍ਰਿਤ ਵੇਲੇ ਜਾਗਦੇ ਨੇ, ਠੰਡੇ ਪਾਣੀ ਨਾਲ ਇਸ਼ਨਾਨ ਕਰਕੇ ਉਥੇ ਪਹੁੰਚਦੇ ਨੇ।

ਸੋ ਇਸ ਤਰ੍ਹਾਂ ਦੇ ਨਾਲ ਉਸ ਬਾਗ ਵਿਚ, ਜਿਨ੍ਹਾਂ ਦੇ ਭਾਗ ਵਿਚ ਸੰਗਤ ਦੇ ਲੇਖ ਸਨ ਉਹ ਗੁਰੂ ਨਾਨਕ ਪਾਤਿਸ਼ਾਹ ਜੀ ਦੀ ਸੰਗਤ ਵਿਚ ਆਉਣੇ ਸ਼ੁਰੂ ਹੋ ਗਏ। ਇਕ ਦਿਨ ਕਿਸੇ ਨੇ ਗੱਲ ਕਰੀ ਉਸ ਬਾਗ ਦੇ ਮਾਲਕ ਦੇ ਪਾਸ ਕਿ ਸ਼ਾਹ ਜੀ! ਬਹਾਰਾਂ ਹੀ ਲੱਗ ਗਈਆਂ ਨੇ ਤੁਹਾਡੇ ਬਾਗ ਵਿਚ, ਬੈਕੁੰਠ ਬਣਿਆ ਪਿਆ ਹੈ ਤੇ ਸਾਨੂੰ ਤਾਂ ਇਉਂ ਲਗਦੈ ਕਿ ਪ੍ਰਮੇਸ਼ਰ ਆਪ ਹੀ ਮਨੁੱਖ ਦਾ ਰੂਪ ਧਾਰ ਕੇ ਆਪੇ ਹੀ ਆਪਣਾ ਜਸ ਕਰ ਰਿਹਾ ਹੈ।

ਕਹਿਣ ਲੱਗਿਆ, "ਹੈਂ! ਮੇਰੇ ਬਾਗ ਵਿਚ?"

ਉਹ ਬਾਗ ਵਿਚ ਪਹੁੰਚਿਆ ਤੇ ਜਾ ਕੇ ਸੁਣਿਆ। ਪਹਿਲਾਂ ਕਦੇ-ਕਦੇ ਜਾਂਦਾ ਹੈ ਤੇ ਫੇਰ ਰੋਜ਼ ਜਾਣ ਲੱਗ ਪਿਆ। ਐਨਾ ਪ੍ਰੇਮ ਲੱਗਿਆ ਕਿ ਸਵੇਰੇ ਵੀ ਜਾਵੇ ਤੇ ਸ਼ਾਮ ਨੂੰ ਵੀ ਜਾਂਦਾ ਹੈ, ਪ੍ਰਸ਼ਾਦਾ ਵੀ ਲੈ ਕੇ ਜਾਣ ਲਗ ਪਿਆ ਤੇ ਰੋਜ਼ ਸੰਗਤ ਕਰਦਾ ਹੈ ਉਹ। ਜਿਉਂ ਜਿਉਂ ਸੰਗਤ ਹੁੰਦੀ ਹੈ ਆਦਮੀ ਦੇ ਮਨ ਦੀ ਮੈਲ ਦੂਰ ਹੁੰਦੀ ਹੈ ਤੇ ਸੰਗਤ ਪਿਆਰੀ ਲੱਗਣੀ ਸ਼ੁਰੂ ਹੋ ਜਾਂਦੀ ਹੈ। ਸੰਗਤ ਵਿਚ ਮਹਾਂਪੁਰਸ਼ਾਂ ਦੇ ਬਚਨ ਸਮਝ 'ਚ ਆਉਣ ਲੱਗ ਜਾਂਦੇ ਨੇ, ਗੁਰੂ ਦੀ ਬਾਣੀ ਅਸਰ ਕਰਨ ਲੱਗ ਜਾਂਦੀ ਹੈ ਤੇ ਸ਼ਬਦਾਂ ਦੇ ਹਿਰਦੇ ਵੇਧਨ ਬਾਣ ਲੱਗਣ ਲੱਗ ਜਾਂਦੇ ਨੇ। ਸ਼ਬਦ ਪਹਿਲਾਂ ਗੀਤ ਪ੍ਰਤੀਤ ਦਿੰਦਾ ਹੈ, ਫੇਰ ਸ਼ਬਦ ਦੇ ਅਮੋਘ ਬਾਣ ਲਗਦੇ ਨੇ, ਹਿਰਦੇ ਨੂੰ ਕੰਬਾ ਦਿੰਦੇ ਨੇ, ਅੰਦਰਲੇ ਪਾਸੇ ਫੈਸਲੇ ਹੋਣ ਲੱਗ ਜਾਂਦੇ ਨੇ ਕਿ ਆਹ ਗਲਤ ਗੱਲ ਹੋ ਗਈ। ਆਪਣਾ ਹੀ ਮਾੜਾ ਜੀਵਨ ਉਭਰ ਕੇ ਸਾਹਮਣੇ ਆ ਜਾਇਆ ਕਰਦਾ ਹੈ ਕਿ ਮੈਂ ਵੀ ਇਹੋ ਜਿਹਾ ਹੀ ਹਾਂ ਜਿਨ੍ਹਾਂ ਦੀ ਗੱਲ ਹੋ ਰਹੀ ਹੈ।

ਸੋ ਉਸ ਦੇ ਮਨ ਵਿਚ ਬੜਾ ਚਾਓ ਜਾਗਿਆ, ਨਿਤਨੇਮ ਬਣ ਗਿਆ ਤੇ ਰੋਜ਼ ਜਾਂਦਾ ਹੈ, ਜਿਹੜਾ ਸੰਗਤ ਵਿਚ ਜਾਂਦਾ ਹੈ ਸੰਗਤ ਦਾ ਅਸਰ ਮਹਾਰਾਜ ਜੀ ਏਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਚੰਦਨ ਬਣ ਜਾਂਦੇ ਨੇ, ਚੰਦਨ ਦੇ ਨੇੜੇ ਰਹਿ ਕੇ -2,***
***ਚੰਦਨ ਦੇ ਨੇੜੇ ਰਹਿ ਕੇ -2, 2.***
***ਚੰਦਨ ਬਣ ਜਾਂਦੇ ਨੇ,.......... -2.***

***ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ॥***
***ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ॥***

***ਪੰਨਾ - 1365***

ਸਤਿਸੰਗ ਦਾ ਅਸਰ ਮਨ ਦੇ ਉਤੇ ਪੈਂਦਾ ਹੈ। ਪਹਿਲਾਂ ਮਨ ਦੀ ਮੈਲ ਦੂਰ ਹੁੰਦੀ ਹੈ। ਮੈਲ ਦੂਰ ਹੋਣ ਦੇ ਨਾਲ ਫੇਰ ਬਾਣੀ ਨਾਲ ਪਿਆਰ ਪੈਂਦਾ ਹੈ, ਗੁਰੂ ਦੇ ਬਚਨਾਂ ਨਾਲ ਪਿਆਰ ਪੈਂਦਾ ਹੈ, ਫੇਰ ਨਾਮ ਨਾਲ ਪਿਆਰ ਪੈਂਦਾ ਹੈ। ਜੀਵਨ ਵਿਚ ਤਬਦੀਲੀ ਆਉਂਦੀ ਹੈ, ਨਿੰਦਿਆ, ਚੁਗਲੀ, ਈਰਖਾ-ਬਖੀਲੀ, ਝੂਠ-ਕਚਪਿਚ ਬੋਲਣਾ ਸਭ ਛੁਟ ਜਾਂਦਾ ਹੈ। ਜੇ ਰਹਿ ਜਾਂਦਾ ਹੈ ਤਾਂ ਕੇਵਲ ਰਸਨਾ ਉਤੇ ਵਾਹਿਗੁਰੂ ਵਾਹਿਗੁਰੂ ਦਾ ਝਰਨ੍ਹਾਟਾਂ ਦਿੰਦਾ ਅਸਰ ਜਾਂ ਬਾਣੀ ਦੀ ਤੁਕ ਤੇ ਸਿਧਾਂਤ ਰਹਿ ਜਾਂਦਾ ਹੈ।

ਸੋ ਏਸ ਤਰ੍ਹਾਂ ਦੇ ਨਾਲ ਅਸਰ ਹੁੰਦਾ ਗਿਆ। ਉਸ ਦਾ ਕੋਈ ਜਾਣ-ਪਛਾਣ ਵਾਲਾ ਬੰਦਾ ਜਿਸ ਰਸਤੇ ਤੋਂ ਲੰਘਿਆ ਕਰਦਾ ਸੀ, ਉਸ ਰਸਤੇ ਵਿਚ ਦੁਕਾਨ ਕਰਦਾ ਸੀ। ਉਸ ਨੇ ਦੇਖਿਆ ਕਿ ਇਹ ਰੋਜ਼ ਜਾਂਦਾ ਹੈ। ਇਕ ਦਿਨ ਉਹ ਕਹਿਣ ਲੱਗਿਆ ਕਿ ਪ੍ਰੇਮੀਆ! ਤੈਨੂੰ ਕੋਈ ਲਗਨ ਲੱਗ ਗਈ? ਤੂੰ ਰੋਜ਼ ਏਥੋਂ ਦੋ ਵੇਲੇ ਲੰਘਦਾ ਹੈਂ। ਕਦੇ ਤੇਰੇ ਹੱਥ ਵਿਚ ਪ੍ਰਸ਼ਾਦੇ ਹੁੰਦੇ ਨੇ, ਕਦੇ ਤੂੰ ਖਾਲੀ ਹੱਥ ਹੁੰਦਾ ਹੈਂ। ਸਵੇਰੇ ਤਾਂ ਮੈਂ ਤੈਨੂੰ ਦੇਖਦਾ ਹਾਂ ਜਦੋਂ ਤੂੰ ਵਾਪਸ ਮੁੜਦਾ ਹੈਂ, ਆਥਣੇ ਮੈਂ ਦੇਖਦਾ ਹਾਂ ਜਦੋਂ ਤੂੰ ਜਾਂਦਾ ਹੈਂ। ਉਥੇ ਹੀ ਰਹਿੰਦਾ ਹੈਂ ਜਾਂ ਕਿਵੇਂ ਗੱਲ ਬਾਤ ਹੈ? ਕੋਈ ਮੈਨੂੰ ਵੀ ਦੱਸ ਦੇ।

ਉਹ ਕਹਿਣ ਲੱਗਿਆ, "ਪ੍ਰੇਮੀਆ! ਜੇ ਤੂੰ ਗੱਲ ਪੁੱਛੀ ਹੈ ਤਾਂ ਮੈਂ ਐਨਾ ਦੱਸ ਦਿੰਦਾ ਹਾਂ ਕਿ ਮੇਰੇ ਬਾਗ ਵਿਚ ਆਪ ਹੀ ਭਗਵਾਨ ਪ੍ਰਤੱਖ ਰੂਪ ਵਿਚ ਦਰਸ਼ਨ ਦੇ ਰਿਹਾ ਹੈ, ਧਰਤੀ ਦੇ ਭਾਗ ਜਾਗ ਪਏ ਹਨ। ਪ੍ਰਮੇਸ਼ਰ ਰੂਪ ਮਹਾਂਪੁਰਸ਼ਾਂ ਦੇ ਸਤਿਸੰਗ ਹੋ ਰਹੇ ਨੇ। ਕੀ ਦੱਸਾਂ, ਉਹਨਾਂ ਦੇ ਬਚਨ ਅੰਦਰ ਖੁਭਦੇ ਜਾਂਦੇ ਨੇ, ਸੋਝੀ ਦਿੰਦੇ ਤੁਰੇ ਜਾਂਦੇ ਨੇ, ਜਨਮਾਂ-ਜਨਮਾਂ ਦੀ ਮੈਲ

ਕਟਦੇ ਨੇ। ਇਕ ਵਾਰੀ ਸੁਣ ਲਵੇ ਫੇਰ ਤਾਂ ਸਰੋਤਾ ਕਦੇ ਵੀ ਸਤਿਸੰਗ ਤੋਂ ਨਾਗਾ ਨਹੀਂ ਪਾਉਂਦਾ। ਮੁੜ ਮੁੜ ਕੇ ਉਥੇ ਹੀ ਜਾਂਦਾ ਹੈ।"

ਕਹਿੰਦਾ, "ਜੇ ਇਹੋ ਜਿਹਾ ਹੈ ਤਾਂ ਮੈਨੂੰ ਵੀ ਲੈ ਚੱਲ।"

ਕਹਿੰਦੇ, "ਚੰਗਾ! ਸਵੇਰੇ ਤਿਆਰ ਰਹੀਂ ਤੇ ਮੈਂ ਤੈਨੂੰ ਲੈ ਚਲਾਂਗਾ।"

ਕਹਿੰਦਾ, "ਸਵੇਰੇ-ਸਵੇਰੇ ਤਾਂ ਨਹੀਂ ਮੇਰੇ ਕੋਲ ਸਮਾਂ, ਨਾ ਮੈਥੋਂ ਸਵੇਰੇ ਉਠ ਹੁੰਦਾ ਹੈ। ਸਵੇਰੇ ਤਾਂ ਮੈਂ ਦੁਕਾਨ ਹੀ ਖੋਲ੍ਹਦਾ ਹਾਂ ਆ ਕੇ, ਦਿਨ ਚੜ੍ਹੇ ਉਠਦਾ ਹਾਂ। ਹਾਂ, ਆਥਣ ਨੂੰ ਮੈਂ ਸਮਾਂ ਕੱਢ ਲਵਾਂਗਾ ਤੇ ਫੇਰ ਤੇਰੇ ਨਾਲ ਚਲਿਆ ਚਲਾਂਗਾ। ਦੇਖ ਲਵਾਂਗੇ ਕੀ ਹੈ, ਜੇ ਚੰਗਾ ਲੱਗਿਆ ਤਾਂ ਮੈਂ ਰੋਜ਼ ਜਾਵਾਂਗਾ, ਜੇ ਨਾ ਚੰਗਾ ਲੱਗਿਆ ਤਾਂ ਭਾਈ ਫੇਰ ਮੇਰਾ ਕੁਝ ਘਟਦਾ ਨਹੀਂ। ਇਕ ਦਿਨ ਜਾ ਕੇ ਦੇਖ ਲੈਂਦੇ ਹਾਂ।"

ਸੋ ਅਗਲੇ ਦਿਨ ਸ਼ਾਮ ਵੇਲੇ ਨਾਲ ਤੁਰ ਪਿਆ। ਉਸ ਸੜਕ ਦੀਆਂ ਅਗੇ ਜਾ ਕੇ ਦੋ ਸੜਕਾਂ ਬਣਦੀਆਂ ਸਨ। ਜਿਥੋਂ ਸੜਕ ਪਾਟੀ, ਉਥੇ ਹੀ ਪੈਰ ਦੱਬ ਲਿਆ। ਦੂਜੀ ਸੜਕ ਇਕ ਬਸਤੀ ਨੂੰ ਜਾਂਦੀ ਸੀ ਕਿਸੇ ਹੋਰ ਨਗਰ ਨੂੰ। ਉਸ ਦੇ ਬਾਹਰ ਇਕ ਬਸਤੀ ਸੀ ਮੰਦੀਆਂ ਔਰਤਾਂ ਦੀ, ਮੰਦੀਆਂ ਵਾਸ਼ਨਾਵਾਂ ਵਾਲਿਆਂ ਦੀ ਤੇ ਉਥੇ ਸਰੀਰ ਵਿਕਦੇ ਸਨ। ਇਸ ਦੇ ਮਨ ਵਿਚ ਪ੍ਰਾਣੇ ਸੰਸਕਾਰ ਜਾਗ ਪਏ, ਸਤਿਸੰਗ ਵੱਲ ਨੂੰ ਤੁਰਦਾ ਨਹੀਂ, ਉਥੇ ਖੜ੍ਹ ਗਿਆ।

ਉਹ ਕਹਿੰਦੇ, "ਚੱਲ ਪ੍ਰੇਮੀਆ! ਘਰੋਂ ਆਇਆ ਹੈਂ, ਇਥੇ ਖੜ੍ਹ ਕੇ ਕੀ ਸੋਚਣ ਲੱਗ ਪਿਆ?"

ਕਹਿੰਦਾ, "ਚੱਲ! ਅੱਜ ਤਾਂ ਮੈਂ ਚਲਦਾ ਹਾਂ ਪਰ ਕੱਲ੍ਹ ਨੂੰ ਨਹੀਂ ਮੇਰੀ ਗੱਲ ਪੱਕੀ।"

ਸਤਿਸੰਗ ਵਿਚ ਚਲਿਆ ਗਿਆ ਤੇ ਮਹਾਰਾਜ ਜੀ ਕੋਲ ਜਾ ਕੇ ਜਦੋਂ ਨਮਸ਼ਕਾਰ ਕਰੀ ਤਾਂ ਹੁਣ ਚਿੱਤ ਵਿਚ ਤਰਕ ਹੈ, ਸ਼ਰਧਾ ਨਹੀਂ ਹੈ। ਜੇ ਸ਼ਰਧਾ ਨਾ ਹੋਵੇ ਤਾਂ ਅਸਰ ਨਹੀਂ ਹੋਇਆ ਕਰਦਾ ਕਿਉਂਕਿ ਅਸ਼ਰਧਕ ਨੇ ਆਪਣੇ ਚਿੱਤ ਦੇ ਦਰਵਾਜੇ ਬੰਦ ਕਰ ਲਏ। ਸੰਜੋਅ ਪਹਿਨ ਕੇ ਚੱਲਿਆ ਹੈ ਅਭਿਮਾਨ ਦੀ ਤੇ ਬਚਨ ਇਧਰੋਂ ਸੁਣਦਾ ਹੈ ਤੇ ਓਧਰੋਂ ਦੀ ਕੱਢ ਦਿੰਦਾ ਹੈ। ਇਹ ਨੁਕਸ ਜਿਹੜਾ ਹੈ ਇਹ ਸਾਡੇ ਵਿਚ ਹੁੰਦਾ ਹੈ, ਗੁਰੂ ਵਿਚ ਨਹੀਂ ਹੁੰਦਾ। ਗੁਰੂ ਬਾਰੇ ਤਾਂ ਏਸ ਤਰ੍ਹਾਂ ਦੇ ਨਾਲ ਫੁਰਮਾਨ ਕਰਿਆ ਹੈ -

***ਧਾਰਨਾ - ਸਤਿਗੁਰ ਸਾਚਾ ਕਿਆ ਕਰੈ -2, 2.***
***ਜਾ ਸਿਖਾਂ ਮਹਿ ਚੂਕ***
***ਸਤਿਗੁਰ ਸਾਚਾ ਕਿਆ ਕਰੈ -2, 2.***
***ਅੰਧੇ ਏਕ ਨ ਲਾਗਈ -2, 2.***
***ਜਿਉ ਬਾਂਸੁ ਬਜਾਈਐ ਫੂਕ -2, 2.***

***ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ॥***
***ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ॥***
*ਪੰਨਾ - 1372*

ਜਿਹੜੇ ਬੇਦਾਵਾ ਦੇ ਕੇ ਗਏ ਗੁਰੂ ਦਸਵੇਂ ਪਾਤਿਸ਼ਾਹ ਨੂੰ, ਉਹ ਵੀ ਤਾਂ ਗੁਰੂ ਸਾਹਿਬ ਦੀ ਸੰਗਤ ਵਿਚ ਰਹਿੰਦੇ ਸਨ। ਜਿਹੜੇ ਮਸੰਦ ਲੋਕ ਗੁਰੂ ਮਹਾਰਾਜ ਜੀ ਦੇ ਕੋਲ ਰਹਿ ਕੇ ਧੋਖੇ ਕਰਦੇ ਸਨ, ਬੇ-ਵਿਸ਼ਵਾਸ਼ੀਆਂ ਕਰਦੇ ਸਨ, ਪੂਜਾ ਦੇ ਧਾਨ ਨੂੰ ਰਸਤੇ ਵਿਚ ਚੋਰੀ ਕਰਕੇ ਆਪਨੀ ਵਰਤੋਂ ਵਿਚ ਲਿਆਉਂਦੇ ਸਨ, ਉਹ ਵੀ ਗੁਰੂ ਮਹਾਰਾਜ ਜੀ ਦੇ ਕੋਲ ਹੀ ਰਹਿੰਦੇ ਸਨ ਕਿਉਂਕਿ ਉਨ੍ਹਾਂ ਵਿਚ 'ਚੂਕ' ਸੀ -

***ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ॥***
*ਪੰਨਾ - 1372*

ਸ਼ਰਧਾ ਦਾ ਤਲਾ (ਬੰਸਰੀ ਵਿਚ ਫੂਕ ਰੋਕਣ ਲਈ ਲਾਇਆ ਬੰਧ) ਨਹੀਂ ਸੀ ਲੱਗਿਆ ਹੋਇਆ। ਭੂਕਨਾ ਸੀ ਉਨ੍ਹਾਂ ਦੇ ਹੱਥ; ਜੇ ਤਲਾ ਲੱਗਿਆ ਹੋਵੇ ਫੇਰ ਬੰਸਰੀ ਬਣ ਜਾਇਆ ਕਰਦੀ ਹੈ, ਫੇਰ ਰਾਗ ਨਿਕਲਦੇ ਨੇ।

ਸੋ ਏਸ ਤਰ੍ਹਾਂ ਦੀ ਉਸ ਦੀ ਅਵਸਥਾ ਸੀ - ਨਾ ਕੋਈ ਸ਼ਰਧਾ, ਕੇਵਲ ਦੇਖਣ ਵਾਸਤੇ ਆਇਆ ਸੀ। ਚਾਰ ਕਿਸਮ ਦੇ ਸਰੋਤੇ ਹੁੰਦੇ ਨੇ - ਇਕਨਾਂ ਨੂੰ ਸੂੰਘੇ ਕਹਿੰਦੇ ਨੇ ਜੋ ਦੂਰ ਖੜ੍ਹ ਕੇ ਗੰਧ ਲੈਂਦੇ ਨੇ - ਏਸ ਮਨ ਨਾਲ ਕਿ ਦੇਖੀਏ ਕੀ ਬੋਲਦੇ ਨੇ।

ਦੂਸਰੇ ਹੁੰਦੇ ਨੇ ਕਿ ਸਤਿਸੰਗ ਦੇ ਵਿਚ ਤਾਂ ਬੈਠ ਜਾਂਦੇ ਨੇ ਪਰ ਟਿਕਦੇ ਨਹੀਂ। ਜੇ ਕੋਈ ਮੱਥਾ ਟੇਕਣ ਆਇਆ ਤਾਂ ਉਸ ਵੱਲ ਨੂੰ ਝਾਕੀ ਜਾਂਦੇ ਨੇ, ਕਿਥੇ ਜਾ ਕੇ ਬੈਠਦਾ ਹੈ ਮੱਥਾ ਟੇਕ ਕੇ, ਉਥੇ ਤੱਕ ਝਾਕੀ ਜਾਂਦੇ ਨੇ, ਫੇਰ ਉਸ ਦੀਆਂ ਗੱਲਾਂ ਯਾਦ ਆ ਗਈਆਂ, ਹੋਰ ਪਾਸੇ ਧਿਆਨ ਚਲਿਆ ਗਿਆ। ਕਦੇ ਗੋਡਾ ਚੁੱਕ ਲਿਆ, ਕਦੇ ਘੜੀ ਦੇਖਣ ਲੱਗ ਗਏ, ਕਦੇ ਏਧਰ, ਕਦੇ ਓਧਰ ਦੇਖਣ ਲੱਗ ਗਏ। ਉਨ੍ਹਾਂ ਨੂੰ 'ਘੂੰਘੇ' ਕਹਿੰਦੇ ਨੇ। ਉਹ ਨਾ ਆਪ ਰਸ ਲੈਂਦੇ ਨੇ, ਨਾ ਕਿਸੇ ਨੂੰ ਰਸ ਲੈਣ ਦਿੰਦੇ ਨੇ।

ਤੀਸਰੇ, ਸੰਗਤ ਵਿਚ ਤਾਂ ਆ ਜਾਂਦੇ ਨੇ। ਸੰਗਤ ਵਿਚ ਹਰੀ ਦਾ ਜਸ ਹੁੰਦਾ ਹੈ, ਅੰਮ੍ਰਿਤ ਵੇਲਾ ਹੈ, ਸ਼ਬਦ ਗਾਏ ਜਾ ਰਹੇ ਨੇ, ਕੀਰਤਨ ਹੋ ਰਿਹਾ ਹੈ, ਰਸ ਆ ਗਿਆ ਤੇ ਕੀਰਤਨ ਦੇ ਰਸ ਵਿਚ ਮਗਨ ਹੋ ਕੇ ਅੱਖਾਂ ਮੀਚ ਲਈਆਂ ਤੇ ਅੱਖਾਂ ਬੰਦ ਕਰਦੇ ਸਾਰ ਗਰਦਨ ਥੱਲੇ ਝੁੱਕ ਕੇ ਛਾਤੀ ਨਾਲ ਲੱਗ ਗਈ ਤੇ ਨੀਵੀਂ ਪਾ ਲੈਂਦੇ ਨੇ, ਉਸ ਤੋਂ ਬਾਅਦ 'ਤੁੰਦਰਾ' ਪੈ ਜਾਂਦੀ ਹੈ। ਉਸ ਤੋਂ ਬਾਅਦ ਉਨ੍ਹਾਂ ਨੂੰ ਕੀਰਤਨ ਦਾ ਰਸ ਨਹੀਂ ਆਉਂਦਾ ਸਗੋਂ ਤੁੰਦਰਾ ਰਸ ਦਾ ਅਨੰਦ ਆਉਂਦਾ ਹੈ। ਉਸ ਨੂੰ ਕੀਰਤਨ ਦੀ ਨੀਂਦ ਕਹਿੰਦੇ ਨੇ। ਉਹ ਸੌਂ ਜਾਂਦੇ ਨੇ ਆ ਕੇ, ਜਾਗਰਤ ਸਾਵਧਾਨ ਨਹੀਂ ਰਹਿੰਦੇ। ਮਹਾਰਾਜ ਜੀ ਦਾ ਹੁਕਮ ਹੈ ਕਿ -

***ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥***
***ਸਾਵਧਾਨ ਏਕਾਗਰ ਚੀਤ॥*** *ਪੰਨਾ - 295*

ਸਾਵਧਾਨ ਹੋ ਕੇ ਬੈਠੋ, ਇਕ ਇਕ ਅੱਖਰ ਨੂੰ ਆਪਣੇ ਹਿਰਦੇ ਵਿਚ ਛਾਂਟ ਛਾਂਟ ਕੇ, ਵਿਚਾਰ-ਵਿਚਾਰ ਕੇ ਧਾਰਨ ਕਰਨਾ ਚਾਹੀਦਾ ਹੈ। ਸੋ ਇਨ੍ਹਾਂ ਨੂੰ 'ਊਂਘੇ' ਕਹਿੰਦੇ ਨੇ। ਇਹ ਕਿਸੇ ਨੂੰ

ਦੁਖ ਨਹੀਂ ਦਿੰਦੇ, ਚੁੱਪ ਕਰਕੇ ਆਪ ਹੀ ਸੌਂ ਜਾਂਦੇ ਨੇ।

ਚੌਥੇ ਹੁੰਦੇ ਨੇ ਜਿਹੜੇ ਇਕ ਇਕ ਬਚਨ ਨੂੰ ਹਿਰਦੇ ਵਿਚ ਧਾਰ ਕੇ, ਵਿਚਾਰ ਕੇ ਆਪਣੇ ਜੀਵਨ ਨੂੰ ਬਦਲਦੇ ਨੇ, ਉਨ੍ਹਾਂ ਨੂੰ 'ਚੂੰਘੇ' ਕਹਿੰਦੇ ਨੇ।

ਸੋ ਇਹ ਚਾਰ ਕਿਸਮ ਦੇ ਸਰੋਤੇ ਹੋਇਆ ਕਰਦੇ ਨੇ। ਇਕ ਤਾਂ ਜੱਜ ਬਣ ਕੇ ਆਉਂਦੇ ਨੇ ਕਿ ਫਲਾਣਾ ਐਓਂ ਬੋਲਦਾ ਹੈ, ਐਓਂ ਬੋਲਦਾ ਹੈ। ਆਪ ਕੁਝ ਨਹੀਂ ਕਰਨ ਜੋਗੇ, ਦੂਸਰਿਆਂ ਦੇ ਬਾਰੇ ਗੱਲਾਂ ਕਰਨੀਆਂ, ਨਿਰਣੇ ਦੇਣੇ, ਇਨ੍ਹਾਂ ਦਾ ਕੰਮ ਹੁੰਦਾ ਹੈ। ਸੋ ਇਸ ਤਰ੍ਹਾਂ ਦੀ ਬਿਰਤੀ ਨਾਲ ਆਉਣ ਦੇ ਨਾਲ ਕੋਈ ਅਸਰ ਨਹੀਂ ਹੋਇਆ ਕਰਦਾ। ਥੋੜ੍ਹਾ ਬਹੁਤਾ ਸੁਣਿਆ, ਜਦੋਂ ਜਾਣ ਲਗੇ ਤਾਂ ਕਹਿੰਦਾ ਕਿ ਸੰਤ ਤਾਂ ਬੜੇ ਵਧੀਆ, ਗਲਾ ਤਾਂ ਬੜਾ ਸੋਹਣਾ ਹੈ ਇਨ੍ਹਾਂ ਦਾ। ਆਹ ਜਿਹੜਾ ਰਬਾਬ ਵਜਾਉਂਦਾ ਹੈ ਇਹ ਤਾਂ ਕਮਾਲ ਹੀ ਕਰੀ ਜਾਂਦਾ ਹੈ, ਇਸ ਦੀਆਂ ਤਰਬਾਂ ਸੁਣੋ ਕਿਆ ਸੋਹਣੀਆਂ ਨੇ। ਉਪਰਲੀ-ਉਪਰਲੀ ਬਾਤ ਕਰਦਾ ਹੈ ਅੰਦਰਲੇ ਬਚਨ ਦੀ ਇਕ ਗੱਲ ਨਾ ਕਰੀ ਕਿ ਮਹਾਰਾਜ ਜੀ ਨੇ ਐਨੇ ਚਿਰ ਵਿਚ ਕਿਹਾ ਕੀ, ਕਿਉਂਕਿ ਉਸਦਾ ਅਧਿਕਾਰੀ ਨਹੀਂ ਸੀ ਅਜੇ, ਮੈਲ ਨਾਲ ਭਰਿਆ ਪਿਆ ਸੀ।

ਜਦੋਂ ਮਨ ਮੈਲਾ ਹੋਵੇ ਉਸ ਵੇਲੇ ਉਪਦੇਸ਼ ਦਾ ਅਸਰ ਨਹੀਂ ਹੋਇਆ ਕਰਦਾ। ਅਸਰ ਤਾਂ ਹੁੰਦਾ ਹੈ ਜੇ ਹਿਰਦਾ ਨਿਰਮਲ ਹੋਵੇ। ਜਿਸ ਤਰ੍ਹਾਂ ਜੇ ਕੱਪੜਾ ਮੈਲਾ ਹੋਵੇ ਤਾਂ ਉਸ ਦੇ ਉਤੇ ਰੰਗ ਨਹੀਂ ਚੜ੍ਹਿਆ ਕਰਦਾ। ਰੰਗ ਓਸ ਕੱਪੜੇ ਤੇ ਚੜ੍ਹਦਾ ਹੈ ਜਿਹੜਾ ਧੋ ਕੇ ਸਵੱਛ ਕੀਤਾ ਹੋਵੇ ਫੇਰ ਰੰਗ ਚੜ੍ਹਦਾ ਹੈ ਪੂਰਾ-ਪੂਰਾ।

ਸੋ ਰੰਗ ਨਹੀਂ ਚੜ੍ਹਿਆ ਇਸ ਦੀ ਬਿਰਤੀ ਤੇ। ਗੱਲਾਂ-ਬਾਤਾਂ ਕਰਦਾ ਗਿਆ, ਹਾਂ-ਹੂੰ ਕਰਦਾ ਗਿਆ। ਉਹ ਪ੍ਰੇਮੀ ਸੁਣਾਉਂਦਾ ਗਿਆ। ਉਸ ਦਾ ਵੀ ਅਸਰ ਨਹੀਂ ਹੋਇਆ।

ਦੂਸਰੇ ਦਿਨ ਆਪਣੇ ਵਾਇਦੇ ਦੇ ਮੁਤਾਬਕ ਫੇਰ ਆਇਆ ਤੇ ਜਿਸ ਵਕਤ ਚਲਦਾ-ਚਲਦਾ ਉਥੇ ਆਇਆ ਦੁਰਾਹੇ ਤੇ ਤਾਂ ਕਹਿਣ ਲੱਗਿਆ ਕਿ ਭਾਈ! ਤੂੰ ਆਏਂ ਕਰ ਕਿ ਅੱਜ ਤਾਂ ਮੇਰਾ ਜੀਅ ਨਹੀਂ ਕਰਦਾ ਉਥੇ ਜਾਣ ਨੂੰ ਤੇ ਮੈਨੂੰ ਅੱਜ ਏਧਰ ਕੰਮ ਹੈ। ਉਸ ਦੀ ਵਜ੍ਹਾ ਕੀ ਸੀ ਕਿ ਓਸ ਬਸਤੀ ਦੀ ਇਕ ਇਸਤ੍ਰੀ ਕੋਲੋਂ ਦੀ ਲੰਘੀ ਓਸ ਦੀ ਸੂਰਤ ਦੇਖ ਲਈ। ਜਿਹੜੀਆਂ ਮੰਦ ਵਾਸ਼ਨਾਵਾਂ ਸਨ ਓਹ ਜਾਗ ਪਈਆਂ। ਸਤਿਸੰਗ ਪਿਛੇ ਰਹਿ ਗਿਆ ਤੇ ਪਾਪ ਅੱਗੇ ਆ ਗਿਆ -

***ਧਾਰਨਾ - ਪਾਪੀ ਬੰਦਿਆਂ ਨੂੰ ਪਾਪ ਪਿਆਰਾ,***
***ਭਗਤੀ ਨਾ ਭਾਵੇ ਰੱਬ ਦੀ -2, 2.***
***ਮੇਰੇ ਪਿਆਰੇ, ਭਗਤੀ ਨਾ ਭਾਵੇ ਰੱਬ ਦੀ -2, 2.***
***ਪਾਪੀ ਬੰਦਿਆਂ ਨੂੰ ਪਾਪ ਪਿਆਰਾ,...... -2.***

ਖੁਸ਼ਬੂਆਂ, ਖੁਸ਼ਬੂਦਾਰ ਫੁੱਲਾਂ ਤੇ ਮੱਖੀ ਨਹੀਂ ਕਦੇ ਵੀ ਜਾਂਦੀ, ਜਿਥੇ ਗੰਦ-ਮੰਦ ਹੋਏਗਾ ਉਥੇ ਨੱਠੀ ਜਾਏਗੀ। ਇਸੇ ਤਰ੍ਹਾਂ ਦੇ ਨਾਲ ਜਿਸ ਦਾ ਮਨ ਮੈਲਾ ਹੈ, ਪਾਪ ਵਿਚ ਪ੍ਰਵਿਰਤ ਹੈ ਉਸ ਨੂੰ ਹਰੀ ਦਾ ਜਸ ਨਹੀਂ ਚੰਗਾ ਲੱਗਿਆ ਕਰਦਾ, ਭਗਤੀ ਨਹੀਂ ਉਸ ਨੂੰ ਭਾਉਂਦੀ, ਨਾ ਚਿੱਤ ਲੱਗੇ। ਸੋ ਇਸ ਕਰਕੇ ਕਹਿਣ ਲੱਗਿਆ ਕਿ ਭਾਈ! ਮੈਂ ਤਾਂ ਏਧਰ ਜਾਣਾ ਹੈ, ਮੈਨੂੰ ਕੰਮ ਹੈ ਏਧਰ; ਪਰ ਗੱਲ ਨਹੀਂ ਦੱਸਦਾ। ਕਹਿੰਦਾ, ਜਦੋਂ ਤੇਰਾ ਕੰਮ ਹੋ ਜਾਵੇ ਤਾਂ ਤੂੰ ਚਲਿਆ ਜਾਈਂ, ਜਦੋਂ ਮੇਰਾ ਹੋਏਗਾ ਮੈਂ ਚਲਿਆ ਜਾਵਾਂਗਾ। ਸੋ ਓਸ ਵੇਲੇ ਉਹ ਓਧਰ ਜਾਂਦਾ ਹੈ ਤੇ ਪਾਪ ਕਰਮ ਕਰਦਾ ਹੈ ਤੇ ਇਹ ਹਰੀ ਦਾ ਜਸ ਸੁਣਦਾ ਹੈ। ਦੂਸਰੇ ਦਿਨ ਫੇਰ ਨਾਲ ਤੁਰ ਪੈਂਦਾ ਹੈ ਕਿਉਂਕਿ ਹਿੰਮਤ ਇਸ ਦੇ ਵਿਚ ਵੀ ਹੁੰਦੀ ਹੈ, ਬੰਦਗੀ ਕਰਨ ਵਾਲੇ ਵਿਚ ਵੀ ਹੁੰਦੀ ਹੈ ਪਰ ਇਸ ਦੀ ਹਿੰਮਤ ਤਾਂ ਪਾਪ ਵਾਸਤੇ ਹੋਇਆ ਕਰਦੀ ਹੈ। ਏਸ ਤਰ੍ਹਾਂ ਮਹਾਰਾਜ ਜੀ ਫੁਰਮਾਨ ਕਰਦੇ ਨੇ -

***ਧਾਰਨਾ - ਮੰਦੇ ਕੰਮਾਂ ਨੂੰ ਸ਼ੇਰ ਬਣ ਜਾਵੇ,***
***ਚੰਗਿਆਂ ਤੋਂ ਆਲਸ ਕਰੇ -2, 2.***
***ਮੇਰੇ ਪਿਆਰੇ, ਚੰਗਿਆਂ ਤੋਂ ਆਲਸ ਕਰੇ -2, 2.***
***ਮੰਦੇ ਕੰਮਾਂ ਨੂੰ ਸ਼ੇਰ ਬਣ ਜਾਵੇ,......... -2.***

***ਚੰਗਿਆਈ ਆਲਕੁ ਕਰੇ ਬੁਰਿਆਈ ਹੋਇ ਸੇਰੁ॥***
***ਪੰਨਾ - 518***

ਮਾੜਾ ਕੰਮ ਕਰਨਾ ਹੋਵੇ, ਚੋਰੀ ਕਰਨੀ ਹੋਵੇ, ਕੋਈ ਠੱਗੀ ਮਾਰਨੀ ਹੋਵੇ, ਸ਼ੇਰ ਵਰਗੀ ਹਿੰਮਤ ਆ ਜਾਂਦੀ ਹੈ। ਸਾਰੀ ਰਾਤ ਸਿਨੇਮੇ ਦਾ ਖੇਲ੍ਹ ਦੇਖੀ ਜਾਏਗਾ ਪਰ ਜੇ ਹਰੀ ਦਾ ਜਸ ਸੁਣਨਾ ਹੋਵੇ ਤਾਂ ਕਹਿੰਦੈ, ਮੈਨੂੰ ਤਾਂ ਫੁਰਸਤ ਨਹੀਂ, ਨੀਂਦ ਆਉਂਦੀ ਹੈ। ਅੰਮ੍ਰਿਤ ਵੇਲੇ ਜਾਗ ਕੇ ਜਾਣਾ ਹੋਵੇ 'ਆਸਾ ਦੀ ਵਾਰ' ਸੁਣਨ ਵਾਸਤੇ ਤਾਂ ਕਹਿੰਦਾ, ਜੀ! ਠੰਡ ਲਗਦੀ ਹੈ। ਹੋਰ ਕੋਈ ਕੰਮ ਕਰਨਾ ਹੋਵੇ ਗਲਤ ਤਾਂ ਉਸੇ ਵੇਲੇ ਤੁਰ ਪੈਂਦਾ ਹੈ। ਸੋ ਇਹ ਕੁਦਰਤੀ ਸੁਭਾਅ ਹੈ। ਆਪਣੀ-ਆਪਣੀ ਚੋਣ ਹੈ, ਬੰਦਗੀ ਕਰਨ ਵਾਲੇ ਬੰਦਗੀ ਦਾ ਰਸ ਲੈਂਦੇ ਨੇ। ਗਲਤ ਕੰਮ ਜਿਹੜੇ ਕਰਦੇ ਨੇ ਉਨ੍ਹਾਂ ਦੀ ਬਿਰਤੀ ਉਧਰ ਨੂੰ ਪ੍ਰਵਿਰਤ ਹੋਣ ਕਰਕੇ ਉਹ ਓਧਰ ਚਲੇ ਜਾਂਦੇ ਨੇ। ਜੇ ਕਾਂ ਨੂੰ ਕਹੋ ਕਿ ਤੂੰ ਕਪੂਰ ਖਾ ਲੈ, ਕਦੇ ਨਹੀਂ ਖਾਏਗਾ, ਉਹ ਹਮੇਸ਼ਾ ਦੁਰਗੰਧ ਹੀ ਖਾਏਗਾ। ਸਰਵਰ ਇਕੋ ਹੀ ਹੁੰਦਾ ਹੈ, ਹੰਸ ਆ ਕੇ ਉਥੇ ਮੋਤੀ ਭਾਲਦੇ ਨੇ; ਜਿਹੜੇ ਬਗਲੇ ਨੇ, ਕਾਂ ਨੇ, ਉਨ੍ਹਾਂ ਦੀ ਖੁਰਾਕ ਉਹ ਨਹੀਂ ਹੈ, ਉਨ੍ਹਾਂ ਦੀ ਖੁਰਾਕ ਹੋਰ ਹੈ। ਏਸ ਤਰ੍ਹਾਂ ਨਾਲ ਫੁਰਮਾਨ ਹੈ-

***ਧਾਰਨਾ - ਹੰਸ ਚੋਗ ਮੋਤੀਆਂ ਦਾ ਚੁਗਦੇ,***
***ਡੱਡਾਂ ਖਾਣ ਕਾਗ ਬਗਲੇ -2, 2.***
***ਮੇਰੇ ਪਿਆਰੇ, ਡੱਡਾਂ ਖਾਣ ਕਾਗ ਬਗਲੇ -2, 2.***
***ਹੰਸ ਚੋਗ ਮੋਤੀਆਂ ਦਾ ਚੁਗਦੇ, ..........-2***

***ਸਰਵਰ ਹੰਸ ਧੁਰੇ ਹੀ ਮੇਲਾ ਖਸਮੈ ਏਵੈ ਭਾਣਾ॥***
***ਸਰਵਰ ਅੰਦਰਿ ਹੀਰਾ ਮੋਤੀ ਸੋ ਹੰਸਾ ਕਾ ਖਾਣਾ॥***
***ਪੰਨਾ - 956***

ਮੰਦ ਵਾਸ਼ਨਾ ਵਾਲਾ, ਵਿਸ਼ੇ-ਵਿਕਾਰਾਂ ਨਾਲ ਪਿਆਰ ਕਰਨ ਵਾਲਾ ਕਿਵੇਂ ਗੁਰੂ ਨਾਨਕ ਸਾਹਿਬ ਦੀ ਸੰਗਤ ਵਿਚ ਆ ਸਕਦਾ ਸੀ? ਇਸ ਤਰ੍ਹਾਂ ਦੇ ਨਾਲ ਰੋਜ਼ ਨਾਲ ਆਉਂਦਾ ਹੈ, ਜਿਥੇ ਦੁਰਾਹਾ ਆ ਜਾਂਦਾ ਹੈ ਉਥੋਂ ਮੰਦ ਵਾਸ਼ਨਾ ਵਾਲਾ ਓਧਰ ਨੂੰ ਚਲਿਆ ਜਾਂਦਾ ਹੈ ਤੇ ਗੁਰਮੁਖ ਪਿਆਰਾ ਏਧਰ ਆ

ਜਾਂਦਾ ਹੈ।

ਸੋ ਮਹਾਰਾਜ ਜੀ ਕਹਿੰਦੇ, ਇਹ ਲੋਕ ਮਨਮੁਖ ਹੋਇਆ ਕਰਦੇ ਨੇ। ਕਿਸੇ ਗੁਰੂ ਪੀਰ, ਕਿਸੇ ਸੰਤ ਮਹਾਂਪੁਰਸ਼ ਦੀ ਬਾਤ ਨਹੀਂ ਇਹ ਸੁਣਿਆ ਕਰਦੇ, ਆਪਣੇ ਮਨ ਦੇ ਮਾਲਕ ਹੁੰਦੇ ਨੇ ਤੇ ਮਨ ਦੀ ਵਾਸ਼ਨਾ ਦੇ ਅਧੀਨ ਹੋ ਕੇ ਚਲਦੇ ਨੇ। ਇਸ ਦਾ ਨਤੀਜਾ ਕੀ ਹੁੰਦਾ ਕਿ –

***ਮਨਮੁਖੁ ਦੁਖ ਕਾ ਖੇਤੁ ਹੈ ਦੁਖੁ ਬੀਜੇ ਦੁਖੁ ਖਾਇ॥***
***ਦੁਖ ਵਿਚਿ ਜੰਮੈ ਦੁਖਿ ਮਰੈ ਹਉਮੈ ਕਰਤ ਵਿਹਾਇ॥***
***ਪੰਨਾ – 947***

***ਮਨਮੁਖਿ ਆਵੈ ਮਨਮੁਖਿ ਜਾਵੈ॥***
***ਮਨਮੁਖਿ ਫਿਰਿ ਫਿਰਿ ਚੋਟਾ ਖਾਵੈ॥***
***ਜਿਤਨੇ ਨਰਕ ਸੇ ਮਨਮੁਖਿ ਭੋਗੈ***
***ਗੁਰਮੁਖਿ ਲੇਪੁ ਨ ਮਾਸਾ ਹੇ॥ ਪੰਨਾ – 1073***

ਜਿੰਨੇ ਵੀ ਨਰਕ ਨੇ, 18 ਨਰਕ ਵੀ ਕਹਿੰਦੇ ਨੇ, ਚੌਰਾਸੀ ਵੀ ਕਹਿੰਦੇ ਨੇ ਪਰ ਮਹਾਰਾਜ ਜੀ ਕਹਿੰਦੇ ਚਾਹੇ ਪੰਜ ਸੌ ਨਰਕ ਹੈ ਇਹ ਸਾਰੇ ਮਨਮੁਖ ਨੇ ਭੋਗਣੇ ਹੀ ਭੋਗਣੇ ਨੇ –

***ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ॥***
***ਪੰਨਾ – 450***

ਇਸੇ ਤਰ੍ਹਾਂ ਇਹ ਵਾਹਿਗੁਰੂ ਨੂੰ ਭਾਉਂਦਾ ਹੈ ਕਿ ਇਨ੍ਹਾਂ ਨੇ ਨਰਕਾਂ ਦੇ ਵਿਚ ਜਾਣਾ ਹੀ ਜਾਣਾ ਹੈ। ਇਹ ਆਪ ਵੀ ਡੁਬਦੇ ਨੇ ਤੇ ਨਾਲ ਦਿਆਂ ਨੂੰ ਵੀ ਡੋਬ ਦਿੰਦੇ ਨੇ –

***ਧਾਰਨਾ – ਡੁੱਬ ਗਏ ਸਣ-ਪਰਵਾਰੇ,***
***ਮਨਮੁਖ ਡੁੱਬ ਗਏ, ਮਨਮੁਖ ਡੁੱਬ ਗਏ –2, 2.***
***ਡੁੱਬ ਗਏ ਸਣ-ਪਰਵਾਰੇ,***
***ਮਨਮੁਖ ਡੁੱਬ ਗਏ, ਮਨਮੁਖ ਡੁੱਬ ਗਏ –2, 2.***

ਆਪ ਵੀ ਡੁਬਦਾ ਹੈ, ਪਰਿਵਾਰ ਨੂੰ ਵੀ ਲੈ ਕੇ ਡੁਬਦਾ ਹੈ, ਜਿਹੜਾ ਉਸ ਦਾ ਮਿੱਤਰ ਹੁੰਦਾ ਹੈ ਉਸ ਨੂੰ ਵੀ ਲੈ ਕੇ ਡੁੱਬਦਾ ਹੈ। ਮਹਾਰਾਜ ਜੀ ਕਹਿੰਦੇ –

***ਮਨਮੁਖ ਦੁਬਿਧਾ ਦੁਰਮਤਿ ਬਿਆਪੇ***
***ਜਿਨ ਅੰਤਰਿ ਮੋਹ ਗੁਬਾਰੀ॥ ਪੰਨਾ – 507***

ਖੋਟੀ ਮਤਿ ਵਿਚ ਵਿਆਪੇ ਹੋਏ, ਦੁਬਿਧਾ 'ਚ ਪਏ ਹੋਏ ਮਨਮੁਖਾਂ ਅੰਦਰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦਾ ਗੁਬਾਰ ਚੜ੍ਹਿਆ ਹੋਇਆ ਹੈ ਹਨ੍ਹੇਰਾ ਹੈ ਉਨ੍ਹਾਂ ਦੇ ਅੰਦਰ –

***ਸੰਤ ਜਨਾ ਕੀ ਕਥਾ ਨ ਭਾਵੈ ਓਇ ਡੂਬੇ ਸਣੁ ਪਰਵਾਰੀ॥***
***ਪੰਨਾ – 507***

ਨਾ ਆਪ ਸੁਣਨਾ ਹੈ ਨਾ ਕਿਸੇ ਨੂੰ ਆਉਣ ਦੇਣਾ ਹੈ, ਜੇ ਕੋਈ ਆਉਂਦਾ ਵੀ ਹੈ ਉਸ ਨੂੰ ਵੀ ਹਟਾਉਣ ਦੀ ਕੋਸ਼ਿਸ਼ ਕਰਨੀ। ਬਹੁਤ ਸਾਰੇ ਪ੍ਰੇਮੀ ਆਉਂਦੇ ਨੇ ਕਹਿੰਦੇ, "ਬਾਬਾ ਜੀ! ਸਾਨੂੰ ਆਉਣ ਨਹੀਂ ਦਿੰਦੇ ਸਾਡੇ ਘਰ ਦੇ।" ਕੋਈ ਕਹਿੰਦੀ ਹੈ ਕਿ ਮੇਰਾ ਪਤੀ ਨਹੀਂ ਆਉਣ ਦਿੰਦਾ, ਕਹਿੰਦਾ, ਜਾਣਾ ਹੀ ਨਹੀਂ ਹੈ। ਕੋਈ ਕਹਿੰਦਾ ਜੀ! ਮੇਰਾ ਪਿਤਾ ਨਹੀਂ ਆਉਣ ਦਿੰਦਾ, ਮੇਰਾ ਭਰਾ ਨਹੀਂ ਆਉਣ ਦਿੰਦਾ। ਇਕ ਇਥੇ ਪ੍ਰੇਮੀ ਦੱਸੇ ਕਿ ਮੇਰਾ ਭਰਾ ਨਹੀਂ ਜੀ ਆਉਣ ਦਿੰਦਾ।

ਮੈਂ ਕਿਹਾ, "ਭਰਾ ਵੀ ਰੋਕ ਲੈਂਦੇ ਨੇ? ਤੂੰ ਉਥੇ ਆ ਜਾ, ਟਿਕਿਆ ਰਹਿ ਅਰਾਮ ਨਾਲ, ਤੈਨੂੰ ਲੈ ਜਾਣਗੇ ਜੇ ਲੋੜ ਹੋਈ ਤਾਂ.....।"

ਕਹਿੰਦਾ, "ਇਥੇ ਆਉਣ ਹੀ ਨਹੀਂ ਦਿੰਦੇ, ਉਨ੍ਹਾਂ ਨੂੰ ਹਰਿ ਜਸ ਦੀ ਕਥਾ ਨਹੀਂ ਭਾਉਂਦੀ। ਨਤੀਜਾ ਕੀ ਹੁੰਦਾ ਹੈ?

ਉਹ ਆਪ ਵੀ ਡੁੱਬ ਜਾਂਦੇ ਨੇ ਤੇ ਪਰਿਵਾਰ ਨੂੰ ਵੀ ਡੋਬ ਦਿੰਦੇ ਨੇ। ਸੰਗਤ ਦਾ ਫਲ ਬਹੁਤ ਉਤਮ ਹੋਇਆ ਕਰਦਾ ਹੈ; ਕੁਸੰਗ ਦਾ ਫਲ ਨਰਕਾਂ ਵਿਚ ਲੈ ਜਾਇਆ ਕਰਦਾ ਹੈ। ਕੁਸੰਗੀ ਪੁਰਸ਼ ਆਪ ਵੀ ਡੁੱਬਦਾ ਹੈ ਤੇ ਜਿਹੜਾ ਓਸ ਦੀ ਸੰਗਤ ਵਿਚ ਬੈਠਦਾ ਹੈ ਉਸ ਨੂੰ ਵੀ ਉਹ ਡੋਬ ਦਿੰਦਾ ਹੈ। ਇਸੇ ਕਰਕੇ ਸਾਕਤ ਦੀ ਕੀਤੀ ਹੋਈ ਸੰਗਤ ਧਰਮਰਾਜ ਦੀ ਦਰਗਾਹ ਵਿਚ ਜਾ ਕੇ ਜਵਾਬ ਤਲਬੀ ਕਰਾਉਂਦੀ ਹੈ। ਜਿਹੜੀ ਗੁਰਮੁਖ ਦੀ ਸੰਗਤ ਹੈ ਉਹ ਧਰਮਰਾਜ ਦੇ ਰਸਤੇ ਜਾਂਦੀ ਹੀ ਨਹੀਂ, ਉਹ ਤਾਂ ਸਿੱਧੀ ਹੀ ਗੁਰੂ ਦੇ ਰਸਤੇ ਜਾਂਦੀ ਹੈ। ਸੋ ਸੰਗ ਤੇ ਕੁਸੰਗ ਦੇ ਵਾਸਤੇ ਐਸਾ ਫੁਰਮਾਨ ਆਉਂਦਾ ਹੈ ਬਾਣੀ ਦੇ ਅੰਦਰ –

***ਧਾਰਨਾ – ਲੇਖਾ ਪੈ ਜੂ ਦਰਗਾਹ ਵਿਚ ਦੇਣਾ,***
***ਸਾਕਤਾਂ ਦਾ ਸੰਗ ਨਾ ਕਰੀਂ –2, 2.***
***ਮੇਰੇ ਪਿਆਰੇ, ਸਾਕਤਾਂ ਦਾ ਸੰਗ ਨਾ ਕਰੀਂ –2, 2.***
***ਲੇਖਾ ਪੈ ਜੂ ਦਰਗਾਹ ਵਿਚ ਦੇਣਾ,...... –2.***

***ਕਬੀਰ ਚਾਵਲ ਕਾਰਨੇ ਤੁਖ ਕਉ ਮੁਹਲੀ ਲਾਇ॥***
***ਸੰਗਿ ਕੁਸੰਗੀ ਬੈਸਤੇ ਤਬ ਪੂਛੇ ਧਰਮ ਰਾਇ॥***
***ਪੰਨਾ – 1375***

***ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੈ ਨਿਰਬਾਹੁ॥***
***ਸਾਕਤ ਸੰਗੁ ਨ ਕੀਜੀਐ ਜਾ ਤੇ ਹੋਇ ਬਿਨਾਹੁ॥***
***ਪੰਨਾ – 1369***

***ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ॥***
***ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ॥***
***ਪੰਨਾ – 1371***

***ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ॥***
***ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ॥***
***ਪੰਨਾ – 1369***

ਸੋ ਸੰਗਤ ਦੇ ਫਾਇਦੇ ਤੇ ਕੁਸੰਗ ਦਾ ਮਾੜਾ ਨਤੀਜਾ; ਬੜਾ ਸਮਝਾਉਂਦਾ ਹੈ ਉਹ ਪ੍ਰੇਮੀ ਓਸ ਨੂੰ, ਰੋਜ਼ ਕਹਿੰਦਾ ਹੈ ਪਰ ਉਹ ਕਹਿੰਦਾ, "ਪ੍ਰੇਮੀਆ! ਤੂੰ ਆਪਣੀ ਗੱਲ ਕਰੀ ਜਾਹ ਤੇ ਜੋ ਮੈਨੂੰ ਅਨੰਦ ਆਉਂਦਾ ਹੈ ਵਿਸ਼ਿਆਂ 'ਚੋਂ, ਉਹ ਮੈਂ ਤੈਨੂੰ ਕਿਵੇਂ ਦੱਸ ਸਕਦਾ ਹਾਂ? ਤੁਸੀਂ ਉਥੇ ਜਾਂਦੇ ਹੋ ਜਾ ਕੇ ਬੈਠੇ ਰਹਿੰਦੇ ਹੋ, ਉਹ ਬੋਲੀ ਜਾਂਦੇ ਨੇ, ਤੁਹਾਨੂੰ ਕੀ ਮਿਲਦਾ ਹੈ? ਕੁਝ ਮਿਲਦਾ ਤਾਂ ਹੈ ਨਹੀਂ।"

ਸੋ ਏਸ ਤਰ੍ਹਾਂ ਦੇ ਨਾਸਤਿਕਤਾ ਦੇ ਬਚਨ ਉਹ ਹਰ ਰੋਜ਼ ਕਰਦਾ ਹੈ ਪਰ ਜੋ ਗੁਰਮੁਖ ਪਿਆਰਾ ਹੈ ਤੇ ਹੁਣ ਰਾਤ ਵੀ ਉਥੇ ਹੀ ਰਹਿੰਦਾ ਹੈ, ਸੇਵਾ ਕਰਦਾ ਹੈ, ਅੰਮ੍ਰਿਤ ਵੇਲੇ ਦੀ ਜਾਗ ਵਿਚ ਪੱਕਾ ਹੋ ਗਿਆ। ਦਿਨ ਵਿਚ ਆ ਕੇ ਕੰਮ ਕਾਰ ਕਰਦਾ ਹੈ, 'ਸੋ ਦਰੁ ਰਹਿਰਾਸ' ਵੇਲੇ ਜਾ ਕੇ ਫੇਰ ਸਾਰੀ ਰਾਤ ਮਹਾਰਾਜ ਜੀ ਦੀ ਚਰਨ ਸ਼ਰਨ 'ਚ ਰਹਿੰਦਾ ਹੈ, ਸੇਵਾ ਕਰਦਾ ਹੈ ਤੇ ਉਹ ਦੂਸਰੇ ਨੂੰ ਬੜਾ ਸਮਝਾਉਂਦਾ ਹੈ ਕਿ ਨਾ ਪ੍ਰੇਮੀਆ!

ਇਹ ਮਾਨਸ ਜਨਮ ਬੜੀ ਮੁਸ਼ਕਲ ਨਾਲ ਹੱਥ ਆਇਆ ਹੈ, ਇਸ ਨੂੰ ਵਿਸ਼ਿਆਂ ਦੀ ਅੱਗ ਵਿਚ ਜਾਲ ਕੇ ਕੋਲੇ ਨਾ ਬਣਾ। ਇਹ ਚੌਵੀ ਹਜ਼ਾਰ ਸੁਆਸ ਪ੍ਰਮੇਸ਼ਰ ਦਾ ਨਾਮ ਜਪਣ ਵਾਸਤੇ ਤੈਨੂੰ ਮਿਲਿਆ ਹੈ। ਜੇ ਥੋੜ੍ਹੇ ਜਿਹੇ ਸੁਆਸ ਵੀ ਵਾਹਿਗੁਰੂ ਵੱਲ ਲਾਵੇਂ ਤਾਂ ਵੀ ਤੇਰਾ ਫਾਇਦਾ ਹੋ ਜਾਵੇਗਾ ਤੇ ਜੇ ਨਾ ਲਾਇਆ ਤਾਂ ਇਹ ਜਿਹੜੇ ਮੰਦੇ ਕੰਮ ਨੇ ਜਦੋਂ ਇਨ੍ਹਾਂ ਦਾ ਲੇਖਾ ਪੱਤਾ ਹੋਣਾ ਹੈ ਉਸ ਵੇਲੇ ਔਖਾ ਹੋਵੇਂਗਾ –

***ਧਾਰਨਾ – ਜਿੰਦੇ ਰੋਵੇਂਗੀ ਤੇ ਰੋ-ਰੋ ਪਛੋਤਾਵੇਂਗੀ,***
***ਫੇਰ ਤੇਰਾ ਕੋਈ ਨਾ ਬਣੇ –2, 2.***
***ਫੇਰ ਤੇਰਾ ਜੀ, ਕੋਈ ਨਾ ਬਣੇ –2, 2.***
***ਜਿੰਦੇ ਰੋਵੇਂਗੀ ਤੇ ਰੋ-ਰੋ ਪਛੋਤਾਵੇਂਗੀ,.. –2.***

***ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ॥***
***ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ॥***
***ਸੰਨ੍ਹੀ ਦੇਨਿ ਵਿਖੰਮ ਥਾਇ ਮਿਠਾ ਮਦੁ ਮਾਣੀ॥***
***ਕਰਮੀ ਆਪੋ ਆਪਣੀ ਆਪੇ ਪਛੁਤਾਣੀ॥***
***ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥***
***ਪੰਨਾ – 315***

***ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ॥***
***ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ॥***
***ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥***
***ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੁਆਇਆ॥***
***ਮਨਿ ਅੰਧੈ ਜਨਮੁ ਗਵਾਇਆ॥ ਪੰਨਾ – 464***

ਏਸ ਤਰ੍ਹਾਂ ਦੇ ਨਾਲ ਅਨੇਕ ਉਪਦੇਸ਼ ਜੋ ਗੁਰੂ ਮਹਾਰਾਜ ਜੀ ਦੇ ਮੁਖਾਰਬਿੰਦ ਤੋਂ ਸਰਵਣ ਕਰਦਾ ਸੀ ਤੇ ਹਿਰਦੇ ਵਿਚ ਧਾਰਦਾ ਸੀ ਉਹ ਏਸ ਨੂੰ ਸੁਣਾਉਂਦਾ ਹੈ ਪਰ ਏਸ ਉਤੇ ਕੋਈ ਅਸਰ ਨਹੀਂ ਹੁੰਦਾ। ਅਖੀਰ ਕਾਫੀ ਸਮਾਂ ਲੰਘ ਗਿਆ ਰੋਜ਼ ਜਾਂਦਿਆਂ ਨੂੰ। ਉਹ ਕੁਸੰਗ ਦੀ ਵਾਰਤਾ ਕਰਦਾ ਹੈ, ਇਹ ਸਤਿਸੰਗ ਦੀ ਕਰਦੇ ਨੇ। ਉਹ ਕਹਿਣ ਲੱਗਿਆ ਕਿ ਇਉਂ ਕਰੀਂ, ਅੱਜ ਤੂੰ ਵੀ ਇਥੇ ਬੈਠੀਂ, ਮੇਰਾ ਇੰਤਜ਼ਾਰ ਕਰੀਂ ਜੇ ਤੂੰ ਪਹਿਲਾਂ ਆ ਗਿਆ। ਜੇ ਮੈਂ ਪਹਿਲਾਂ ਆ ਗਿਆ ਤਾਂ ਮੈਂ ਤੇਰਾ ਇੰਤਜ਼ਾਰ ਕਰਾਂਗਾ। ਕਹਿੰਦੇ ਠੀਕ ਹੈ, ਫੇਰ ਵਾਪਸੀ ਤੇ ਇਕੱਠੇ ਚਲਾਂਗੇ ਤੇ ਜਿਹੜੀ ਗੱਲ ਆਪਣੀ ਵਿਚਾਲੇ ਰਹਿ ਗਈ ਉਹ ਮੁੜਦੇ ਹੋਏ ਕਰਾਂਗੇ।

ਸੋ ਉਹ ਪ੍ਰੇਮੀ ਗੁਰੂ ਨਾਨਕ ਪਾਤਿਸ਼ਾਹ ਦੀ ਸੰਗਤ ਵਿਚ ਚਲਿਆ ਗਿਆ ਤੇ ਦੂਸਰਾ ਕੁਸੰਗ ਵਿਚ ਚਲਿਆ ਗਿਆ ਤੇ ਅੱਜ ਉਹ ਔਰਤ ਘਰ ਨਹੀਂ ਸੀ ਜਿਸ ਦੇ ਕੋਲ ਜਾਇਆ ਕਰਦਾ ਸੀ, ਕਿਤੇ ਹੋਰ ਗਈ ਹੋਈ ਸੀ ਤੇ ਇਹ ਵਾਪਸ ਆ ਗਿਆ ਤੇ ਜਿਸ ਦਰਖਤ ਦੇ ਥੱਲੇ ਇਨ੍ਹਾਂ ਨੇ ਇਕੱਠੇ ਹੋਣਾ ਮਿਥਿਆ ਸੀ, ਇਥੇ ਆ ਕੇ ਉਡੀਕ ਕਰੀ, ਇਹ ਉਥੇ ਆ ਕੇ ਦਰਖਤ ਥੱਲੇ ਬੈਠ ਗਿਆ। ਹੁਣ ਸਮਾਂ ਨਹੀਂ ਲੰਘਦਾ। ਇਸ ਨੇ ਇਕ ਡੱਕਾ ਚੁੱਕ ਲਿਆ, ਉਸ ਦੇ ਨਾਲ ਮਿੱਟੀ ਖੁਰਚਣ ਲੱਗ ਗਿਆ। ਕਰਦੇ-ਕਰਦੇ ਥੋੜ੍ਹੀ ਦੇਰ ਤੋਂ ਬਾਅਦ ਚੰਨ ਚਾਨਣੇ ਵਿਚ ਧਿਆਨ ਨਾਲ ਦੇਖਦਾ ਹੈ ਕਿ ਇਕ ਮੋਹਰ ਪਈ ਹੈ, ਮੋਹਰ ਹੱਥ ਵਿਚ ਆ ਗਈ। ਮਨ ਵਿਚ ਕਹਿੰਦਾ ਕਿ ਕੁਸੰਗ ਵਿਚ ਚਾਹੇ ਮੈਂ ਜਾਂਦਾ ਹਾਂ ਪਰ ਮੈਨੂੰ ਤਾਂ ਮੋਹਰ ਲੱਭ ਗਈ, ਸੋਨੇ ਦੀ ਮੋਹਰ। ਬੜਾ ਖੁਸ਼ ਹੋ ਗਿਆ, ਫੇਰ ਹੋਰ ਪੁੱਟਣਾ ਸ਼ੁਰੂ ਕਰ ਦਿੱਤਾ ਤੇ ਪੁਟਦੇ-ਪੁਟਦੇ ਇਕ ਬਰਤਨ ਨਾਲ ਇਸ ਦਾ ਡੱਕਾ ਲੱਗਿਆ। ਹੱਥ ਨਾਲ ਟੋਹਿਆ ਕਿ ਇਹ ਤਾਂ ਬਰਤਨ ਹੈ ਮੋਹਰਾਂ ਦਾ ਭਰਿਆ ਹੋਏਗਾ, ਬੜੀਆਂ ਖੁਸ਼ੀਆਂ ਮਨ ਵਿਚ ਆਈਆਂ ਕਿ ਅੱਜ ਤਾਂ ਖੱਟਣ ਖੱਟ ਲਿਆ ਤੇ ਅੱਜ ਦੇਖਦੇ ਹਾਂ ਕਿ ਉਹ ਕੀ ਖੱਟ ਕੇ ਲਿਆਉਂਦਾ ਹੈ। ਜਦੋਂ ਪੁਟਿਆ ਤਾਂ ਗਾਗਰ ਬਾਹਰ ਕੱਢ ਲਈ। ਜਦੋਂ ਪਲਟਾਈ ਤਾਂ ਸਭ ਕੋਲੇ ਹੀ ਕੋਲੇ ਨਿਕਲੇ। ਕੋਈ ਖਿਆਲ ਨਹੀਂ। ਕਹਿੰਦਾ, ਚਲੋ ਗਾਗਰ ਹੀ ਲੱਭ ਗਈ ਸਹੀ। ਏਨੇ ਨੂੰ ਉਹ ਪ੍ਰੇਮੀ ਆ ਗਿਆ ਮਹਾਰਾਜ ਜੀ ਦੀ ਸੰਗਤ ਕਰਕੇ ਤੇ ਲੰਗੜਾਅ ਕੇ ਤੁਰ ਰਿਹਾ ਹੈ। ਇਕ ਪੈਰ ਵਿਚ ਜੁੱਤੀ ਅੱਡੀ ਕੋਲੋਂ ਚਿੱਬੀ ਕਰੀ ਹੋਈ ਹੈ, ਦੂਜੇ ਪੈਰ ਵਾਲੀ ਸਾਬਤ ਹੈ ਤੇ ਲੰਗ ਮਾਰਦਾ ਆ ਰਿਹਾ ਹੈ। ਪੱਟੀ ਬੰਨ੍ਹੀ ਹੋਈ ਹੈ। ਇਹ ਦੂਰੋਂ ਹੀ ਉਸ ਨੂੰ ਮਖੌਲ ਕਰਨ ਲੱਗ ਗਿਆ।

ਕਹਿੰਦਾ, "ਲੈ ਭਾਈ! ਅੱਜ ਕਰ ਲੈ ਮੇਰੇ ਨਾਲ ਫੈਸਲਾ। ਤੂੰ ਕਹਿੰਦਾ ਹੈਂ ਕਿ ਮੈਂ ਮਾੜੇ ਥਾਂ ਜਾਂਦਾ ਹਾਂ। ਮੈਨੂੰ ਅੱਜ ਇਕ ਮੋਹਰ ਲੱਭੀ ਹੈ, ਨਾਲੇ ਆਹ ਗਾਗਰ ਲੱਭ ਗਈ, ਇਸ ਦੇ ਵਿਚ ਕੋਲੇ ਸਨ। ਦੇਖਿਆ, ਕੁਸੰਗ ਵਿਚ ਵੀ ਕੁਝ ਲਾਭ ਹੁੰਦਾ ਹੈ, ਮਾੜੇ ਕੰਮਾਂ ਨਾਲ ਤਾਂ ਆਦਮੀ ਤਰੱਕੀ ਕਰਦਾ ਹੈ।"

ਜਿੰਨੀ ਬਲੈਕ ਕਰੇ, ਜਿੰਨਾ ਧੋਖਾ ਕਰੇ, ਜਿੰਨੀ ਸਮਗਲਿੰਗ ਕਰੇ, ਜਿੰਨੇ ਗਲਤ ਕੰਮ ਕਰੇ, ਜਿੰਨਾ ਝੂਠ ਬੋਲੇ ਓਨੀਓ, ਤਰੱਕੀ ਕਰਦਾ ਹੈ ਬੰਦਾ, ਪੈਸੇ-ਟਕੇ ਵਿਚ। ਕਹਿੰਦਾ, ਆਹ ਦੇਖ ਲੈ ਤੇਰੇ ਸਾਹਮਣੇ ਮੈਨੂੰ ਆਹ ਮੋਹਰ ਲੱਭ ਗਈ, ਨਾਲੇ ਆਹ ਬਰਤਨ ਲੱਭ ਗਿਆ ਤੇ ਤੂੰ ਰੋਜ਼ ਜਾਂਦਾ ਹੈਂ ਸੰਗਤ ਵਿਚ ਤੇ ਤੇਰਾ ਕੀ ਹਾਲ ਹੋਇਆ ਹੈ, ਲੰਗੜਾ ਬਣੀ ਆਉਂਦਾ ਹੈਂ, ਖੂਨ ਨਾਲ ਪੱਟੀ ਭਿੱਜੀ ਪਈ ਹੈ ਤੇ ਹੁਣ ਮੈਨੂੰ ਏਸ ਗੱਲ ਦਾ ਜਵਾਬ ਦੇਹ।"

ਉਹ ਕਹਿਣ ਲੱਗਿਆ, "ਪ੍ਰੇਮੀਆ! ਮੈਂ ਤਾਂ 100% ਵਿਸ਼ਵਾਸ ਕਰਦਾ ਹਾਂ ਕਿ ਸਤਿਸੰਗ ਦਾ ਮੁਕਾਬਲਾ ਕੁਸੰਗ ਨਹੀਂ ਕਰ ਸਕਦਾ ਤੇ ਮੈਂ ਤੇਰੀ ਗੱਲ ਦੇ ਵਿਚ ਨਹੀਂ ਆ ਸਕਦਾ ਕਿ ਕੁਸੰਗੀ ਬਣ ਜਾਵਾਂ ਇਹ ਗੱਲ ਸੁਣ ਕੇ।"

ਬਹੁਤ ਸਾਰੇ ਪ੍ਰੇਮੀ ਮੇਰੇ ਨਾਲ ਵੀ ਗੱਲ ਕਰਦੇ ਨੇ ਕਿ ਜੀ! ਬੇਈਮਾਨੀ ਕਰਨ ਨਾਲ ਆਦਮੀ ਰੁਪਏ ਪੈਸੇ ਵਲੋਂ ਤਕੜਾ ਹੋ ਜਾਂਦਾ ਹੈ, ਪੈਸੇ ਆ ਜਾਂਦੇ ਨੇ, ਬੜਾ ਕੁਝ ਆ ਜਾਂਦਾ ਹੈ। ਮੈਂ ਕਿਹਾ, "ਫੇਰ ਨਾਲ ਜਾਣਗੇ?" ਇਹ ਠੀਕ ਹੈ –

***ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥***
***ਪੰਨਾ – 417***

ਪਾਪ ਕਰਨੇ ਪੈਂਦੇ ਨੇ ਮਾਇਆ ਵਾਸਤੇ ਪਰ ਮਰਿਆਂ ਤੇ ਤਾਂ ਜਾ ਕੇ ਬੰਨ੍ਹ ਦਿੰਦੀ ਹੈ। ਜਿਹੜੀਆਂ ਚੀਜ਼ਾਂ ਹਾਸਲ ਕਰੀਆਂ ਨੇ –

***ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ॥***
***ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ॥***
***ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ॥***
***ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ॥***
***ਕਰਿ ਅਉਗਣ ਪਛੋਤਾਵਣਾ॥ ਪੰਨਾ – 470***

ਫੇਰ ਪਛਤਾਉਣਾ ਪੈਂਦਾ ਹੈ ਆਦਮੀ ਨੂੰ ਤੇ ਪਛਤਾਉਂਦਾ ਹੋਇਆ ਦਰਗਾਹ ਨੂੰ ਜਾਂਦਾ ਹੈ। ਸੋ ਏਸ ਤਰ੍ਹਾਂ ਦੇ ਨਾਲ ਉਹ

ਕਹਿਣ ਲੱਗਿਆ ਕਿ ਮੈਨੂੰ ਤਾਂ ਨਹੀਂ ਪਤਾ। ਉਹ ਕਹਿੰਦਾ, "ਚੱਲ! ਫੇਰ ਤੇਰੇ ਮਹਾਂਪੁਰਸ਼ਾਂ ਕੋਲ ਚਲਦੇ ਹਾਂ, ਗੁਰੂ ਕੋਲ ਚਲਦੇ ਹਾਂ ਉਸ ਨੂੰ ਪੁੱਛ ਲੈਂਦੇ ਹਾਂ। ਇਸ ਗੱਲ ਦਾ ਮੈਂ ਜਵਾਬ ਚਾਹੁੰਦਾ ਹਾਂ।" ਉਹ ਕਹਿੰਦੇ, "ਇਹ ਠੀਕ ਹੈ ਆਪਾਂ ਗੁਰੂ ਨਾਨਕ ਪਾਤਿਸ਼ਾਹ ਕੋਲ ਚਲਦੇ ਹਾਂ।"

ਦੋਵੇਂ ਗੁਰੂ ਨਾਨਕ ਪਾਤਿਸ਼ਾਹ ਕੋਲ ਚਲੇ ਜਾਂਦੇ ਹਨ ਤੇ ਜਾ ਕੇ ਉਸ ਨੇ ਸਾਰੀ ਬਾਤ ਦੱਸੀ ਤੇ ਮਹਾਰਾਜ ਜੀ ਕਹਿਣ ਲੱਗੇ ਕਿ ਕਿਉਂ ਬਈ ਪ੍ਰੇਮੀਆ! ਤੂੰ ਹੁਣ ਦੀ ਹੀ ਗੱਲ ਜਾਣਦਾ ਹੈਂ ਜਾਂ ਪਿਛਲੀ ਵੀ ਜਾਣਦਾ ਹੈਂ; ਢਕੀ ਰਹਿਣ ਦੇ, ਜੋ ਕੁਝ ਹੋ ਗਿਆ, ਸੋ ਹੋ ਗਿਆ।

ਕਹਿੰਦਾ, "ਨਹੀਂ ਮਹਾਰਾਜ! ਮੈਨੂੰ ਸਮਝਾਓ।"

ਮਹਾਰਾਜ ਜੀ ਕਹਿੰਦੇ, "ਤੂੰ ਐਂ ਤਾਂ ਨਹੀਂ ਸਮਝਣਾ, ਆ ਸਾਡੇ ਨੇੜੇ।" ਮਹਾਰਾਜ ਜੀ ਨੇ ਸਿਰ ਉਤੇ ਹੱਥ ਰੱਖ ਦਿੱਤਾ। ਜਦੋਂ ਪਿਆਰ ਵਾਲਾ ਹੱਥ ਸੀਸ ਤੇ ਆਇਆ ਉਸ ਵੇਲੇ ਜਿਹੜੇ ਪਾਪ ਸਨ ਉਹ ਨੱਠਣੇ ਸ਼ੁਰੂ ਹੋ ਗਏ ਕਿਉਂਕਿ ਗੁਰੂ ਦਾ ਹੱਥ ਜੋ ਕੰਮ ਕਰਦਾ ਹੈ ਉਸ ਦੇ ਬਾਰੇ ਐਸਾ ਫੁਰਮਾਨ ਹੈ –

***ਧਾਰਨਾ – ਵਿਚੋਂ ਮਾਰ ਕੱਢੀਆਂ ਬੁਰਿਆਈਆਂ,***
***ਗੁਰਾਂ ਨੇ ਸਿਰ ਤੇ ਹੱਥ ਰੱਖ ਕੇ –2, 2.***
***ਮੇਰੇ ਪਿਆਰੇ, ਗੁਰਾਂ ਨੇ ਸਿਰ ਤੇ ਹੱਥ ਰੱਖ ਕੇ –2, 2.***
***ਵਾਹਵਾ–ਵਾਹਵਾ ਗੁਰਾਂ ਨੇ ਸਿਰ ਤੇ ਹੱਥ ਰੱਖ ਕੇ –2.***
***ਵਿਚੋਂ ਮਾਰ ਕੱਢੀਆਂ ਬੁਰਿਆਈਆਂ,...–2.***

***ਕਰਿ ਹੁਕਮੁ ਮਸਤਕਿ ਹਥੁ ਧਰਿ***
***ਵਿਚਹੁ ਮਾਰਿ ਕਢੀਆ ਬੁਰਿਆਈਆ॥ ਪੰਨਾ – 473***

ਗੁਰੂ ਮਹਾਰਾਜ ਜੀ ਦਾ ਹੱਥ ਕੀ ਛੁਹਣਾ ਸੀ ਸਾਧ ਸੰਗਤ ਜੀ! ਭਾਗਾਂ ਵਾਲਾ ਸੀ ਉਹ ਸੀਸ, ਹੱਥ ਰੱਖਣ ਦੀ ਦੇਰ ਸੀ ਸਾਰੀਆਂ ਬੁਰਿਆਈਆਂ ਜਲ ਗਈਆਂ ਜਿਵੇਂ ਰੂੰ ਜਲ ਜਾਂਦੀ ਹੈ ਅੱਗ ਦੇ ਨਾਲ। ਨਿਰਮਲ ਹੋ ਗਿਆ, ਸ਼ਰਧਾ ਵਿਚ ਆ ਗਿਆ।

ਕਹਿੰਦੇ, "ਕਿਉਂ ਪ੍ਰੇਮੀਆ! ਕੁਝ ਪਤਾ ਲੱਗਿਆ?"

ਕਹਿੰਦਾ, "ਨਾ ਸੱਚੇ ਪਾਤਿਸ਼ਾਹ! ਆਪ ਕਿਰਪਾ ਕਰੋ।"

ਕਹਿਣ ਲੱਗੇ, "ਸੁਣ ਪ੍ਰੇਮੀਆ, ਤੂੰ ਪਿਛਲੇ ਜਨਮ ਦੇ ਅੰਦਰ ਇਕ ਮੋਹਰ ਦਾਨ ਕਰੀ ਸੀ, ਇਕ ਬੀਤਰਾਗ ਮਹਾਂਪੁਰਸ਼ ਨੂੰ, ਬੰਦਗੀ ਕਰਨ ਵਾਲੇ ਨੂੰ ਤੇ ਉਹ ਸਹੰਸਰ ਗੁਣਾ ਹੋ ਕੇ ਫੈਲੀ – ਹਜ਼ਾਰਾਂ ਗੁਣਾ, ਤੇ ਉਸ ਪੁੰਨ ਦਾ ਫਲ ਤੈਨੂੰ ਇਕ ਭਰੀ ਹੋਈ ਗਾਗਰ ਮੋਹਰਾਂ ਦੀ ਏਸ ਜਨਮ ਵਿਚ ਲਭਣੀ ਸੀ ਪਰ ਤੂੰ ਉਨ੍ਹਾਂ ਪੁੰਨਾਂ ਨੂੰ ਜਾਲ ਲਿਆ ਪਾਪ ਕਰ–ਕਰ ਕੇ ਤੇ ਉਨਾਂ ਨੂੰ ਕੋਲੇ ਬਣਾ ਲਿਆ।" ਏਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ–

***ਧਾਰਨਾ – ਕੋਲੇ ਪੁੰਨਾਂ ਦੇ ਬਣਾ ਲਏ ਗਾਫਲਾ,***
***ਵਿਸ਼ਿਆਂ ਦੀ ਅੱਗ ਜਾਲ ਕੇ –2, 2.***
***ਮੇਰੇ ਪਿਆਰੇ, ਵਿਸ਼ਿਆਂ ਦੀ ਅੱਗ ਜਾਲ ਕੇ –2, 2.***
***ਕੋਲੇ ਪੁੰਨਾਂ ਦੇ ਬਣਾ ਲਏ ਗਾਫਲਾ,............. –2.***

ਕਹਿੰਦੇ, "ਪ੍ਰੇਮੀਆ! ਤੇਰਾ ਪੁੰਨ ਵਧਿਆ ਸੀ, ਗਾਗਰ ਭਰ ਗਈ ਸੀ ਮੋਹਰਾਂ ਦੇ ਨਾਲ ਪਰ ਤੂੰ ਵਿਸ਼ੇ ਵਿਕਾਰਾਂ ਵਿਚ ਸਮਾਂ ਗੁਜ਼ਾਰਿਆ ਤੇ ਉਸ ਦੇ ਨਾਲ ਤੇਰੇ ਪੁੰਨ ਕਰਮ ਜਲਣੇ ਸ਼ੁਰੂ ਹੋ ਗਏ ਤੇ ਕੋਲੇ ਹੋ ਗਏ ਤੇ ਪ੍ਰਤੱਖ ਰੂਪ ਵਿਚ ਗਾਗਰ ਦੇ ਅੰਦਰ ਤੇਰੇ ਪੁੰਨਾਂ ਦੇ ਕੋਲੇ ਬਣੇ ਪਏ ਨੇ। ਆਹ ਇਕ ਮੋਹਰ ਤੇਰੀ ਬਚੀ ਕਿਉਂਕਿ ਤੂੰ ਇਕ ਦਿਨ ਇਥੇ ਆਇਆ ਸੀ ਏਸ ਕਰਕੇ ਤੇਰੀ ਇਕ ਮੋਹਰ ਬਚ ਗਈ।"

ਸੋ ਮਹਾਰਾਜ ਜੀ ਕਹਿਣ ਲੱਗੇ–

***ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ॥***
***ਪੰਨਾ – 990***

ਜਿਹੜੇ ਅਸੀਂ ਕਰਮ ਕਰਦੇ ਹਾਂ, ਇਨ੍ਹਾਂ ਨੂੰ ਸਾਡੇ ਮਨ ਦੀ ਸਿਆਹੀ ਲਿਖਦੀ ਜਾਂਦੀ ਹੈ। ਬੁਰੇ ਕੰਮ ਕਰਦੇ ਹਾਂ ਤੇ ਭਲੇ ਕੰਮ ਕਰਦੇ ਹਾਂ ਨਾਲ ਦੀ ਨਾਲ ਮਨ ਲਿਖਦਾ ਚਲਿਆ ਜਾਂਦਾ ਹੈ।

***ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ***
***ਤਉ ਗੁਣ ਨਾਹੀ ਅੰਤੁ ਹਰੇ॥ ਪੰਨਾ – 990***

ਬਾਰ ਬਾਰ ਇਕ ਕਰਮ ਕਰਨ ਦੇ ਨਾਲ ਸਾਡਾ ਸੁਭਾਅ ਬਣਦਾ ਹੈ, ਕਿਰਤ ਬਣਦੀ ਹੈ। ਕਿਰਤ ਦੇ ਨਾਲ ਫੇਰ ਸਾਡਾ ਮਨ ਓਹੀ ਕੰਮ ਕਰਦਾ ਹੈ ਜਿਹੋ–ਜਿਹਾ ਸਾਡਾ ਸੁਭਾਅ ਬਣ ਜਾਂਦਾ ਹੈ।

***ਚਿਤ ਚੇਤਸਿ ਕੀ ਨਹੀ ਬਾਵਰਿਆ॥***
***ਹਰਿ ਬਿਸਰਤ ਤੇਰੇ ਗੁਣ ਗਲਿਆ॥ ਪੰਨਾ – 990***

ਕਹਿੰਦੇ ਪਾਗਲਾ! ਤੂੰ ਕਿਉਂ ਨਹੀਂ ਵਾਹਿਗੁਰੂ ਦਾ ਨਾਮ ਯਾਦ ਕਰਦਾ? ਤੇਰੇ ਗੁਣ ਗਲਦੇ ਤੁਰੇ ਜਾ ਰਹੇ ਨੇ।

ਬਹੁਤੇ ਪ੍ਰੇਮੀ ਕਹਿੰਦੇ ਨੇ ਜੀ! ਅਸੀਂ ਝੂਠ ਨਹੀਂ ਬੋਲਦੇ, ਮਾੜਾ ਕੰਮ ਨਹੀਂ ਕਰਦੇ, ਠੱਗੀ ਨਹੀਂ ਕਰਦੇ, ਧੋਖਾ ਨਹੀਂ ਦਿੰਦੇ, ਫੇਰ ਵੀ ਸਾਨੂੰ ਨਾਮ ਜਪਣ ਦੀ ਲੋੜ ਹੈ? ਇਹ ਨੇਕੀ ਦਾ ਭੰਡਾਰਾ ਤਾਂ ਤੂੰ ਪਿਛਲੇ ਜਨਮ ਤੋਂ ਲੈ ਕੇ ਆਇਆ ਹੈਂ, ਇਹ ਗਲ ਜਾਏਗਾ ਨਾਮ ਤੋਂ ਬਗੈਰ, ਖਤਮ ਹੋ ਜਾਣਾ ਹੈ –

***ਹਰਿ ਬਿਸਰਤ ਤੇਰੇ ਗੁਣ ਗਲਿਆ॥ ਪੰਨਾ – 990***

***ਜਾਲੀ ਰੈਨਿ ਜਾਲੁ ਦਿਨੁ ਹੂਆ ..............॥***
***ਪੰਨਾ – 990***

ਜਾਲ ਬਣਿਆ ਹੋਇਆ ਹੈ ਦਿਨ ਤੇ ਰਾਤ ਵੀ ਜਾਲੀ ਹੈ। ਰਾਤ ਨੂੰ ਵੀ ਅਸੀਂ ਮਾੜੇ ਕੰਮ ਕਰਦੇ ਹਾਂ, ਦਿਨ ਨੂੰ ਵੀ ਮਾੜੇ ਕੰਮ ਕਰਦੇ ਹਾਂ।

***.............. ਜੇਤੀ ਘੜੀ ਫਾਹੀ ਤੇਤੀ॥***
***ਪੰਨਾ – 990***

ਜਿੰਨੀਆਂ ਘੜੀਆਂ ਨੇ ਇਹ ਫਾਹੀਆਂ ਗੱਡੀਆਂ ਹੋਈਆਂ ਨੇ ਸਭ ਸਾਨੂੰ ਫਸਾਉਣ ਵਾਸਤੇ –

***ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ ............॥***
***ਪੰਨਾ – 990***

ਰਸ ਰਸ ਕੇ, ਖੁਸ਼ ਹੋ–ਹੋ ਕੇ ਮਾਸ ਖਾਂਦਾ ਹੈ, ਸ਼ਰਾਬਾਂ ਪੀਂਦਾ ਹੈ, ਵਿਸ਼ੇ–ਵਿਕਾਰਾਂ ਦੇ ਵਿਚ ਪੈਂਦਾ ਹੈ, ਧੋਖੇ ਦਿੰਦਾ ਹੈ ਸਮਗਲਿੰਗ ਕਰਦਾ ਹੈ, ਠੱਗੀਆਂ ਮਾਰਦਾ ਹੈ, ਝੂਠ ਬੋਲਦਾ ਹੈ, ਕਹਿੰਦੇ ਇਹ ਰਸ–ਰਸ ਕੇ ਚੋਗ ਚੁਗਦਾ ਹੈ ਤੇ ਨਿੱਤ ਫਸਦਾ ਹੈ।

............. ***ਛੂਟਸਿ ਮੂੜੇ ਕਵਨ ਗੁਣੀ॥***

***ਪੰਨਾ - 990***

ਕਾਹਦੇ ਨਾਲ ਛੁਟੇਂਗਾ?

***ਕਾਇਆ ਆਰਣੁ ਮਨੁ ਵਿਚਿ ਲੋਹਾ*** ............॥

***ਪੰਨਾ - 990***

ਆਹ ਕਾਇਆ ਦਾ ਅਹਿਰਣ ਤੇ ਮਨ ਇਸ ਦੇ ਵਿਚ ਲੋਹਾ ਹੈ।

............ ***ਪੰਚ ਅਗਨਿ ਤਿਤੁ ਲਾਗਿ ਰਹੀ॥***

***ਪੰਨਾ - 990***

ਇਸ ਨੂੰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦੀ ਅੱਗ ਲੱਗੀ ਹੋਈ ਹੈ। ਉਸ ਦੇ ਨਾਲ ਕੋਲੇ ਬਣਦੇ ਜਾਂਦੇ ਨੇ -

***ਕੋਇਲੇ ਪਾਪ ਪੜੇ ਤਿਸੁ ਊਪਰਿ*** ............. ॥

***ਪੰਨਾ - 990***

ਇਸ ਅੱਗ ਦੇ ਵਿਚ ਪਾਪਾਂ ਦੇ ਕੋਲੇ ਪੈ ਜਾਂਦੇ ਨੇ -

............. ***ਮਨ ਜਲਿਆ ਸੰਨੀ ਚਿੰਤ ਭਈ॥***

***ਪੰਨਾ - 990***

ਮਨ ਜਲ ਗਿਆ ਤੇ ਸੰਨੀ ਚਿੰਤ ਪਈ, ਜਲ ਕੇ ਮਨੂੰਰ ਬਣ ਗਿਆ। ਹੁਣ ਮਨੂੰਰ ਦਾ ਕੋਈ ਇਲਾਜ ਨਹੀਂ, ਦੁਬਾਰਾ ਮਨੂੰਰ ਸੋਨਾ ਨਹੀਂ ਬਣਦਾ, ਜਲਿਆ ਹੋਇਆ ਲੋਹਾ ਦੁਬਾਰਾ ਲੋਹਾ ਨਹੀਂ ਬਣਦਾ। ਪਰ ਮਹਾਰਾਜ ਜੀ ਕਹਿੰਦੇ ਨਹੀਂ ਪ੍ਰੇਮੀਆ!

***ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰ ਮਿਲੈ ਤਿਨੇਹਾ॥***

***ਪੰਨਾ - 990***

ਪੂਰਾ ਸਤਿਗੁਰੂ ਮਿਲ ਜਾਵੇ ਤੇ ਅੰਮ੍ਰਿਤ ਨਾਮ ਦਾ ਛਿੱਟਾ ਦੇ ਦੇਵੇ -

***ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ॥***

***ਪੰਨਾ - 990***

ਜੇ ਨਾਮ ਮਿਲ ਜਾਵੇ ਤਾਂ ਮੁੜ ਕੇ ਉਹ ਫੇਰ ਆਪਣੀ ਅਸਲੀ ਹਾਲਤ ਵਿਚ ਆ ਜਾਂਦਾ ਹੈ। ਸੋ ਐਨੇ ਬਚਨ ਸੁਣੇ ਉਸ ਵੇਲੇ ਗੁਰੂ ਨਾਨਕ ਪਾਤਿਸ਼ਾਹ ਦੇ ਚਰਨ ਫੜ ਲਏ। ਕਹਿਣ ਲੱਗਿਆ, "ਸੱਚੇ ਪਾਤਿਸ਼ਾਹ! ਮੈਂ ਤਾਂ ਭੁਲਿਆ ਹੀ ਰਿਹਾ। ਮੇਰਾ ਇਹ ਵੀ ਸ਼ੰਕਾ ਦੂਰ ਕਰ ਦਿਓ ਕਿ ਇਸ ਦੇ ਕੰਡਾ ਕਿਉਂ ਲਗਿਆ?"

ਕਹਿੰਦੇ, "ਲੈ ਭਾਈ! ਜੇ ਤੂੰ ਇਹ ਸ਼ੰਕਾ ਦੂਰ ਕਰਾਉਣਾ ਹੈ ਤਾਂ ਤੈਨੂੰ ਦਸਦੇ ਹਾਂ ਕਿ ਇਸ ਨੇ ਪਿਛਲੇ ਜਨਮ ਦੇ ਅੰਦਰ ਇਕ ਐਸਾ ਕਰਮ ਕਰਿਆ ਸੀ ਜਿਸ ਦਾ ਫਲ ਇਸ ਨੂੰ ਏਸ ਜਨਮ ਵਿਚ ਫਾਂਸੀ ਮਿਲਣੀ ਸੀ। ਇਹ ਕਿਉਂਕਿ ਰੋਜ਼ ਸਤਿਸੰਗ ਕਰ ਰਿਹਾ ਹੈ, ਪ੍ਰਸ਼ਾਦੇ ਬਣਾ ਕੇ ਲਿਆਉਂਦਾ ਰਿਹਾ ਹੈ। ਪਿਛਲੇ ਮਾੜੇ ਕਰਮ ਘਟਦੇ-ਘਟਦੇ ਐਨੇ ਘਟ ਗਏ ਕਿ ਇਕ ਚੋਭ ਦੇ ਨਾਲ ਹੀ ਸੂਲੀ ਭੁਗਤਾ ਦਿੱਤੀ ਤੇ ਸੂਲੀ ਤੋਂ ਸੂਲ ਬਣ ਗਈ।

ਸੋ ਏਸ ਤਰ੍ਹਾਂ ਦੇ ਨਾਲ ਪ੍ਰੇਮੀਆ! ਸਮਝ 'ਚ ਪਈ?"

ਕਹਿੰਦਾ, "ਹਾਂ ਮਹਾਰਾਜ! ਮੈਨੂੰ ਸਮਝ 'ਚ ਆ ਗਈ ਕਿ ਸਤਿਸੰਗ ਕਰਨ ਦੇ ਨਾਲ ਕਿੰਨਾ ਲਾਭ ਪ੍ਰਾਪਤ ਹੁੰਦਾ ਹੈ, ਕੁਸੰਗ ਕਰਨ ਦੇ ਨਾਲ ਕਿੰਨਾ ਨੁਕਸਾਨ ਹੁੰਦਾ ਹੈ।"

ਸੋ ਇਸੇ ਕਰਕੇ ਮਹਾਰਾਜ ਜੀ ਕਹਿੰਦੇ ਹਨ ਕਿ ਭਾਗਾਂ ਤੋਂ ਬਗੈਰ ਸੰਗਤ ਨਹੀਂ ਮਿਲਦੀ -

***ਬਿਨੁ ਭਾਗਾ ਸਤਸੰਗੁ ਨ ਲਭੈ ਬਿਨੁ ਸੰਗਤਿ ਮੈਲੁ ਭਰੀਜੈ ਜੀਉ॥***

***ਪੰਨਾ - 95***

ਸੋ ਸਾਡੀ ਗਫਲਤ ਹੈ, ਗਫਲਤ ਹੋਣ ਕਰਕੇ ਪੰਜ ਚੋਰ ਸਾਨੂੰ ਦਿਨ ਰਾਤ ਲੁਟਦੇ ਨੇ। ਇਸ ਦਾ ਸਾਨੂੰ ਪਤਾ ਨਹੀਂ ਲਗਦਾ ਤੇ ਅਸੀਂ ਆਪਣਾ ਸਾਰਾ ਸਮਾਂ ਗੁਆ ਕੇ ਸੰਸਾਰ ਤੋਂ ਜਾਂਦੇ ਹਾਂ -

***ਧਾਰਨਾ - ਗਾਫਲ ਹੋ ਕੇ ਜਨਮ ਗਵਾਇਆ,***
***ਲੁੱਟ ਲਿਆ ਪੰਜਾਂ ਚੋਰਾਂ ਨੇ -2, 2.***
***ਲੁੱਟ ਲਿਆ ਪੰਜਾਂ ਚੋਰਾਂ ਨੇ -2, 2.***
***ਗਾਫਲ ਹੋ ਕੇ ਜਨਮ ਗਵਾਇਆ,.... -2.***

***ਖਟ ਨੇਮ ਕਰਿ ਕੋਠੜੀ ਬਾਂਧੀ ਬਸਤੁ ਅਨੂਪੁ ਬੀਚ ਪਾਈ॥***

***ਪੰਨਾ - 339***

ਬੜੇ ਨਿਯਮ ਦੇ ਨਾਲ ਇਹ ਸਰੀਰ ਬਣਾਇਆ ਹੈ। ਇਸ ਦੇ ਵਿਚ ਚੌਂਦਾਂ ਖਰਬ ਪੰਦਰਾਂ ਅਰਬ ਸੈਲ ਲਾਏ ਨੇ ਜਿਵੇਂ ਇੱਟਾਂ ਲਾ ਕੇ ਆਪਾਂ ਮਕਾਨ ਬਣਾਉਂਦੇ ਹਾਂ। ਬਹੱਤਰ ਕਰੋੜ, ਬਹੱਤਰ ਲੱਖ, ਬਹੱਤਰ ਹਜ਼ਾਰ, ਦੋ ਸੌ ਇਸ ਦੇ ਵਿਚ blood channels (ਖ਼ੂਨ ਦੀਆਂ ਨਾੜੀਆਂ) ਹਨ, ਜਿਨ੍ਹਾਂ ਨਾਲ ਖ਼ੂਨ ਇਸ ਦੇ ਵਿਚ ਚਲਦਾ ਹੈ। ਪੰਜ ਮੋਟਰਾਂ ਲਾਈਆਂ ਹੋਈਆਂ ਨੇ - ਪ੍ਰਾਣ, ਉਪਾਨ, ਬਿਆਨ, ਅਪਾਨ, ਸਮਾਨ। ਇਹ ਮੋਟਰਾਂ ਵੱਖ-ਵੱਖ ਕੰਮ ਕਰਦੀਆਂ ਹਨ, ਕੋਈ ਸਰੀਰ ਵਿਚੋਂ ਮੈਲ ਬਾਹਰ ਕੱਢਦੀ ਹੈ, ਕੋਈ ਖ਼ੂਨ ਨੂੰ ਸਾਫ ਕਰਦੀ ਹੈ, ਕੋਈ ਸਾਹ ਅੰਦਰ-ਬਾਹਰ ਲੈ ਜਾਂਦੀ ਹੈ, ਕੋਈ ਸਰੀਰ ਦੀ ਗਰਮੀ 98.4 ਡਿਗਰੀ ਕਾਇਮ ਰੱਖਦੀ ਹੈ, ਸਮਾਨ ਪ੍ਰਾਣ ਸਾਰੇ ਪ੍ਰਾਣਾਂ ਨੂੰ ਸਾਂਭ ਕੇ ਰੱਖਦੇ ਨੇ।

ਸੋ ਇਸ ਤਰ੍ਹਾਂ ਬੜੀ ਵਿਉਂਤ ਨਾਲ ਇਹ ਚੀਜ਼ਾਂ ਬਣਾਈਆਂ ਨੇ। ਨੌ ਦਰਵਾਜੇ ਰੱਖੇ ਨੇ ਬਾਹਰ ਵੱਲ ਨੂੰ ਤੇ ਇਕ ਦਰਵਾਜਾ ਅੰਦਰ ਗੁਪਤ ਰੱਖਿਆ ਹੈ ਜਿਥੇ 'ਬਸਤ ਅਨੂਪ ਇਕ ਪਾਈ॥' ਇਸ ਦੇ ਵਿਚ ਵਾਹਿਗੁਰੂ ਆਪ ਬੈਠ ਗਿਆ ਆ ਕੇ, ਆਤਮਾ ਪਾ ਦਿੱਤੀ।

***ਕੁੰਜੀ ਕੁਲਫੁ ਪ੍ਰਾਨ ਕਰਿ ਰਾਖੇ ਕਰਤੇ ਬਾਰ ਨ ਲਾਈ॥***
***ਅਬ ਮਨ ਜਾਗਤ ਰਹੁ ਰੇ ਭਾਈ॥ ਪੰਨਾ - 339***

ਹੁਣ ਸੌਈਂ ਨਾ, ਜਾਗਦਾ ਰਹਿ -

***ਗਾਫਲੁ ਹੋਇ ਕੈ ਜਨਮੁ ਗਵਾਇਓ ਚੋਰੁ ਮੁਸੈ ਘਰੁ ਜਾਈ॥***

***ਪੰਨਾ - 339***

ਗਾਫਲ ਹੋ ਕੇ ਜਨਮ ਗਵਾ ਲਿਆ, ਪੰਜ ਚੋਰ ਦਿਨ ਰਾਤ ਲੁੱਟਦੇ ਨੇ।

***ਪੰਚ ਪਹਰੂਆ ਦਰ ਮਹਿ ਰਹਤੇ***..........॥

***ਪੰਨਾ - 339***

ਅੱਖਾਂ ਵੇਖਦੀਆਂ ਨੇ, ਕੰਨ ਸੁਣਦੇ ਨੇ, ਰਸਨਾ ਬੋਲਦੀ ਹੈ, ਨੱਕ ਸੁਗੰਧੀ-ਦੁਰਗੰਧੀ ਲੈਂਦਾ ਹੈ, ਸਪਰਸ਼ ਰਹਿੰਦਾ ਹੈ। ਇਹ ਪੰਜ

ਪਹਿਰੇਦਾਰ ਰਹਿੰਦੇ ਨੇ ਪਰ ਇਹ ਉਲਟੇ ਪਾਸੇ ਹੀ ਪੈ ਗਏ -

*ਪੰਚ ਪਹਰੂਆ ਦਰ ਮਹਿ ਰਹਤੇ ਤਿਨ ਕਾ ਨਹੀ ਪਤਿਆਰਾ॥*
*ਚੇਤਿ ਸੁਚੇਤ ਚਿਤ ਹੋਇ ਰਹੁ ਤਉ ਲੈ ਪਰਗਾਸੁ ਉਜਾਰਾ॥*

**ਪੰਨਾ - 339**

*ਨਉ ਘਰ ਦੇਖਿ ਜੁ ਕਾਮਨਿ ਭੂਲੀ ...........॥*

**ਪੰਨਾ - 339**

ਇਨ੍ਹਾਂ ਅੱਖਾਂ ਨੇ ਵੀ ਧੋਖਾ ਦਿੱਤਾ, ਰੂਪਾਂ ਵਿਚ ਮੋਹਿਆ ਗਿਆ, ਕੰਨਾਂ ਨੇ ਨਿੰਦਿਆ ਸੁਣੀ, ਜੁਬਾਨ ਨੇ ਨਿੰਦਿਆ ਕਰੀ, ਸਪਰਸ਼ ਨੇ ਮਾੜੇ ਕੰਮ ਕਰੇ ਤੇ ਇਨਾਂ ਨੂੰ ਦੇਖ ਕੇ ਭੁੱਲ ਗਿਆ -

*ਨਉ ਘਰ ਦੇਖਿ ਜੁ ਕਾਮਨਿ ਭੂਲੀ ਬਸਤੁ ਅਨੂਪ ਨ ਪਾਈ॥*
*ਕਹਤੁ ਕਬੀਰ ਨਵੈ ਘਰ ਮੂਸੇ ਦਸਵੈਂ ਤਤੁ ਸਮਾਈ॥*

**ਪੰਨਾ - 339**

ਦਸਵੇਂ ਵਿਚ ਤੱਤ ਹੈ। ਸੋ ਨਾਮ ਜਪ ਕੇ, ਬੰਦਗੀ ਕਰਕੇ, ਹਰੀ ਦਾ ਜਸ ਕਰਕੇ ਹੌਲੀ-ਹੌਲੀ ਕੋਸ਼ਿਸ਼ ਕਰੋ ਕਿ ਓਸ ਘਰ ਦਾ ਅਸੀਂ ਅਨੰਦ ਲੈ ਲਈਏ -

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥*
*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥*
*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ॥*
*ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ॥*
*ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥*

**ਪੰਨਾ - 954**

ਸੋ ਇਸ ਤਰ੍ਹਾਂ ਦੇ ਨਾਲ ਆਪਣਾ ਜੀਵਨ ਸਫਲ ਕਰੀਏ ਕਿਉਂਕਿ -

*ਸ਼ਾਹੋਂ ਵਿਛੜਿਆ ਵਣਜਾਰਾ ਮੋਹ ਲਿਆ ਮਾਇਆ ਨੇ।*

ਇਹ ਵਣਜਾਰਾ ਆਇਆ ਤਾਂ ਨਾਮ ਜਪਣ ਵਾਸਤੇ ਸੀ, ਬੜੀ ਰਾਸ ਲੈ ਕੇ ਆਇਆ ਸੀ, ਚੌਵੀ ਹਜਾਰ ਸੁਆਸ ਰੋਜ਼ ਦੀ ਰਾਸ ਸੀ ਇਸ ਦੀ। ਸੌ ਸਾਲ ਦੀ ਉਮਰ ਦੇ ਵਿਚ ਅਠਾਸੀ ਕਰੋੜ ਛਿਆਹਠ ਲੱਖ ਸੁਆਸ ਲੈ ਕੇ ਆਇਆ ਸੀ ਪਰ ਹੋਇਆ ਕੀ? ਇਥੇ ਆਉਂਦੇ ਨੂੰ ਮਾਇਆ ਪੈ ਗਈ ਤੇ ਵਾਹਿਗੁਰੂ ਜੀ ਦੇ ਨਾਲੋਂ ਵਿਛੜਨ ਕਰਕੇ ਇਹ ਆਪਣੇ ਨਿਸ਼ਾਨੇ ਤੋਂ ਖੁੰਝ ਗਿਆ।

*ਧਾਰਨਾ - ਸ਼ਾਹੋਂ ਵਿਛੜਿਆ ਵਣਜਾਰਾ,*
*ਲੁੱਟ ਲਿਆ ਪੰਜਾਂ ਚੋਰਾਂ ਨੇ -2, 2.*
*ਲੁੱਟ ਲਿਆ ਪੰਜਾਂ ਚੋਰਾਂ ਨੇ -4, 2.*
*ਸ਼ਾਹੋਂ ਵਿਛੜਿਆ ਵਣਜਾਰਾ,......... -2.*

*ਜੰਮਦੋ ਮਾਇਆ ਮੋਹਿਆ ਨਦਰਿ ਨ ਆਵੈ ਰਖਣ ਹਾਰਾ॥*
*ਸਾਹੋਂ ਵਿਛੁੜਿਆ ਵਣਜਾਰਾ॥*

**ਭਾਈ ਗੁਰਦਾਸ ਜੀ ਵਾਰ 37/ 6**

ਸੋ ਆਪਣੇ ਆਪ ਤੇ ਤਰਸ ਕਰੋ -

*ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥*

**ਪੰਨਾ - 466**

ਆਪਣੀ ਕਿਰਪਾ ਵੀ ਆਪ ਤੇ ਹੁੰਦੀ ਹੈ। ਚਾਰ ਕਿਰਪਾ ਹੁੰਦੀਆਂ ਨੇ। ਪਹਿਲੀ ਕਿਰਪਾ ਹੁੰਦੀ ਹੈ ਵਾਹਿਗੁਰੂ ਜੀ ਦੀ ਕਿ ਉਹ ਮਾਨਸ ਜਨਮ ਦਿੰਦੇ ਹਨ। ਦੂਸਰੀ ਕਿਰਪਾ ਹੁੰਦੀ ਹੈ ਮਾਂ ਬਾਪ ਦੀ, ਉਹ ਪਾਲਦੇ ਪੋਸਦੇ ਨੇ, ਜੁਆਨ ਕਰਦੇ ਨੇ। ਤੀਸਰੀ ਕਿਰਪਾ ਹੋਇਆ ਕਰਦੀ ਹੈ ਗੁਰੂ ਦੀ, ਗੁਰੂ ਇਸ ਨੂੰ ਸ਼ੁਭ ਮੱਤ ਦਿੰਦਾ ਹੈ। ਨਾਮ ਦੀ ਦਾਤ ਦਿੰਦਾ ਹੈ - ਹਉਮੈ ਦੇ ਰੋਗ ਨੂੰ ਕੱਟਣ ਵਾਸਤੇ ਤੇ ਨਾਮ ਜਪਣ ਵਾਸਤੇ।

*ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥*

**ਪੰਨਾ - 466**

ਦਾਰੂ ਵੀ ਦੇ ਦਿੱਤੀ ਗੁਰੂ ਨੇ ਨਾਮ ਦੀ -

*ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥*

**ਪੰਨਾ - 560**

ਹੁਣ ਅੱਗੇ -

*ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥*

**ਪੰਨਾ - 466**

ਹੁਣ ਆਪਣੀ ਕਿਰਪਾ ਆਪ ਕਰਨੀ ਹੈ। ਉਠ ਕੇ ਇਸ਼ਨਾਨ ਆਪ ਕਰਨਾ ਹੈ। ਇਹ ਨਹੀਂ ਕਿ ਜੇ ਇਸ਼ਨਾਨ ਕਰਾਉਗਾ ਤਾਂ ਕਰਾਂਗੇ, ਪਾਠ ਕਰਾਊਗਾ ਤਾਂ ਕਰਾਂਗੇ, ਜੇ ਨਾਮ ਜਪਾਊਗਾ ਤਾਂ ਜਪਾਂਗੇ, ਜਪਾਉਂਦਾ ਹੀ ਨਹੀਂ ਜੀ! ਫੇਰ ਕਰੀਏ ਕੀ? ਇਹ ਇਕ ਬਹਾਨਾ ਹੈ। ਜੇ ਰੋਟੀ ਖਾਣ ਬੈਠ ਗਏ, ਪਲੇਟ ਵਿਚ ਪ੍ਰਸ਼ਾਦਾ ਆ ਜਾਵੇ ਤਾਂ ਚੁੱਪ ਕਰਕੇ ਬੈਠਾ ਹੈ। ਜੇ ਕੋਈ ਕਹੇ ਕਿ ਤੂੰ ਰੋਟੀ ਨਹੀਂ ਖਾਂਦਾ ਤਾਂ ਕਹੇ ਜੀ! ਕੋਈ ਖਲਾਏਗਾ ਤਾਂ ਖਾਵਾਂਗਾ। ਬੁਰਕੀ ਤੋੜ ਕੇ ਮੂੰਹ ਵਿਚ ਪਾ ਦਿੱਤੀ ਤੇ ਕਿਹਾ ਕਿ ਹੁਣ ਤੂੰ ਚਿਥਦਾ ਨਹੀਂ ਬੁਰਕੀ? ਕਹਿੰਦਾ ਕੋਈ ਚਬਾਊਗਾ ਤਾਂ ਚਬੂੰਗਾ। ਆਏਂ ਤਾਂ ਕੋਈ ਨਹੀਂ ਕਹਿੰਦਾ। ਰੋਟੀ ਨੂੰ ਤਾਂ ਨੱਠ ਕੇ ਪੈਂਦਾ ਹੈ। ਪੈਸੇ ਸੁੱਟ ਦਿਓ ਦੌੜ ਕੇ ਚੁੱਕਣ ਜਾਏਗਾ। ਨੌਕਰੀ ਦਾ ਇਸ਼ਤਿਹਾਰ ਕੱਢ ਦਿਓ ਕਿ ਨੌਕਰੀ ਦਸ ਹਜ਼ਾਰ ਦੀ ਮਿਲੇਗੀ, ਦੌੜਿਆ ਹੀ ਫਿਰੇਗਾ। ਉਥੇ ਤਾਂ ਕਿਰਪਾ ਕਰਦਾ ਹੈ ਆਪਣੇ ਆਪ ਤੇ ਜਿਹੜੀ ਕਿਰਪਾ ਅਸਲੀ ਕਰਨੀ ਹੈ ਉਸ ਵੇਲੇ ਸੌਂ ਜਾਂਦਾ ਹੈ, ਬਹਾਨੇ ਬਣਾਉਂਦਾ ਹੈ, ਓਸ ਵੇਲੇ ਨਹੀਂ ਕਿਰਪਾ ਕਰਦਾ।

ਸੋ ਏਸ ਤਰ੍ਹਾਂ ਇਸ ਵਿਚਾਰੇ ਜੀਵ ਦੇ ਉਤੇ ਕਿਰਪਾ ਕਰੋ ਭਾਈ ਆਪਣੀ, ਇਹ ਵਿਛੜਿਆ ਹੋਇਆ, ਦੁੱਖਾਂ ਵਿਚ ਪਿਆ ਹੋਇਆ ਜਨਮਾਂ-ਜਨਮਾਂਤਰਾਂ ਵਿਚ ਘੁੰਮਦਾ ਹੈ, ਸਮਾਂ ਲੰਘਦਾ ਜਾਂਦਾ ਹੈ ਫੇਰ ਮੁੜ ਕੇ ਸਮਾਂ ਹੱਥ ਨਹੀਂ ਆਉਣਾ। ਸੋ ਹੁਣ ਕਿਉਂਕਿ ਸਮਾਂ ਇਜ਼ਾਜਤ ਨਹੀਂ ਦਿੰਦਾ ਇਥੇ ਹੀ ਮੈਂ ਸਮਾਪਤ ਕਰਦਾ ਹਾਂ।

ਹੁਣ ਸਾਰੇ ਪ੍ਰੇਮੀ ਪਹਿਲਾਂ 'ਅਨੰਦ ਸਾਹਿਬ' ਵਿਚ ਬੋਲਣ ਦੀ ਖੇਚਲ ਕਰੋ ਫੇਰ 'ਗੁਰ ਸਤੋਤਰ' ਵਿਚ ਆਪਣੀ ਰਸਨਾ ਪਵਿੱਤਰ ਕਰੋ।

-ਅਨੰਦ ਸਾਹਿਬ-

-ਗੁਰ ਸਤੋਤਰ-

-ਅਰਦਾਸ-

★★★★★★★

# ਭਗਵਤ ਗੀਤਾ ਦੀ ਚਿਰ ਸਥਾਈ ਆਤਮ ਵਿਦਿਆ

## PERENNIAL PSYCHOLOGY OF THE BHAGVAD GITA

*ਮੂਲ ਲੇਖਕ – ਡਾ. ਸਵਾਮੀ ਰਾਮ ਜੀ*
*ਅਨੁਵਾਦਕ – ਡਾ. ਬੀਬੀ ਤੇਜਿੰਦਰ ਮਲਹੋਤਰਾ*

### ਸੋਲ੍ਹਵਾਂ ਅਧਿਆਇ

### ਅਗਿਆਨੀਆਂ ਦੇ ਤੇ ਰਿਸ਼ੀ ਮੁਨੀਆਂ ਦੇ ਭਾਗ

ਕ੍ਰਿਸ਼ਨ ਜੀ ਬਚਨ ਕਰਦੇ ਹਨ –

1. ਨਿਰਭੈਤਾ, ਚਿੱਤ ਦੀ ਸ਼ੁਧੀ, ਆਤਮ ਗਿਆਨ ਵਿਚ ਨਿਸ਼ਠਾ, ਦਾਨ, ਇੰਦ੍ਰੀਆਂ ਦਾ ਦਮਨ, ਯੱਗ, ਸ਼ਾਸਤ੍ਰ ਵਿਚਾਰ, ਤਪ, ਸਰਲਤਾ।

2. ਅਹਿੰਸਾ, ਸਤਿ, ਕ੍ਰੋਧ ਰਹਿਤ ਤਿਆਗ, ਸ਼ਾਂਤੀ, ਅਨੁਸ਼ਾਸ਼ਨ, ਸਭ ਜੀਵਾਂ ਉਤੇ ਦਇਆ ਕਰਨੀ, ਵਿਸ਼ਿਆਂ ਵਿਚ ਲਿਪਤ ਨਾ ਹੋਣਾ, ਸੁਭਾਵ ਵਿਚ ਕੋਮਲਤਾ, ਸ਼ਰਮ, ਚੰਚਲਤਾ ਦਾ ਨਾ ਹੋਣਾ।

3. ਤੇਜ, ਖਿਮਾ, ਧੀਰਜ, ਪਵਿੱਤਰਤਾ, ਕਿਸੇ ਨਾਲ ਧ੍ਰੋਹ ਨਾ ਕਰਨਾ ਤੇ ਅਭਿਮਾਨ ਰਹਿਤ ਹੋਣਾ। ਹੇ ਭਾਰਤ! ਦੈਵੀ ਸੰਪਤੀ ਵਾਲੇ ਵਿਚ ਇਹ ਗੁਣ ਜਨਮ ਤੋਂ ਹੁੰਦੇ ਹਨ।

ਇਹ ਬਹੁਤ ਅਵਸ਼ਕ ਹੈ ਕਿ ਉਹ ਗੁਣ ਆਪਣੇ ਅੰਦਰ ਪੈਦਾ ਕੀਤੇ ਜਾਣ ਜਿਨ੍ਹਾਂ ਨਾਲ ਆਤਮ ਮਾਰਗ ਸੁਹੇਲਾ ਹੋਵੇ। ਕੁਝ ਇਕ ਗੁਣਾਂ ਤੋਂ ਬਿਨਾਂ ਇਸ ਮਾਰਗ ਦੀਆਂ ਰੁਕਾਵਟਾਂ ਨਹੀਂ ਹਟਾਈਆਂ ਜਾ ਸਕਦੀਆਂ। ਕਈਆਂ ਲਈ ਮਾਰਗ ਸਾਫ ਹੁੰਦਾ ਹੈ ਪਰ ਦੂਸਰਿਆਂ ਲਈ ਇਸ ਤੇ ਬੇਅੰਤ ਔਕੜਾਂ ਹੁੰਦੀਆਂ ਹਨ, ਜਿਨ੍ਹਾਂ ਨੂੰ ਚੰਗੇ ਗੁਣਾਂ ਦੀ ਬਖਸ਼ਿਸ਼ ਹੁੰਦੀ ਹੈ, ਉਨ੍ਹਾਂ ਨੂੰ ਇਹ ਰਾਹ ਸੌਖਾ ਲਗਦਾ ਹੈ, ਜਦੋਂ ਕਿ ਜਿਨ੍ਹਾਂ ਕੋਲ ਚੰਗੇ ਗੁਣ ਨਹੀਂ ਹੁੰਦੇ ਉਹ ਬਹੁਤ ਔਖੇ ਹੁੰਦੇ ਹਨ। ਉਸ ਇਕ ਪ੍ਰਕਾਸ਼ ਤਕ ਪਹੁੰਚਣ ਲਈ ਰਾਹ ਇਕ ਹੀ ਹੈ ਪਰ ਹਰ ਮਨੁੱਖ ਆਪਣੀਆਂ ਔਕੜਾਂ ਆਪ ਬਣਾ ਲੈਂਦਾ ਹੈ, ਆਪਣੇ ਦੋਖੀ ਬਣਾ ਲੈਂਦਾ ਹੈ ਆਪਣੇ ਲਈ ਰੁਕਾਵਟਾਂ ਖੜ੍ਹੀਆਂ ਕਰ ਲੈਂਦਾ ਹੈ, ਇਸ ਮਾਰਗ ਤੇ ਚਲਣ ਤੋਂ ਪਹਿਲਾਂ ਤਿਆਰੀ ਕਰਨੀ ਜ਼ਰੂਰੀ ਹੈ। ਇਸ ਮਾਰਗ ਤੇ ਤੁਰਨ ਲਈ ਇਹ ਬਹੁਤ ਜ਼ਰੂਰੀ ਹੈ ਕਿ ਆਪਣੇ ਦੁਨਿਆਵੀ ਵਿਚਾਰ ਇਕੱਠੇ ਕਰਕੇ, ਆਪਣੀਆਂ ਇਛਾਵਾਂ, ਸੰਵੇਗ ਜਿਹੜੇ ਜਗਿਆਸੂ ਨੂੰ ਤੰਗ ਕਰਦੇ ਹਨ, ਉਸ ਦੀ ਸ਼ਕਤੀ ਗਾਲਦੇ ਹਨ, ਉਸ ਦੀ ਇੱਛਾ ਸ਼ਕਤੀ ਲੁਟਦੇ ਹਨ, ਉਸ ਦਾ ਮਨੋਬਲ ਖਤਮ ਕਰਦੇ ਹਨ, ਉਨ੍ਹਾਂ ਨੂੰ ਵੈਰਾਗ ਦੀ ਅਗਨੀ ਵਿਚ ਝੋਕ ਦਿਤਾ ਜਾਵੇ। ਇਹ ਗੁਣ ਉਸ ਦਾ ਗਹਿਣਾ ਹਨ। ਇਸ ਦੇ ਵਿਪਰੀਤ ਅਵਗੁਣ ਹਨ। ਸਾਡੇ ਸਾਰਿਆਂ ਵਿਚ ਇਹ ਕਾਬਲੀਅਤ ਹੈ ਕਿ ਅਸੀਂ ਇਹ ਗੁਣ ਧਾਰਨ ਕਰ ਸਕੀਏ ਤੇ ਅਵਗੁਣ ਕੱਢ ਸਕੀਏ ਤੇ ਉਹ ਗੁਣ ਪੈਦਾ ਕਰੀਏ ਜਿਨ੍ਹਾਂ ਨਾਲ ਇਸ ਮਾਰਗ ਤੇ ਚੱਲਣਾ ਸੌਖਾ ਹੋ ਜਾਵੇ।

ਹਰੇਕ ਮਨੁੱਖ ਵਿਚ ਉਹ ਸ਼ਕਤੀ ਹੈ ਜਿਸ ਨਾਲ ਇਸ ਮਾਰਗ ਤੇ ਚੱਲਣ ਦੀ ਤਿਆਰੀ ਕੀਤੀ ਜਾਂਦੀ ਹੈ, ਜੋ ਤੁਹਾਨੂੰ ਅਣਦਿਸਦੇ ਤਕ ਪੁਚਾ ਦਿੰਦਾ ਹੈ। ਸਭ ਤੋਂ ਪਹਿਲਾ ਗੁਣ ਨਿਰਭੈਤਾ ਹੈ। ਮਨ ਦੀ ਨਿਰਮਲਤਾ ਦੂਸਰਾ ਗੁਣ ਹੈ। ਤੀਸਰਾ ਗੁਣ ਹੈ ਕਿ ਬਿਨਾਂ ਪਰਿਆਸ ਛੱਡਿਆ ਲੱਗੇ ਹੀ ਰਹਿਣਾ, ਹਟਣਾ ਨਹੀਂ ਇਸ ਤਰ੍ਹਾਂ ਕਰਨ ਨਾਲ ਅੰਦਰ ਪਹੁੰਚਣ ਵਿਚ ਬਹੁਤ ਸਹਾਇਤਾ ਮਿਲਦੀ ਹੈ। ਇਨ੍ਹਾਂ ਗੁਣਾਂ ਨਾਲ ਜਗਿਆਸੂ ਉਦਾਰ ਬਣਦਾ ਹੈ ਤੇ ਸਵੈ ਅਨੁਸ਼ਾਸ਼ਕ ਬਣਦਾ ਹੈ। ਇਨ੍ਹਾਂ ਗੁਣਾਂ ਦੀ ਸਹਾਇਤਾ ਨਾਲ ਉਹ ਦਾਨੀ ਬਣ ਕੇ ਆਪਣੀ ਆਤਮ ਮਾਰਗ ਦੀ ਤਰੱਕੀ ਦੇਖਦਾ ਹੈ ਤੇ ਰਿਸ਼ੀਆਂ ਮੁਨੀਆਂ ਦੀ ਸਿਖਿਆ ਦੇਖਦਾ ਹੈ, ਗਰੀਬੀ ਦਾਵੇ ਨਾਲ ਰਹਿਣਾ ਤੇ ਸਪਸ਼ਟ ਤੇ ਸਾਫ ਰਹਿਣਾ ਵੀ ਇਸ ਮਾਰਗ ਤੇ ਚੱਲਣ ਦੇ ਅਤਿ ਜ਼ਰੂਰੀ ਗੁਣ ਹਨ।

ਜਗਿਆਸੂ ਨੂੰ ਇਹ ਗੁਣ ਆਪਣੇ ਅੰਦਰ ਪੈਦਾ ਕਰਨੇ ਚਾਹੀਦੇ ਹਨ ਤੇ ਆਪਣੇ ਨਿਜੀ ਜੀਵਨ ਵਿਚ ਵਰਤਣੇ ਚਾਹੀਦੇ ਹਨ। ਜੋ ਵੀ ਗੁਣ ਗ੍ਰਹਿਣ ਕੀਤੇ ਜਾਣ ਉਨ੍ਹਾਂ ਨੂੰ ਰੋਜ਼ ਦੇ ਜੀਵਨ ਵਿਚ ਵਰਤੋਂ ਵਿਚ ਲਿਆਉਣਾ ਚਾਹੀਦਾ ਹੈ, ਆਪਣੀ ਬੋਲੀ ਵਿਚ ਵਰਤਣਾ ਚਾਹੀਦਾ ਹੈ। ਅਹਿੰਸਾ ਦਾ ਅਭਿਆਸ ਜੀਵ ਜੰਤੂ ਤੇ ਦੂਸਰਿਆਂ ਨਾਲ ਪਿਆਰ ਜਿਤਾਉਂਦਾ ਹੈ। ਮਨ ਬਚਨ ਕਰਮ ਨਾਲ ਝੂਠ ਤੋਂ ਦੂਰ ਰਹਿਣ ਦਾ ਅਭਿਆਸ, ਝੂਠ ਨਾ ਬੋਲਣ ਦਾ ਅਭਿਆਸ, ਮਨੁੱਖ ਨੂੰ ਸੱਚ ਦੀ ਪ੍ਰਾਪਤੀ ਤੇ ਲੈ ਜਾਂਦਾ ਹੈ। ਜਗਿਆਸੂ ਜਦੋਂ ਸਾਰੀਆਂ ਸੁਆਰਥੀ ਇਛਾਵਾਂ ਦਾ ਤਿਆਗ ਕਰ ਦਿੰਦਾ ਹੈ ਉਹ ਦੇਖਦਾ ਹੈ ਕਿ ਕ੍ਰੋਧ ਤੇ ਕਲੇਸ਼ ਸੁਤੇ ਹੀ ਖਤਮ ਹੋ ਜਾਂਦੇ ਹਨ, ਪ੍ਰਸੰਨ ਹੋ ਕੇ ਕਰਮਾਂ ਦੇ ਫਲ ਅਰਪਣ ਕਰ ਦੇਣ ਨਾਲ ਮਨੁੱਖ ਸਾਵਾ ਰਹਿੰਦਾ ਹੈ, ਜਿਹੜੇ ਦੂਸਰਿਆਂ ਲਈ ਦਇਆ ਰਖਦੇ ਹਨ, ਨਿੰਦਿਆ ਨਹੀਂ ਕਰਦੇ, ਦੂਸਰਿਆਂ ਦੀ ਜਾਇਦਾਦ ਦੌਲਤ ਤੇ ਨਿਗ੍ਹਾ ਨਹੀਂ ਰਖਦੇ, ਜਿਹੜੇ ਸਾਊ ਹਨ ਤੇ ਬੁਰਿਆਈਆਂ ਤੋਂ ਪਰ੍ਹੇ ਦੌੜਦੇ ਹਨ ਤੇ ਸਦਾ ਸਮ ਰਹਿੰਦੇ ਹਨ, ਇਕੋ ਜਿਹੇ ਰਹਿੰਦੇ ਹਨ ਉਹ ਇਸ ਮਾਰਗ ਤੇ ਹੀ ਚਲ ਰਹੇ ਹਨ। ਉਹ ਸੂਰਮੇ ਸਦਾ ਹੀ ਦਇਆਲੂ ਹਨ, ਸਦਾ ਹੀ ਬਖਸ਼ਦੇ ਹਨ, ਕਿਸੇ ਨਾਲ ਵੈਰ ਨਹੀਂ ਰਖਦੇ, ਉਨ੍ਹਾਂ ਵਿਚ ਕੋਈ ਅਹੰਕਾਰ ਨਹੀਂ, ਕੋਈ ਅਭਿਮਾਨ ਨਹੀਂ, ਕੋਈ ਹੈਂਕੜ ਨਹੀਂ। ਇਹ ਗੁਣ ਆਤਮ ਮਾਰਗ ਤੇ ਤੁਰਨ ਲਈ ਅਤਿ ਲੋੜੀਂਦੇ ਹਨ। ਜਗਿਆਸੂਆਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਰੂਹਾਨੀਅਤ ਦੇ ਰਸਤੇ ਤੇ ਤੁਰਨ ਲਈ ਇਹ ਗੁਣ ਹੋਣੇ ਬਹੁਤ ਹੀ ਅਵੱਸ਼ਕ ਹਨ। ਹਰੇਕ ਜਗਿਆਸੂ ਨੂੰ ਇਹ ਜਾਨਣਾ ਬਹੁਤ ਜ਼ਰੂਰੀ ਹੈ ਕਿ ਇਨ੍ਹਾਂ ਗੁਣਾਂ ਨਾਲ ਅਧਿਆਤਮਵਾਦ ਦਾ ਰਾਹ ਸੁਹੇਲਾ ਬਣਦਾ ਹੈ।

4. ਹੇ ਪਾਰਥ! ਪਾਖੰਡ, ਘੁਮੰਡ, ਅਭਿਮਾਨ, ਕ੍ਰੋਧ,

ਕਠੋਰਤਾ ਤੇ ਅਗਿਆਨਤਾ ਇਹ ਸਭ ਅਸੁਰੀ ਸੰਪਤੀ ਵਾਲੇ ਔਗੁਣ ਹਨ।

ਤੁਸੀਂ ਆਪਣੇ ਭਾਗ ਬਣਾਉਣ ਵਾਲੇ ਆਪ ਹੋ। ਤੁਸੀਂ ਆਪ ਆਪਣੇ ਗੀਤਾਂ ਦੀ ਧੁਨ ਬਣਾ ਸਕਦੇ ਹੋ, ਬਣਾਉਂਦੇ ਹੋ। ਜੋ ਕੁਝ ਵੀ ਤੁਸੀਂ ਦੇਖਦੇ ਹੋ, ਪੜਤਾਲਦੇ ਹੋ, ਉਹ ਤੁਸੀਂ ਆਪ ਹੀ ਕਰ ਰਹੇ ਹੋ, ਤੁਸੀਂ ਆਪ ਹੀ ਆਪਣੇ ਜੀਵਨ ਨੂੰ ਵਿਮੁਕਤ ਕਰਨ ਵਾਲੇ ਹੋ, ਤੁਸੀਂ ਆਪਣਾ ਭਾਗ ਆਪ ਹੀ ਬਣਾਉਂਦੇ ਹੋ। ਜਿਹੜਾ ਮਨੁੱਖ ਅਭਿਮਾਨ, ਕ੍ਰੋਧ, ਸਾਰਹੀਣਤਾ, ਪਾਖੰਡ ਦਾ ਸ਼ਿਕਾਰ ਹੈ, ਉਸ ਵਿਚ ਅਹੰਕਾਰ ਹੈ, ਉਹ ਅਗਿਆਨੀ ਹੈ, ਉਹ ਸਦਾ ਹੀ ਆਤਮ ਅਭਿਮਾਨ ਦੇ ਸੰਤਾਪ ਵਿਚ ਫਸਿਆ ਰਹਿੰਦਾ ਹੈ, ਉਸ ਦੇ ਔਗੁਣ ਅਸੁਰਾਂ ਵਾਲੇ ਹਨ ਅਤੇ ਉਸਨੂੰ ਅਗਿਆਨ ਵਲ ਹੀ ਧਕਦੇ ਹਨ।

ਯੋਗ ਦੀ ਚਕਿਤਸਿਕ ਵਿਧੀ ਦਸਦੀ ਹੈ ਕਿ ਕਿਵੇਂ ਰਾਕਸ਼ੀ ਗੁਣਾਂ ਨੂੰ ਰੂਹਾਨੀ ਗੁਣਾਂ ਨਾਲ ਬਦਲਿਆ ਜਾਵੇ, ਰਾਕਸ਼ੀ ਗੁਣ ਕੱਢ ਕੇ ਤੇ ਰੂਹਾਨੀ ਗੁਣ ਪੈਦਾ ਕੀਤੇ ਜਾਣ, ਆਤਮ ਮਾਰਗ ਤੇ ਤੁਰਨ ਲਈ ਰੂਹਾਨੀ ਗੁਣਾਂ ਦੀ ਬਹੁਤ ਹੀ ਲੋੜ ਹੈ। ਅੱਜ ਦੇ ਮਨੋਵਿਗਿਆਨੀ ਤੇ ਚਕਿਤਸਿਕ ਇਹੋ ਜਿਹਾ ਕੋਈ ਵੀ ਪ੍ਰੋਗਰਾਮ ਨਹੀਂ ਦਿੰਦੇ, ਕੋਈ ਇਹੋ ਜਿਹੀ ਸਿਖਿਆ ਨਹੀਂ ਦਿੰਦੇ ਜਿਸ ਨਾਲ ਔਗੁਣ ਕੱਢ ਕੇ ਸ਼ੁਧ ਗੁਣਾਂ ਨੂੰ ਪੈਦਾ ਕੀਤਾ ਜਾ ਸਕੇ। ਮਨੋਵਿਗਿਆਨ ਸਾਰੇ ਮਨੁੱਖ ਤੇ ਧਿਆਨ ਨਹੀਂ ਦਿੰਦੇ, ਮਨੁੱਖ ਦੀਆਂ ਸਾਰੀਆਂ ਬਿਰਤੀਆਂ, ਸਮੁੱਚੇ ਜੀਵ ਨੂੰ ਨਹੀਂ ਪਰਖਦੇ, ਨਾ ਹੀ ਸਵੈ ਸੁਧਾਰ ਦੀ ਹੀ ਕੋਈ ਸਿਖਿਆ ਦਿੰਦਾ ਹੈ। ਆਧੁਨਿਕ ਮਨੋਵਿਗਿਆਨ ਤਾਂ ਆਪ ਹੀ ਅਜੇ ਮਨੁੱਖ ਦੇ ਦੁਖਾਂ ਦਾ ਕਾਰਣ ਲੱਭਣ ਦੀ ਤੇ ਸਮਝਣ ਦੀ ਕੋਸ਼ਿਸ਼ ਕਰ ਰਿਹਾ ਹੈ। ਉਸ ਨਾਲੋਂ ਯੋਗ ਮਨੋਵਿਗਿਆਨ ਨੇ ਸਵੈ ਸੁਧਾਰ ਦੇ ਵਧੇਰੇ ਤਰੀਕੇ ਤੇ ਰਸਤੇ ਲੱਭ ਲਏ ਹਨ।

5. ਦੈਵੀ ਸੰਪਤੀ ਦੇ ਗੁਣ ਨਿਰਬੰਧ ਕਰਦੇ ਹਨ, ਅਸੁਰੀ ਗੁਣ ਬੰਧਨ ਵਿਚ ਪਾਉਂਦੇ ਹਨ। ਹੇ ਪਾਂਡਵ! ਤੂੰ ਸੋਚ ਨਾ ਕਰ ਕਿਉਂਕਿ ਤੂੰ ਦੈਵੀ ਗੁਣ ਲੈ ਕੇ ਜਨਮ ਲਿਆ ਹੈ।

ਚੰਗੇ ਗੁਣਾਂ ਨੂੰ ਅਪਣਾ ਕੇ ਇਹ ਅਵਸ਼ਕ ਹੈ ਕਿ ਤੁਸੀਂ ਗਿਆਨ ਦੇ ਪੱਥ ਤੇ ਚਲਦੇ ਹੋ, ਇਹ ਉਹ ਰਸਤਾ ਹੈ ਜਿਸ ਨਾਲ ਮਨੁੱਖ ਬੰਧਨਾਂ ਤੋਂ ਛੁਟਦਾ ਹੈ ਤੇ ਸੁਤੰਤਰ ਹੁੰਦਾ ਹੈ ਪਰ ਜਿਹੜੇ ਅਜੇ ਸੁਚੇਤ ਨਹੀਂ ਹੋਏ, ਅਧਿਆਤਮਵਾਦ ਨੂੰ ਨਹੀਂ ਜਾਣਦੇ, ਉਹ ਚੰਗੇ ਗੁਣਾਂ ਨੂੰ ਅਪਣਾਉਂਦੇ ਹੀ ਨਹੀਂ, ਉਹ ਬੰਧਨ ਵਿਚ ਹੀ ਪਏ ਰਹਿੰਦੇ ਹਨ। ਇਥੇ ਦੋ ਬਹੁਤ ਹੀ ਜ਼ਰੂਰੀ ਗੱਲਾਂ ਹਨ। ਪਹਿਲੀ ਇਹ ਹੈ ਕਿ ਚੰਗੇ ਵਿਚਾਰ, ਚੰਗੇ ਕਰਮ, ਚੰਗੇ ਕੰਮ ਕਰਨੇ, ਇਹ ਕਦੀ ਵੀ ਖਤਮ ਨਹੀਂ ਹੁੰਦੇ। ਜਿਹੜਾ ਜਗਿਆਸੂ ਇਕ ਵਾਰੀ ਰੂਹਾਨੀ ਮਾਰਗ ਤੇ ਤੁਰ ਪੈਂਦਾ ਹੈ ਉਸਨੂੰ ਇਹ ਸਾਰੇ ਗੁਣ ਵਿਰਾਸਤ ਵਿਚ ਮਿਲਦੇ ਹੀ ਮਿਲਦੇ ਹਨ, ਇਹੋ ਜਿਹੇ ਜਗਿਆਸੂ ਲਈ ਅਧਿਆਤਮ ਮਾਰਗ ਸੌਖਾ ਹੋ ਜਾਂਦਾ ਹੈ। ਦੂਸਰੀ ਗੱਲ ਇਹ ਹੈ ਗੁਰੂ ਨੂੰ ਸਦਾ ਹੀ ਸ਼ਿਸ਼ ਨੂੰ ਉਸ ਦੇ ਚੰਗੇ ਗੁਣਾਂ ਬਾਰੇ ਸੁਚੇਤ ਕਰਾਉਂਦੇ ਰਹਿਣਾ ਚਾਹੀਦਾ ਹੈ, ਉਸ ਨੂੰ ਸਿਰਜਨਾਤਮਕ ਗੁਣਾਂ ਬਾਰੇ ਦਸਦੇ ਰਹਿਣਾ ਚਾਹੀਦਾ ਹੈ, ਉਨ੍ਹਾਂ ਗੁਣਾਂ ਬਾਰੇ ਸੁਚੇਤ ਕਰਦੇ ਰਹਿਣਾ ਚਾਹੀਦਾ ਹੈ ਜਿਹੜੇ ਸਵੈ ਪ੍ਰਗਟਾਵੇ ਵਿਚ ਸਹਾਇਕ ਹੋਣ। ਅਰਜਨ ਨੂੰ ਇਸ ਬਾਰੇ ਸੁਚੇਤ ਕੀਤਾ ਜਾਂਦਾ ਹੈ ਕਿ ਉਸ ਦੇ ਅੰਦਰ ਚੰਗੇ ਗੁਣ ਜਮਾਂਦਰੂ ਹਨ।

6. ਹੇ ਪਾਰਥ! ਇਸ ਲੋਕ ਵਿਚ ਦੋ ਪ੍ਰਕਾਰ ਦੇ ਜੀਵਾਂ ਦੀ ਉਤਪਤੀ ਹੈ, ਦੈਵੀ ਤੇ ਅਸੁਰੀ। ਦੈਵੀ ਸਬੰਧੀ ਵਿਸਤਾਰਪੂਰਵਕ ਦੱਸ ਚੁਕੇ ਹਾਂ ਹੁਣ ਅਸੁਰਾਂ ਬਾਰੇ ਸੁਣੋ।

7. ਅਸੁਰੀ ਸੁਭਾਵਾਂ ਵਾਲੇ ਆਦਮੀ ਸੰਸਾਰਕ ਧਰਮਾਂ ਵਿਚ ਨਾ ਪ੍ਰਵਿਰਤ ਹੋਣਾ ਜਾਣਦੇ ਹਨ ਅਤੇ ਨਾ ਹੀ ਉਨ੍ਹਾਂ ਵਿਚੋਂ ਨਿਵਿਰਤ ਹੋਣਾ ਜਾਣਦੇ ਹਨ। ਨਾ ਉਨ੍ਹਾਂ ਵਿਚ ਪਵਿਤਰਤਾ ਹੈ, ਨਾ ਆਚਾਰ, ਨਾ ਸਤਿ ਹੁੰਦਾ ਹੈ।

8. ਉਹ ਕਹਿੰਦੇ ਹਨ ਕਿ ਇਹ ਜਗਤ ਅਸਤਿ, ਨਿਰਾਧਾਰ ਤੇ ਨਿਰ-ਈਸ਼੍ਵਰ ਹੈ, ਪਰਸਪਰ ਮੇਲ ਤੇ ਕਾਮ ਨਾਲ ਉਤਪੰਨ ਹੋਇਆ ਹੋਇਆ ਹੈ।

9. ਇਹ ਨਸ਼ਟ ਚਿੱਤ ਆਤਮਾ ਅਤੇ ਤੁਛ ਬੁੱਧੀ ਵਾਲੇ ਕਰੂਰ ਕਰਮ ਕਰਨ ਵਾਲੇ ਹਨ, ਜਗ ਦੇ ਵੈਰੀ ਹਨ, ਜਗਤ ਦਾ ਨਾਸ਼ ਕਰਨ ਲਈ ਪੈਦਾ ਹੁੰਦੇ ਹਨ।

10. ਇਹ ਦੰਭ, ਮਾਨ ਅਤੇ ਮਦ ਨਾਲ ਯੁਕਤ ਹੋਏ ਪਏ ਹਨ, ਕਾਮਨਾ - ਜਿਸ ਤੋਂ ਇਹ ਕਦੀ ਵੀ ਨਹੀਂ ਰਜਦੇ ਉਸ ਦੇ ਵਸ ਹੋ ਕੇ ਮੋਹ ਕਾਰਨ ਬੁਰੇ ਖਿਆਲ ਰਖਦੇ ਹੋਏ, ਅਸ਼ੁਧ ਭਾਵਨਾ ਨਾਲ ਕਰਮ ਕਰਦੇ ਹਨ।

11. ਇਹ ਮਰਨ ਤਕ ਅਨੇਕ ਪ੍ਰਕਾਰ ਦੀ ਚਿੰਤਾ ਵਿਚ ਪਏ ਰਹਿੰਦੇ ਹਨ ਅਤੇ ਕਾਮਨਾ ਦੇ ਭੋਗ ਨੂੰ ਹੀ ਪਰਮ ਮੰਨਦੇ ਹਨ।

12. ਸੈ੍ਂ ਆਸਾ ਰੂਪੀ ਫਾਸ ਨਾਲ ਬੱਝੇ ਹੋਏ ਕਾਮ ਕ੍ਰੋਧ ਦੇ ਆਸਰੇ ਵਿਸ਼ੇ ਭੋਗਾਂ ਲਈ, ਅਨਿਆਇ ਕਰਕੇ ਧਨ ਇਕੱਠਾ ਕਰਦੇ ਹਨ।

13. ਅੱਜ ਮੈਂ ਇਹ ਕੁਝ ਲੱਭਿਆ ਹੈ ਇਹ ਕੁਝ ਹਾਸਲ ਕਰ ਲਵਾਂਗਾ ਅੱਜ ਮੇਰਾ ਐਨਾ ਧਨ ਹੈ, ਕੱਲ੍ਹ ਨੂੰ ਇਹ ਵੀ ਮੇਰਾ ਹੋ ਜਾਊ।

14. ਇਸ ਵੈਰੀ ਨੂੰ ਮੈਂ ਮਾਰ ਲਿਆ ਹੈ, ਦੂਜਿਆਂ ਦੁਸ਼ਮਣਾਂ ਨੂੰ ਵੀ ਮੈਂ ਮਾਰ ਲਵਾਂਗਾ, ਮੈਂ ਈਸ਼ਵਰ ਹਾਂ, ਮੈਂ ਭੋਗਤਾ ਹਾਂ, ਮੈਂ ਸਿੱਧ ਬਲਵਾਨ ਅਤੇ ਸੁਖੀ ਹਾਂ।

15. ਮੈਂ ਧਨੀ ਹਾਂ, ਉਚ ਕੁਲ ਦਾ ਹਾਂ, ਮੇਰੇ ਵਰਗਾ ਹੋਰ ਕੌਣ ਹੈ? ਮੈਂ ਯੱਗ ਕਰਦਾ ਹਾਂ, ਮੈਂ ਦਾਨੀ ਹਾਂ। ਮੈਂ ਖੁਸ਼ ਰਹਿੰਦਾ ਹਾਂ, ਇਸ ਤਰ੍ਹਾਂ ਅਗਿਆਨ ਨਾਲ ਮੋਹਤ ਹੋਏ ਪਏ ਹਨ।

16. ਅਨੇਕ ਚਿਤਵਨਾ ਨਾਲ ਭਰਮੇ ਹੋਏ ਮੋਹ ਜਾਲ ਵਿਚ ਫਸੇ ਹੋਏ, ਕਾਮਨਾ ਦੇ ਭੋਗ ਵਿਚ ਹੀ ਰਤੇ ਇਹ ਘੋਰ ਨਰਕ ਵਿਚ ਡਿਗਦੇ ਹਨ।

17. ਆਪਣੇ ਆਪ ਨੂੰ ਸਭ ਤੋਂ ਅੱਛਾ ਮੰਨਣ ਵਾਲੇ ਹਠ, ਧਨ ਤੇ ਮਾਨ ਦੇ ਨਸ਼ੇ ਵਾਲੇ, ਧਾਰਮਿਕ ਵਿਧੀ ਨੂੰ ਛੱਡ ਕੇ, ਪਾਖੰਡ ਨਾਲ ਕੇਵਲ ਨਾਮ ਮਾਤਰ ਯੱਗ ਕਰਦੇ ਹਨ।

18. ਅਹੰਕਾਰ, ਬਲ, ਗਰਭ, ਕਾਮ, ਕ੍ਰੋਧ ਨਾਲ ਭਰੇ ਹੋਏ ਇਹ ਪਾਪੀ ਆਦਮੀ, ਮੈਨੂੰ, ਆਪਣੇ ਅਤੇ ਹੋਰਾਂ ਦੀ ਦੇਹ ਵਿਚ ਵਸਦੇ ਹੋਏ ਨੂੰ, ਘ੍ਰਿਣਾ ਕਰਦੇ ਹਨ।

19. ਇਨ੍ਹਾਂ ਦੋਖੀਆਂ, ਕਰੂਰਾਂ, ਨਿਰਦਈ ਜਗਤ ਦੇ ਆਦਮੀਆਂ ਵਿਚੋਂ ਬੜੇ ਨੀਚ, ਇਨ੍ਹਾਂ ਨੂੰ ਮੈਂ ਸਦਾ ਅਸੁਰੀ ਜੂਨ ਵਿਚ ਜਨਮ ਲੈਣ ਲਈ ਹੀ ਭੇਜਦਾ ਹਾਂ।

20. ਹੇ ਕੌਂਤੇਯ! ਇਹ ਮੂੜ ਅਸੁਰੀ ਜੂਨ ਵਿਚ ਹੀ ਜਨਮ ਪਾ ਕੇ ਮੈਨੂੰ ਨਾ ਪਾ ਕੇ ਬੜੀ ਨੀਚ ਗਤੀ ਨੂੰ ਪ੍ਰਾਪਤ ਹੁੰਦੇ ਹਨ।

***'ਚਲਦਾ'***

*******

---

(ਪੰਨਾ 39 ਦੀ ਬਾਕੀ)

ਰਿਆਸਤ ਤੇ ਸਿਖ ਮਹਾਰਾਜੇ ਦੇ ਖਿਲਾਫ ਕੰਮ ਨਹੀਂ ਕਰ ਸਕਦਾ।'

ਆਪ ਨੇ ਪੰਥ ਦੇ ਹਿਤ ਤੇ ਸਿੱਖ ਰਿਆਸਤਾਂ ਤੇ ਸਿੱਖ ਪੰਥ ਦੇ ਸਮੁੱਚੇ ਭਲੇ ਨੂੰ ਸਦਾ ਮੁਖ ਰਖਿਆ। ਜਿਥੋਂ ਤਕ ਹੋ ਸਕਿਆ, ਇਸ ਲਈ ਪੂਰਾ ਪੂਰਾ ਯਤਨ ਕੀਤਾ। ਚੁਨਾਂਚਿ 1929 ਵਿਚ ਪਟਿਆਲਾ ਐਜੀਟੇਸ਼ਨ ਦੇ ਦਿਨਾਂ ਵਿਚ ਪੰਥ ਤੇ ਪਟਿਆਲੇ ਦਾ ਝਗੜਾ ਮੁਕਾਉਣ ਲਈ ਆਪ ਨੇ ਅੰਮ੍ਰਿਤਸਰ ਆ ਕੇ ਕੋਸ਼ਿਸ਼ ਕੀਤੀ, ਜਿਸ ਦਾ ਨਤੀਜਾ ਇਹ ਹੋਇਆ ਕਿ ਬਾਬਾ ਖੜਕ ਸਿੰਘ ਜੀ ਤੇ ਮਾਸਟਰ ਤਾਰਾ ਸਿੰਘ ਜੀ ਆਦਿ ਨਾਲ ਵਿਚਾਰ ਕਰ ਕੇ ਇਕ ਐਲਾਨ ਤਿਆਰ ਕੀਤਾ ਗਿਆ। ਇਹ ਐਲਾਨ ਓਹੋ ਸੀ, ਜੋ 24 ਫਰਵਰੀ 1929 ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਬਾਬਾ ਖੜਕ ਸਿੰਘ ਜੀ ਵਲੋਂ ਪਟਿਆਲਾ ਮੋਰਚੇ ਨੂੰ ਬੰਦ ਕਰਨ ਤੇ ਚੰਗੇ ਹਾਲਾਤ ਪੈਦਾ ਕਰਨ ਲਈ ਪੜ੍ਹ ਕੇ ਸੁਣਾਇਆ ਗਿਆ ਸੀ। ਜੇ ਉਸ ਸਮੇਂ ਰਿਆਸਤ ਦੇ ਅਹਿਲਕਾਰ ਮੌਕਾ ਸੰਭਾਲਦੇ ਤੇ ਸ. ਸੇਵਾ ਸਿੰਘ ਨੂੰ ਜਦੇ ਰਿਹਾ ਕਰ ਦਿਤਾ ਜਾਂਦਾ (ਜਿਨ੍ਹਾਂ ਨੂੰ ਕਿ ਫੇਰ ਅਗਸਤ 1929 ਵਿਚ ਰਿਹਾ ਕੀਤਾ ਗਿਆ) ਤਾਂ ਜਲਦ ਹੀ ਪੰਥ ਤੇ ਪਟਿਆਲੇ ਦੇ ਹਾਲਾਤ ਠੀਕ ਹੋ ਜਾਂਦੇ।

ਗੁਰਦੁਆਰਾ ਸੁਧਾਰ ਲਹਿਰ ਸਮੇਂ ਭਾਵੇਂ ਆਪ ਦਾ ਸਰੀਰ ਕਮਜ਼ੋਰ ਸੀ, ਫਿਰ ਵੀ ਆਪ ਸ਼੍ਰੋਮਣੀ ਕਮੇਟੀ ਦੇ ਦੂਜੇ ਜਥੇ ਵਿਚ ਜੇਲ੍ਹ-ਯਾਤਰਾ ਨੂੰ ਗਏ। ਦੋ ਸਾਲ ਜੇਲ੍ਹ ਯਾਤਰਾ ਕੀਤੀ। ਜੇਲ੍ਹ ਵਿਚ ਆਪ ਸਖਤ ਬੀਮਾਰ ਰਹੇ, ਐਥੋਂ ਤਕ ਕਿ ਜੇਲ੍ਹ ਤੋਂ ਆ ਕੇ ਮੁੜ ਆਪ ਦੀ ਸਿਹਤ ਪੂਰੀ ਤਰ੍ਹਾਂ ਠੀਕ ਨਾ ਹੋਈ। ਉਪਰੰਤ 1929 ਤੱਕ ਸ਼ਰੋਮਣੀ ਕਮੇਟੀ ਦੇ ਮੈਂਬਰ ਰਹੇ। ਇਸ ਤੋਂ ਪਹਿਲਾਂ ਸਿੰਘ ਸਭਾ ਲਹਿਰ ਸਮੇਂ ਆਪ ਪੰਥਕ ਦੀਵਾਨਾਂ ਤੇ ਗੁਰਮਤਿ ਪ੍ਰਚਾਰ ਦੇ ਕੰਮਾਂ ਵਿਚ ਹਿੱਸਾ ਲੈਂਦੇ ਰਹੇ, ਸਿੰਘ ਸਭਾ ਪਟਿਆਲਾ ਦੇ ਸੈਕਟਰੀ ਰਹੇ। ਪਟਿਆਲਾ ਬੈਂਕ ਆਪ ਦੀ ਤਜਵੀਜ਼ ਤੇ ਸਕੀਮ ਦਾ ਸਿੱਟਾ ਹੈ। ਗੱਲ ਕੀ, ਆਪ ਆਯੂ ਪਰਯੰਤ ਗੁਰਮਤਿ ਦੀ ਰਹਿਣੀ, ਗੁਰਸਿਖੀ ਦੇ ਪਰਚਾਰ ਤੇ ਪੰਥਕ ਸੇਵਾ ਵਿਚ ਜੁਟੇ ਰਹੇ। ਆਪ ਦੀਆਂ ਕੌਮੀ ਸੇਵਾ ਦੀਆਂ ਕਈ ਵਿਥਿਆਂ ਹਨ, ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਆਪ ਨੂੰ ਕਿੰਨੀਆਂ ਅਜ਼ਮਾਇਸ਼ਾਂ ਵਿਚ ਦੀ ਲੰਘਣਾ ਪਿਆ। ਸ. ਕਰਮ ਸਿੰਘ ਜੀ ਹਿਸਟੋਰੀਅਨ ਨੂੰ ਪਟਿਆਲੇ ਲੈ ਜਾ ਕੇ ਤਵਾਰੀਖ ਦੀ ਖੋਜ ਦੇ ਕੰਮ ਪਰ ਲਾਉਣ ਵਾਲੇ ਆਪ ਹੀ ਸਨ।

1932 ਵਿਚ ਆਪ ਨੇ ਗੱਲ ਬਾਤ ਕਰਦਿਆਂ ਕਿਹਾ ਕਿ ਅੰਗਰੇਜ਼ ਨੂੰ ਜਿਤਨਾ ਰਿਆਸਤੀ ਲੋਕ ਸਮਝਦੇ ਹਨ, ਉਤਨਾ ਕਾਂਗਰਸੀ ਲੀਡਰ ਨਹੀਂ ਸਮਝ ਸਕਦੇ। ਅੰਗਰੇਜ਼ ਸੌਦਾਬਾਜ਼ ਹੈ, ਮਹਾਤਮਾ ਗਾਂਧੀ ਤੇ ਹੋਰ ਕਾਂਗਰਸੀ ਲੀਡਰ ਮੁਸਲਿਮ ਲੀਗ ਨੂੰ ਜਿਤਨਾ ਖੁਸ਼ ਕਰਨ ਦਾ ਯਤਨ ਕਰ ਰਹੇ ਹਨ, ਉਤਨਾ ਹੀ ਅੰਗਰੇਜ਼ ਸੌਦਾ ਮਹਿੰਗਾ ਕਰ ਰਿਹਾ ਹੈ। ਓੜਕ ਕਾਂਗਰਸੀਆਂ ਨੂੰ ਨੁਕਸਾਨ ਉਠਾਉਣਾ ਤੇ ਪਛਤਾਉਣਾ ਪਵੇਗਾ। ਚੰਗਾ ਇਹ ਹੈ ਕਿ ਕਾਂਗਰਸ ਮੁਸਲਿਮ-ਲੀਗ ਨੂੰ ਖੁਸ਼ ਕਰਨ ਦੀ ਪਾਲਿਸੀ ਛਡ ਦੇਵੇ ਤੇ ਐਲਾਨ ਕਰ ਦੇਵੇ ਕਿ ਅਸੀਂ ਇਸ ਪਿਛਾ-ਖਿਚੂ ਜਮਾਤ ਨਾਲ ਗੱਲ ਕਰਨਾ ਨਹੀਂ ਚਾਹੁੰਦੇ, ਨਤੀਜਾ ਇਹ ਹੋਵੇਗਾ ਕਿ ਅੰਗਰੇਜ਼ ਵੀ ਮੁਸਲਿਮ-ਲੀਗ ਨੂੰ ਛਡ ਦੇਵੇਗਾ।

ਆਪ ਦੀ ਇਹ ਗੱਲ ਸੱਚ ਹੋ ਗਈ ਕਿ ਮੁਸਲਿਮ-ਲੀਗ ਨੇ ਜ਼ੋਰ ਫੜ ਕੇ ਅੰਗਰੇਜ਼ ਦੀ ਸ਼ਹਿ ਨਾਲ ਮੁਲਕ ਦੀ ਵੰਡ ਕਰਾ ਦਿਤੀ ਤੇ ਕਾਂਗਰਸ ਨੂੰ ਮਜਬੂਰ ਹੋ ਕੇ ਇਹ ਵੰਡ ਮੰਨਣੀ ਪਈ ਤੇ ਪਛਤਾਵਾ ਕਾਂਗਰਸ ਦੇ ਪੱਲੇ ਰਿਹਾ। ਆਪ 21 ਅਪ੍ਰੈਲ 1936 ਸ਼ਾਮ ਸਾਢੇ ਅੱਠ ਬਜੇ ਇਸ ਅਸਾਰ ਸੰਸਾਰ ਤੋਂ ਚਲਾਣਾ ਕਰ ਕੇ ਗੁਰਪੁਰੀ ਜਾ ਬਿਰਾਜੇ।

***(ਨਾਹਰ ਸਿੰਘ ਗਯਾਨੀ)***

*******

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ –** – 1, 8, 15, 22, 29 ਜੁਲਾਈ।
**ਪੂਰਨਮਾਸ਼ੀ** – 5 ਜੁਲਾਈ, ਦਿਨ ਵੀਰਵਾਰ।
**ਸੰਗਰਾਂਦ –** 16 ਜੁਲਾਈ, ਸੋਮਵਾਰ।
(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 4.00 ਵਜੇ ਤੱਕ)
**ਅੰਮ੍ਰਿਤ ਸੰਚਾਰ** – ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।

*******

# ਮਹਾਂਪੁਰਸ਼ਾਂ ਦੀ ਸਿਹਤ ਸਬੰਧੀ ਸਮਾਚਾਰ

***ਪ੍ਰੋ. ਗੁਰਦੇਵ ਸਿੰਘ***

10 ਅਪ੍ਰੈਲ, 2001 ਵਾਲੇ ਦਿਨ ਅਚਾਨਕ ਹੀ ਬਾਬਾ ਜੀ ਨੇ ਇੰਗਲੈਂਡ ਜਾਣ ਦਾ ਪ੍ਰੋਗਰਾਮ ਬਣਾ ਲਿਆ। ਭਾਈ ਗੁਰਦੀਪ ਸਿੰਘ, ਭਾਈ ਕੁਲਬੀਰ ਸਿੰਘ ਤੇ ਸ੍ਰੀ ਰਸ਼ਪਾਲ ਮਲਹੋਤਰਾ ਜੀ ਵੀ ਬਾਬਾ ਜੀ ਅਤੇ ਬੀਜੀ ਦੀ ਸੰਗਤ ਵਿਚ ਸ਼ਾਮਲ ਸਨ। ਬਾਬਾ ਜੀ ਕੋਈ ਇਕ ਸਾਲ ਤੋਂ ਜਦ ਤੋਂ ਉਨ੍ਹਾਂ ਦੀ ਬਾਈਪਾਸ ਸਰਜਰੀ ਦਾ ਉਪਰੇਸ਼ਨ ਹੋਇਆ ਹੈ, ਸਰੀਰ ਕਰਕੇ ਅਰੋਗ ਨਹੀਂ ਸਨ ਪਰ ਸੰਗਤ ਨੂੰ ਕਦੇ ਵੀ ਉਨ੍ਹਾਂ ਨੇ ਇਹ ਭਾਵ ਮਹਿਸੂਸ ਨਹੀਂ ਹੋਣ ਦਿਤਾ। ਚਿਹਰੇ ਉਤੇ ਸਦਾ ਹੀ ਉਹੀ ਨੂਰ ਤੇ ਮੁਸਕਾਨ ਝਲਕਾਂ ਮਾਰਦੀ ਰਹੀ ਹੈ। ਇੰਗਲੈਂਡ ਦੇ ਪ੍ਰੇਮੀਆਂ ਖਾਸ ਕਰਕੇ ਸ. ਅਰਵਿੰਦਰ ਸਿੰਘ ਤੱਖੜ (ਰਾਜ) ਵੱਲੋਂ ਬਾਰ-ਬਾਰ ਫੋਨ ਆ ਰਹੇ ਸਨ ਕਿ ਆਪ ਜੀ ਇਕ ਦਫਾ ਆ ਕੇ ਚੈਕਅਪ ਜ਼ਰੂਰ ਕਰਵਾਉਣ ਦੀ ਕ੍ਰਿਪਾਲਤਾ ਕਰੋ ਕਿਉਂਕਿ ਡਾਕਟਰਾਂ ਦਾ ਐਸਾ ਹੀ ਮਸ਼ਵਰਾ ਸੀ। ਰਤਵਾੜਾ ਸਾਹਿਬ ਦੇ ਸੂਝਵਾਨ ਪ੍ਰੇਮੀਆਂ ਵੱਲੋਂ ਤੇ ਸੰਗਤ ਵੱਲੋਂ ਵੀ ਬਾਰ ਬਾਰ ਇਹ ਬੇਨਤੀ ਕੀਤੀ ਜਾਂਦੀ ਸੀ ਕਿ ਸੰਗਤਾਂ ਦੀ ਸੇਵਾ ਵਾਸਤੇ ਆਪ ਜੀ ਦੀ ਸਿਹਤ ਬਹੁਤ ਜ਼ਰੂਰੀ ਹੈ ਤੇ ਆਪ ਜੀ ਨੂੰ ਇਸ ਤੇ ਗੌਰ ਕਰਨਾ ਚਾਹੀਦਾ ਹੈ ਤੇ ਜਲਦੀ ਇਲਾਜ ਲਈ ਇੰਗਲੈਂਡ ਜਾਣਾ ਜ਼ਰੂਰੀ ਹੈ। ਆਪਣੇ ਤੌਰ ਤੇ ਮਹਾਂਪੁਰਸ਼ ਇਸ ਨੂੰ ਬਹੁਤ ਗੰਭੀਰਤਾ ਨਾਲ ਨਹੀਂ ਲੈ ਰਹੇ ਸਨ ਕਿਉਂਕਿ ਉਹ ਹਮੇਸ਼ਾ ਸਰੀਰ ਤੋਂ ਉਪਰ ਦੀ ਅਵਸਥਾ ਆਤਮਿਕ ਮੰਡਲ ਵਿਚ ਵਿਚਰਿਆ ਕਰਦੇ ਹਨ। ਸਗੋਂ ਦੂਸਰਿਆਂ ਦੇ ਦੁਖ ਨਵਿਰਤ ਕਰਨ ਲਈ ਆਪਣੇ ਸਰੀਰ ਦੀ ਪ੍ਰਵਾਹ ਨਹੀਂ ਕਰਿਆ ਕਰਦੇ।

ਇਕ ਦਿਨ ਸੰਗਤ ਐਤਵਾਰ ਦੇ ਦੀਵਾਨ ਵਿਚ ਜੁੜੀ ਹੋਈ ਸੀ ਤਾਂ ਆਪ ਜੀ ਨੇ ਸਹਿਜ ਸੁਭਾਅ ਹੀ ਸੰਗਤ ਵਿਚ ਪ੍ਰਗਟ ਕੀਤਾ ਕਿ ਇਹ ਕੋਈ ਖਾਸ ਨਹੀਂ ਹੈ, ਡਾਕਟਰ ਵੀ ਕਹਿ ਰਹੇ ਹਨ ਕਿ ਇਲਾਜ ਕਰਵਾ ਲਉ। ਇਸ ਨੂੰ ਫਰੈਡਲੀ ਲਿੰਮਕਨ ਕਹਿੰਦੇ ਹਨ ਜਦ ਕਿ ਆਮ ਜਨਸਾਧਾਰਨ ਦੀ ਤਾਂ ਗੱਲ ਛੱਡੋ, ਵੱਡੇ ਵੱਡੇ ਸੂਝਵਾਨ ਤੇ ਧੀਰਜ ਰੱਖਣ ਵਾਲਿਆਂ ਨੂੰ ਵੀ ਇਹ ਸ਼ਬਦ ਸੁਣ ਕੇ ਕੰਬਣੀ ਛਿੜ ਜਾਂਦੀ ਹੈ ਤੇ ਭਵਿੱਖ ਭੈਅ-ਭੀਤ ਲੱਗਣ ਲਗ ਜਾਂਦਾ ਹੈ। ਇਨ੍ਹਾਂ ਦਾ ਧੀਰਜ ਤੇ ਨਿਰਭੈਤਾ ਤੇ ਚੜ੍ਹਦੀ ਕਲਾ ਵਾਲਾ ਜੀਵਨ ਸਭ ਨੂੰ ਧੀਰਜ-ਧਾਮ ਬਣਾਏ ਰੱਖਣ ਦੀ ਸੇਧ ਦੇ ਰਿਹਾ ਹੈ। ਆਪ ਜੀ ਅਕਸਰ ਇਹ ਬਚਨ ਕਰਿਆ ਕਰਦੇ ਹਨ ਕਿ ਇਹ ਸਰੀਰ ਗੁਰੂ ਮਹਾਰਾਜ ਦੇ ਨਮਿਤ ਤੇ ਸੰਗਤਾਂ ਦੀ ਸੇਵਾ ਲਈ ਹੈ ਤੇ ਜਦੋਂ ਤਕ ਕਾਇਮ ਹੈ ਇਹ ਜਨ ਸਾਧਾਰਨ ਦੇ ਭਲੇ ਲਈ ਅਤੇ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਨੂੰ ਸੰਸਾਰ ਦੇ ਕੋਨੇ ਕੋਨੇ ਤਕ ਪਹੁੰਚਾਉਣ ਹਿਤ ਆਖਰੀ ਸ੍ਵਾਸ ਤਕ ਯਤਨਸ਼ੀਲ ਰਹੇਗਾ।

ਸਤਿਕਾਰਯੋਗ ਬੀਜੀ ਇੰਗਲੈਂਡ ਤੋਂ ਵਾਪਸ ਪਹੁੰਚ ਚੁੱਕੇ ਹਨ ਤੇ ਆਪਣੀ ਮੌਜ ਨਾਲ ਹੀ ਵਿਚਰਦੇ ਹਨ। ਉਨ੍ਹਾਂ ਦੀ ਸਿਹਤ ਵੀ ਭਾਵੇਂ ਠੀਕ ਨਹੀਂ ਪਰੰਤੂ ਚੜ੍ਹਦੀ ਕਲਾ ਵਿਚ ਰਹਿੰਦੇ ਹਨ। ਸੰਗਤ ਨੂੰ ਉਨ੍ਹਾਂ ਦੇ ਪਹੁੰਚਣ ਨਾਲ ਬਹੁਤ ਹੌਂਸਲਾ ਮਿਲਿਆ ਹੈ। ਜਿਸ ਹਾਲਤ ਵਿਚ ਬਾਬਾ ਜੀ ਵਿਦੇਸ਼ ਵਿਚ ਇਲਾਜ ਲਈ ਗਏ ਹਨ, ਅਜਿਹੀ ਸਥਿਤੀ ਦਾ ਸਾਮ੍ਹਣਾ ਕਰਨਾ ਆਮ ਬੰਦੇ ਦੇ ਵਸ ਦੀ ਗੱਲ ਨਹੀਂ ਹੋਇਆ ਕਰਦੀ। ਇਹ ਇਕ ਆਤਮ ਰਸੀਏ ਮਹਾਂਪੁਰਸ਼ ਦਾ ਹੀ ਕਰਤੱਵ ਹੋਇਆ ਕਰਦਾ ਹੈ।

ਮਹਾਂਪੁਰਸ਼ਾਂ ਦਾ ਸੰਗਤ ਨਾਲ ਅਥਾਹ ਪਿਆਰ ਹੈ। ਉਹ ਅਕਸਰ ਇਹ ਦੱਸਿਆ ਕਰਦੇ ਹਨ ਕਿ ਸਾਰਿਆਂ ਦੇ ਪ੍ਰੇਮ ਦੀ ਤਾਰ ਉਨ੍ਹਾਂ ਦੇ ਹਿਰਦੇ ਨੂੰ ਹਮੇਸ਼ਾ ਟੁੰਬਦੀ ਰਹਿੰਦੀ ਹੈ। ਇਸੇ ਤਰ੍ਹਾਂ ਸੰਗਤ ਵੀ ਮਹਾਂਪੁਰਸ਼ਾਂ ਦੇ ਦਰਸ਼ਨਾਂ ਲਈ ਬੇਕਰਾਰ ਤੇ ਉਡੀਕ ਵਿਚ ਹੈ ਕਿ ਬਾਬਾ ਜੀ ਛੇਤੀ ਤੋਂ ਛੇਤੀ ਸਿਹਤਯਾਬ ਹੋ ਕੇ ਇੰਗਲੈਂਡ ਤੋਂ ਵਾਪਸ ਆਉਣ। ਹਰ ਐਤਵਾਰ ਦੇ ਦੀਵਾਨ ਵਿਚ ਬਹੁਤ ਸੰਗਤਾਂ ਬਾਬਾ ਜੀ ਦੇ ਠੀਕ ਹੋਣ ਲਈ ਅਰਦਾਸਾਂ ਕਰਦੀਆਂ ਰਹਿੰਦੀਆਂ ਹਨ। ਅਨੇਕਾਂ ਪ੍ਰੇਮੀ ਜਪੁਜੀ ਸਾਹਿਬ ਦੇ ਪਾਠ ਤੇ ਰੱਖਿਆ ਦੇ ਸ਼ਬਦਾਂ ਦੇ ਪਾਠ ਬਾਬਾ ਜੀ ਦੀ ਚੰਗੀ ਸਿਹਤ ਲਈ ਕਰ ਰਹੇ ਹਨ। ਸੰਗਤਾਂ ਦੀ ਆਪਣੀ ਸ਼ਰਧਾ ਹੈ ਤੇ ਉਨ੍ਹਾਂ ਨੂੰ ਪਿਆਰੇ ਦੇ ਪਿਆਰੇ ਨਾਲ ਅਥਾਹ ਪਿਆਰ ਹੈ ਤੇ ਇਹ ਪਿਆਰ ਦੇ ਪ੍ਰਗਟਾਵੇ ਵੱਲੋਂ ਕੀਤਾ ਜਾਣਾ ਸੁਭਾਵਿਕ ਹੀ ਹੈ।

ਐਸ ਵੇਲੇ ਇੰਗਲੈਂਡ ਵਿਖੇ ਬਰਮਿੰਘਮ ਦੇ ਵਿਸ਼ੇਸ਼ ਹਸਪਤਾਲ ਵਿਚ ਉਨ੍ਹਾਂ ਦਾ ਇਲਾਜ ਚਲ ਰਿਹਾ ਹੈ ਅਤੇ ਉਨ੍ਹਾਂ ਨੂੰ ਹਰ ਹਫਤੇ ਦਵਾਈ ਦਾ ਅਸਰ ਚੈਕਅਪ ਕਰਵਾਉਣ ਲਈ ਲੰਡਨ ਤੋਂ ਉਥੇ ਜਾਣਾ ਪੈਂਦਾ ਹੈ। ਬਹੁਤ ਹੀ ਕਾਬਲ ਡਾਕਟਰ ਉਨ੍ਹਾਂ ਦੀ ਦੇਖ ਰੇਖ ਕਰ ਰਹੇ ਹਨ। ਸਾਰਾ ਤੱਖੜ ਪਰਿਵਾਰ ਹਰ ਵਕਤ ਬਾਬਾ ਜੀ ਦੀ ਦੇਖ ਰੇਖ ਵਿਚ ਰਹਿ ਰਹੇ ਹਨ। ਇੰਗਲੈਂਡ ਦੀ ਸਾਰੀ ਸੰਗਤ ਵੀ ਬਾਬਾ ਜੀ ਦੀ ਚੰਗੀ ਸਿਹਤ ਲਈ ਵਾਹਿਗੁਰੂ ਅੱਗੇ ਅਰਜੋਈਆਂ ਕਰ ਰਹੀ ਹੈ। ਇਸੇ ਤਰ੍ਹਾਂ ਅਮਰੀਕਾ, ਕੈਨੇਡਾ, ਆਸਟਰੇਲੀਆ ਜਿਥੇ ਜਿਥੇ ਵੀ ਪ੍ਰੇਮੀਆਂ ਨੂੰ ਪਤਾ ਲੱਗ ਰਿਹਾ ਹੈ ਸਾਰਿਆਂ ਦੇ ਮਨਾਂ ਵਿਚ ਬਾਬਾ ਜੀ ਦੀ ਸਿਹਤ ਬਾਰੇ ਪੂਰੀ ਜਾਣਕਾਰੀ ਜਾਨਣ ਦਾ ਤੌਖਲਾ ਹੈ ਕਿਉਂਕਿ ਆਤਮ ਮਾਰਗ ਰਾਹੀਂ ਦਿਤੇ ਜਾ ਰਹੇ ਆਤਮਕ ਉਪਦੇਸ਼ ਰਾਹੀਂ ਸੰਗਤਾਂ ਨਾਲ ਪਿਆਰ ਦੀ ਪੀਡੀ ਗੰਢ ਪੈ ਚੁੱਕੀ ਹੈ। ਸਾਰਿਆਂ ਦੀਆਂ ਨਜ਼ਰਾਂ ਬਾਬਾ ਜੀ ਦੀ ਚੰਗੀ ਸਿਹਤ ਦੀ ਖਬਰ ਜਾਨਣ ਬਾਰੇ ਉਤਸੁਕ ਹਨ ਅਤੇ ਸਾਰਿਆਂ ਵਲੋਂ ਇਹੀ ਅਰਦਾਸਾਂ ਹੋ ਰਹੀਆਂ ਹਨ ਕਿ ਜਲਦੀ ਤੋਂ ਜਲਦੀ ਬਾਬਾ ਜੀ ਠੀਕ ਹੋ ਕੇ ਰਤਵਾੜਾ ਸਾਹਿਬ ਪਹੁੰਚਣ ਅਤੇ ਵਿਦੇਸ਼ਾਂ ਦੀਆਂ ਸੰਗਤਾਂ ਨੂੰ ਆਪਣੀ ਪ੍ਰਚਾਰ ਫੇਰੀ ਰਾਹੀਂ ਪ੍ਰਵਚਨ ਸੁਣਾ ਕੇ ਨਿਹਾਲ ਕਰਨ।

ਰਤਵਾੜਾ ਸਾਹਿਬ ਵਿਖੇ ਆਪ ਜੀ ਵੱਲੋਂ ਅਨੇਕਾਂ ਕਾਰਜ ਸੰਚਾਲਤ ਹੋ ਰਹੇ ਹਨ, ਜਿਸ ਵਿਚ ਵਿਸ਼ੇਸ਼ ਕਰਕੇ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸਕੂਲ ਦੀ ਸ਼ੁਰੂਆਤ ਕੀਤੀ ਗਈ ਹੈ ਅਤੇ ਨਾਲ ਦੀ ਨਾਲ ਸਕੂਲ ਦੀ ਬਿਲਡਿੰਗ ਦੀ ਉਸਾਰੀ ਹੋ ਰਹੀ ਹੈ, ਇਨਫਰਮੇਸ਼ਨ ਟੈਕਨਾਲੌਜੀ ਦਾ ਇਨਸਟੀਚਿਊਟ ਅਰੰਭ ਹੋ ਗਿਆ ਹੈ, ਹੋਰ ਅਨੇਕਾਂ ਪ੍ਰੋਜੈਕਟ ਆਤਮ ਮਾਰਗ ਮੈਗਜ਼ੀਨ, ਪੁਸਤਕਾਂ ਦੀ ਛਪਾਈ ਆਦਿ ਚਲ ਰਹੇ ਹਨ। ਇਹ ਸਭ ਕਾਰਜ ਬਾਬਾ ਜੀ ਦੀ ਦੇਖ ਰੇਖ ਅਤੇ

ਸੇਧ ਤੇ ਮਾਰਗ ਦਰਸ਼ਨ ਵਿਚ ਸੰਪੰਨ ਹੋ ਰਹੇ ਹਨ। ਉਨ੍ਹਾਂ ਦੀ ਰੂਹਾਨੀ ਸਖਸ਼ੀਅਤ ਦੀ ਹਾਜ਼ਰੀ ਦੀ ਘਾਟ ਸਾਰੀ ਸੰਗਤ ਨੂੰ ਬਹੁਤ ਮਹਿਸੂਸ ਹੋ ਰਹੀ ਹੈ ਅਤੇ ਸਾਰੀ ਸੰਗਤ ਉਨ੍ਹਾਂ ਬਿਨਾਂ ਉਪਰਾਮ ਹੋ ਰਹੀ ਹੈ।

ਬਾਬਾ ਜੀ ਦੇ ਜਥੇ ਭਾਈ ਲਖਬੀਰ ਸਿੰਘ, ਭਾਈ ਹਰਪਾਲ ਸਿੰਘ, ਭਾਈ ਕੁਲਬੀਰ ਸਿੰਘ ਤੇ ਭਾਈ ਮਨਜੀਤ ਸਿੰਘ ਇੰਗਲੈਂਡ ਇਕ ਮਹੀਨਾ ਵੱਖ ਵੱਖ ਅਸਥਾਨਾਂ ਤੇ ਦੀਵਾਨ ਲਗਾ ਕੇ ਬਾਬਾ ਜੀ ਦੇ ਹੁਕਮ ਅਨੁਸਾਰ ਪ੍ਰਚਾਰ ਹਿਤ ਅਮਰੀਕਾ ਵਿਚ ਦੀਵਾਨ ਲਗਾ ਰਹੇ ਹਨ। ਸਿਹਤ ਠੀਕ ਹੋਣ ਤੇ ਬਾਬਾ ਜੀ ਵੀ ਅਮਰੀਕਾ ਤੇ ਕੈਨੇਡਾ ਵਿਚ ਪ੍ਰਚਾਰ ਫੇਰੀ ਲਈ ਜਾਣਗੇ ਕਿਉਂਕਿ ਉਥੇ ਦੀਆਂ ਸੰਗਤਾਂ ਵੀ ਬਹੁਤ ਉਤਾਵਲੀਆਂ ਹੋ ਰਹੀਆਂ ਹਨ ਅਤੇ ਅੱਖਾਂ ਵਿਛਾਈ ਉਡੀਕ ਕਰ ਰਹੀਆਂ ਹਨ ਕਿ ਕਦੋਂ ਇਥੇ ਆਉਣ ਤੇ ਆਪਣੇ ਪ੍ਰਵਚਨਾਂ ਤੇ ਕੀਰਤਨ ਦੁਆਰਾ ਨਿਹਾਲ ਕਰਕੇ ਸੰਗਤ ਨੂੰ ਇਹ ਸੁਨਹਿਰੀ ਅਵਸਰ ਪ੍ਰਦਾਨ ਕਰਨ।

ਵਾਹਿਗੁਰੂ ਅੱਗੇ ਅਰਦਾਸ ਹੈ ਕਿ ਉਹ ਜਲਦੀ ਤੋਂ ਜਲਦੀ ਚੰਗੀ ਸਿਹਤ ਲੈ ਕੇ ਮੁੜ ਸੰਗਤਾਂ ਵਿਚ ਪੁੱਜ ਕੇ ਖੁਲ੍ਹੇ ਦਰਸ਼ਨ ਬਖਸ਼ਿਸ਼ ਕਰਨ ਤੇ ਰੂਹਾਨੀ ਪ੍ਰਵਚਨਾਂ ਦੁਆਰਾ ਸੰਗਤ ਨੂੰ ਪਹਿਲਾਂ ਦੀ ਤਰ੍ਹਾਂ ਨਿਹਾਲ ਕਰਦੇ ਰਹਿਣ। ਗੁਰਮਤਿ ਪ੍ਰਚਾਰ ਤੇ ਸੰਸਾਰ ਦੇ ਭਲੇ ਲਈ ਸਤਿਗੁਰੂ ਉਨ੍ਹਾਂ ਨੂੰ ਸਰੀਰਕ ਤੰਦਰੁਸਤੀ ਬਖਸ਼ਣ ਅਤੇ ਲੰਮੀ ਆਰਜ਼ੂ ਬਖਸ਼ਣ ਦੀ ਕ੍ਰਿਪਾਲਤਾ ਕਰਨ। ਇਹੋ ਸਾਰੀ ਸੰਗਤ ਦੀ ਅਰਦਾਸ ਹੈ।

ਮਹਾਂਪੁਰਸ਼ਾਂ ਦਾ ਜੀਵਨ ਨਿਜੀ ਹਿਤ ਲਈ ਨਹੀਂ ਹੁੰਦਾ ਸਗੋਂ ਦੂਜਿਆਂ ਦੇ ਭਲੇ ਲਈ ਪਰਉਪਕਾਰ ਲਈ ਹੁੰਦਾ ਹੈ। ਸੇਵਾ ਤੇ ਸਿਮਰਨ ਹੀ ਉਨ੍ਹਾਂ ਦੇ ਜੀਵਨ ਦੇ ਧੇਅ ਹੁੰਦੇ ਹਨ। ਉਹ ਸਦਾ ਨਾਮ ਨਾਲ ਜੁੜੇ ਰਹਿੰਦੇ ਹਨ ਅਤੇ ਦੂਜਿਆਂ ਨੂੰ ਨਾਮ ਨਾਲ ਜੋੜ ਕੇ ਸੁਖ ਸ਼ਾਂਤੀ, ਸਹਿਜ ਅਤੇ ਅਡੋਲਤਾ ਦਾ ਜੀਵਨ ਜੀਉਣ ਦੀ ਜੁਗਤਿ ਦਸਦੇ ਹਨ। ਅੱਜ ਸਾਰਾ ਸੰਸਾਰ ਮਾਇਕ ਪ੍ਰਾਪਤੀਆਂ ਦੀ ਅੰਨੀ ਦੌੜ ਵਿਚ ਹਫ ਰਿਹਾ ਹੈ, ਸਾਹੋ ਸਾਹ ਹੋਇਆ ਸੁਖ-ਸ਼ਾਂਤੀ ਲਈ ਬੇਚੈਨ ਹੋ ਰਿਹਾ ਹੈ। ਬਾਬਾ ਜੀ ਇਸ ਸੜਦੇ ਬਲਦੇ ਸੰਸਾਰ ਨੂੰ ਨਾਮ-ਅੰਮ੍ਰਿਤ ਦੀ ਜੁਗਤਿ ਦਸ ਕੇ ਠੰਢ ਵਰਤਾ ਰਹੇ ਹਨ, ਆਪ ਨਾਮ-ਅੰਮ੍ਰਿਤ ਸਦਕਾ 'ਸਦਾ ਵਿਗਾਸ' ਦੀ ਅਵਸਥਾ ਵਿਚ ਰਹਿੰਦੇ ਹਨ ਅਤੇ ਸੰਗਤਾਂ ਨੂੰ ਗੁਰੂ ਪ੍ਰੇਮ ਵਿਚ ਪਰੋ ਕੇ ਨਾਮ-ਅੰਮ੍ਰਿਤ ਨਾਲ ਜੋੜ ਕੇ ਉਚਾ ਸੁੱਚਾ ਸੁਖੀ ਸੁਹੇਲਾ ਜੀਵਨ ਬਖਸ਼ਿਸ਼ ਕਰ ਰਹੇ ਹਨ। ਜਿਵੇਂ ਜਿਵੇਂ ਗੁਰੂ ਦਾ ਹੁਕਮ ਹੈ, ਤਿਵੇਂ ਤਿਵੇਂ ਆਪ ਜੀ ਵੱਖ-ਵੱਖ ਦੇਸ਼ਾਂ ਵਿਚ ਵਿਚਰ ਕੇ ਗੁਰੂ ਘਰ ਦੀ ਅਮੋਲ ਵਸਤੂ "ਤੇਰਾ ਏਕ ਨਾਮ ਤਾਰੇ ਸੰਸਾਰ" ਸੰਗਤਾਂ ਵਿਚ ਵੰਡ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰ ਰਹੇ ਹਨ। ਸਰਬੱਤ ਦਾ ਭਲਾ ਮੰਗਣ ਵਾਲੇ ਇਕ ਥਾਂ ਸੀਮਤ ਨਹੀਂ ਰਹਿ ਸਕਦੇ, ਆਪ ਜੀ ਅਵੱਸ਼ ਦੂਰ ਦੁਰਾਡੇ ਬੈਠੀਆਂ ਸੰਗਤਾਂ ਨੂੰ ਗੁਰੂ-ਘਰ ਨਾਲ ਜੋੜੋ, ਗੁਰਮਤਿ ਦੀ ਸਹੀ ਸੇਧ ਪ੍ਰਦਾਨ ਕਰੋ ਅਤੇ ਮੁੜ ਵਤਨਾ ਨੂੰ ਪਰਤ ਕੇ ਏਥੇ ਬਿਹਬਲ ਹੋ ਰਹੀਆਂ ਸੰਗਤਾਂ ਨੂੰ ਦਰਸ਼ਨ ਦੀਦਾਰ ਬਖਸ਼ੋ! ਆਪ ਜੀ ਦੀਦਾਰਾਂ ਦੀ ਉਡੀਕ ਵਿਚ ਰਤਵਾੜਾ ਸਾਹਿਬ ਦੀ ਸਮੂੰਹ ਸੰਗਤ ਅੱਖਾਂ ਵਿਛਾਈ ਬੈਠੀ ਹੈ!!!

★★★★★★★

(ਇਥੋਂ ਕੱਟ ਕੇ ਭੇਜੋ ਜੀ)

# Annual/Life Membership Form - Atam Marg

## ਸਾਲਾਨਾ/ਲਾਈਫ ਮੈਂਬਰਸ਼ਿਪ ਫਾਰਮ – ਆਤਮ ਮਾਰਗ

(ਇਹ ਫਾਰਮ ਭਰ ਕੇ 'ਦਫਤਰ 'ਆਤਮ ਮਾਰਗ' ਰਤਵਾੜਾ ਸਾਹਿਬ, ਡਾਕਖਾਨਾ : ਮੁਲਾਂਪੁਰ ਗਰੀਬਦਾਸ, ਜ਼ਿਲਾ ਰੋਪੜ 140901 ਨੂੰ ਭੇਜੋ ਜੀ)

1. ਜੇ ਆਪ ਪਹਿਲਾਂ ਤੋਂ 'ਆਤਮ ਮਾਰਗ' ਦੇ ਮੈਂਬਰ ਹੋ ਤਾਂ ਪਹਿਲਾ ਮੈਂਬਰਸ਼ਿਪ ਨੰਬਰ ਲਿਖੋ ਜੀ........................
2. ਨਾਮ/ Name..........................................................................
3. ਪਿਤਾ ਦਾ ਨਾਮ/Father's Name.............................................
4. ਪੂਰਾ ਪਤਾ/Full address........................................................

.......................................................

.......................................................

PINCODE.......................Telephone..............

ਮੈਂ ..................... ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.........................ਮਿਤੀ.............................ਰਾਹੀਂ ਭੇਜ ਰਿਹਾ ਹਾਂ। ਮੈਂ **ਸਾਲਾਨਾ/ਲਾਈਫ** ਮੈਂਬਰ ਬਣ ਕੇ ਸਤਿਗੁਰੂ ਜੀ ਦੀ ਨਦਰ ਅਤੇ ਮਹਾਂਪੁਰਸ਼ਾਂ ਦੀਆਂ ਅਸੀਸਾਂ ਦਾ ਪਾਤਰ ਬਣਿਆ ਹਾਂ ਜਿਸ ਦੀ ਮੈਨੂੰ ਬਹੁਤ ਪ੍ਰਸੰਨਤਾ ਹੈ।

ਦਸਤਖਤ.................................

ਨਾਮ.................................

# ਦੀਦਾਰ ਲੋਚਾ

ਹਰ ਦਮ ਦਿਲ ਵਿਚ ਵਸਦੀ ਰਹਿੰਦੀ
ਤੇਰੀ ਯਾਦ ਸਾਹਿਬਾ,
ਅੱਖੀਆਂ ਹਰ ਪਲ ਲੋਚਣ ਤੇਰਾ ਦੀਦਾਰ ਸਾਹਿਬਾ।
ਭਾਵੇਂ ਵਸਦਾ ਸਾਰਾ ਸੰਸਾਰ,
ਸਭ ਨੂੰ ਆਪਣਾ ਆਪਣਾ ਪਿਆਰ,
ਕੋਈ ਕਿਸੇ ਦਾ ਕਿਸੇ ਦਾ ਕੋਈ,
ਦੁਨੀਆਂ ਆਸਾਂ ਨਾਲ ਪਰੋਈ।
ਸਾਨੂੰ ਤੇਰੀ ਹੀ ਬਸ ਰਹਿੰਦੀ ਇੰਤਜ਼ਾਰ ਸਾਹਿਬਾ,
ਹਰ ਦਮ ਦਿਲ ਵਿਚ,.........।
ਕੋਈ ਹੱਜ ਲਈ ਤੁਰ ਗਿਆ ਮੱਕੇ,
ਕੋਈ ਤੀਰਥਾਂ ਦਾ ਰਾਹ ਪਿਆ ਤੱਕੇ,
ਕੋਈ ਬੈਠ ਸਮਾਧੀ ਲਾਵੇ,
ਕੋਈ ਸਾਧਨਾ ਸਿਧਿ ਕਮਾਵੇ।
ਸਾਨੂੰ ਯਾਦ ਤੇਰੀ ਬਸ ਆਵੇ, ਬਾਰ ਬਾਰ ਸਾਹਿਬਾ।
ਹਰ ਦਮ ਦਿਲ ਵਿਚ..........।
ਤੇਰਾ ਸਾਰਾ ਹੈ ਸੰਸਾਰ,
ਤੈਨੂੰ ਸਭ ਦੇ ਨਾਲ ਪਿਆਰ
ਭਾਵੇਂ ਜਿਥੇ ਵੀ ਕੋਈ ਵੱਸੇ,
ਤੇਰੇ ਦਰਸ਼ਨਾਂ ਨੂੰ ਤੱਕੇ,
ਕਦੋਂ ਆ ਕੇ ਲਵੋਗੇ ਸਾਡੀ ਸਾਰ ਸਾਹਿਬਾ।
ਹਰ ਦਮ ਦਿਲ ਵਿਚ.........।
ਤੂੰ ਭਾਵੇਂ ਸਭਨਾਂ ਲਈ ਹੋਇਆ
ਐਧਰ ਅਸੀਂ ਤੇਰੇ ਜੋਗੇ ਹੋਏ,
ਸਾਡੀ ਜਿਹੜੀ ਵੀ ਉਮੰਗ
ਤੇਰੇ ਚਰਨਾਂ 'ਚੋਂ ਲਈਏ,
ਸਿਰ ਤੇ ਹੱਥ ਰੱਖ ਕੇ, ਕਰਦੇ ਬੇੜਾ ਪਾਰ ਸਾਹਿਬਾ।
ਚਰਨਜੀਤ ਨਿਮਾਣੀ ਔਗੁਣ ਨਾ ਚਿਤਾਰ ਸਾਹਿਬਾ।
ਹਰ ਦਮ ਦਿਲ ਵਿਚ ਵਜਦੀ ਰਹਿੰਦੀ ਤੇਰੀ ਤਾਰ ਸਾਹਿਬਾ।
ਅੱਖੀਆਂ ਹਰ ਪਲ ਲੋਚਣ, ਤੇਰਾ ਦੀਦਾਰ ਸਾਹਿਬਾ!

***ਚਰਨਜੀਤ ਕੌਰ***

## ਜੇ ਕਦੀ ਤੁਹਾਨੂੰ 'ਆਤਮ ਮਾਰਗ' ਨਾ ਮਿਲੇ!!!

ਆਪ ਜੀ ਸਭ ਪਾਠਕਾਂ ਨੂੰ ਵਿਦਿਤ ਹੈ ਕਿ 'ਆਤਮ ਮਾਰਗ' ਬੜੇ ਸੋਹਣੇ ਸੁਚੱਜੇ ਅਤੇ ਸੁਥਰੇ ਢੰਗ ਨਾਲ **ਮਹੀਨੇ ਦੀ ਪਹਿਲੀ ਤਾਰੀਖ** ਨੂੰ ਪੋਸਟ ਕਰ ਦਿਤਾ ਜਾਂਦਾ ਹੈ। ਰਸਤੇ ਦੀ ਕਿਸੇ ਰੁਕਾਵਟ ਜਾਂ ਅਣਗਹਿਲੀ ਕਾਰਨ ਜੇ ਆਪ ਜੀ ਨੂੰ 10 ਤਰੀਕ ਤਕ ਮੈਗਜ਼ੀਨ ਨਹੀਂ ਮਿਲਦਾ ਤਾਂ ਕੇਵਲ –

**ਦਫਤਰ ਆਤਮ ਮਾਰਗ ਫੋਨ ਨੰਬਰ –**

**01888–255001**

**01888–255002**

ਨਾਲ ਸੰਪਰਕ ਕਰੋ, ਹੋਰ ਨੰਬਰਾਂ ਤੇ ਨਹੀਂ। ਆਤਮ ਮਾਰਗ ਦਾ ਸਾਰਾ ਕੰਮ ਕੰਪਿਊਟਰ ਰਾਹੀਂ ਹੁੰਦਾ ਹੈ। ਇਨ੍ਹਾਂ ਫੋਨ ਨੰਬਰਾਂ ਤੇ ਆਪ ਜੀ ਨੂੰ ਤੁਰੰਤ ਅਤੇ ਸਹੀ ਜਾਣਕਾਰੀ ਪ੍ਰਾਪਤ ਹੋ ਜਾਵੇਗੀ।

**ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ (ਸਕੂਲ) ਦੇ ਫੋਨ ਨੰਬਰ –** 01888–255005, 255006

**ਇੰਟਰਨੈਸ਼ਨਲ ਡੀਵਾਈਨ ਇਨਸਟੀਚਿਊਟ ਔਫ ਟੈਕਨਾਲੌਜੀ –** 01888–255007, 255008, 255009